ਪ੍ਰੇਰਨਾ

ਲੇਖਕਾ:
ਜਸਵਿੰਦਰ ਕੌਰ ਰਿਸ਼ੀ

ਪ੍ਰੇਰਨਾ

ਲੇਖਕਾ:

ਜਸਵਿੰਦਰ ਕੌਰ 'ਰਿਸ਼ੀ'

Jaswinder Kaur Rishi
Ex. lect. Psychology
K.M.R.D. Jain College
Malerkotla (Pb.), INDIA

Address:
31, central Ave
Piscalaway, N.J 08854
USA
Cell:**732-429-4657**
Home:732-474-0053
732-893-0093
E-mail: Just_jassi1234@yahoo.com

Address India:
C/o Dr. Pritpal Singh
H.No. 1740, Alley No. 2,
Bank Colony
Haibowal Kalan, Ludhiana
Mobile India: 98764-43707

ਸਮਰਪਣ

ਮੇਰੀ ਇਹ ਕਿਤਾਬ ਰਬ ਦੇ ਉਹਨਾਂ ਪਿਆਰਿਆਂ ਨੂੰ ਸਮਰਪਿਤ ਹੈ ਜੋ ਮੇਰੇ ਦਿਲ 'ਚ ਵਸਦੇ ਹਨ ਤੇ ਹਮੇਸ਼ਾ-2 ਲਈ ਵਸਦੇ ਰਹਿਣਗੇ।

ਤਤਕਰਾ

ਪ੍ਰਮਾਤਮਾ 11
ਇਹ ਕੇਹਾ ਦਸਤੂਰ ਦਾਤਿਆ 12
ਮਾਤਾ ਤ੍ਰਿਪਤਾ ਜੀ ਦੇ ਲਾਲ 13
ਨਹੀਂ ਰੀਸਾਂ ਦਸ਼ਮੇਸ਼ ਪਿਤਾ ਦੀਆਂ 15
ਚੰਗੀ ਸੰਗਤ 16
ਨਨਕਾਣਾ ਸਾਹਿਬ 17
ਸਿੱਖੀ 'ਤੇ ਵਾਰ ਹੋ ਰਹੇ! 18
ਸ਼ਹੀਦ 19
ਸਿੱਖ ਕੌਮ ਹੈ ਸ਼ੇਰਾਂ ਦੀ ਕੌਮ ਬੱਚਿਓ 20
ਗੁਰੂ ਘਰ 21
ਚੜ੍ਹਦੀ ਕਲਾ ਵਿੱਚ ਰਹੇ ਖਾਲਸਾ! 22
ਉਹਨੂੰ ਨਾ ਵਿਸਾਰੀ ਤੂੰ 23
ਆਪਣੀਆਂ ਨਜ਼ਰਾਂ ਵਿੱਚ ਆਪ
ਮੈਂ ਗਿਰੀ ਜਾਵਾਂ! 24
ਕੱਲ, ਅੱਜ ਅਤੇ ਕੱਲ 25
ਮੈਂ ਇਕੱਲੀ ਸੜਕ 'ਤੇ ਤੁਰੀ ਜਾ ਰਹੀ ਹਾਂ 26
ਫੁਰਸਤ ਦੇ ਪਲ 27
ਤਸਵੀਰਾਂ ਮੂੰਹੋਂ ਨੇ ਬੋਲਦੀਆਂ 28
ਜਿੰਦਗੀ ਪਿਆਰੀ ਜੇਹੀ 29
ਦਿਲ ਦੀ ਧੜਕਨ ਰੁਕ ਜਾਂਦੀ 30
ਜੇ ਔਰਤ, ਔਰਤ ਦੇ ਦਰਦ ਨੂੰ
ਸਮਝ ਜਾਵੇ! 31
ਦਲੇਰ ਔਰਤ 32
ਮੇਰੇ ਪਿਆਰ 33
ਰਾਹ ਫੜੀਏ ਸਵੱਲੇ 34
ਮੰਗੇ ਨਾ ਕੁਝ ਵੀ ਦਾਜ ਦੇ ਨਾਂ ਤੇ 35
ਗ਼ਜ਼ਲ 36
ਸੱਸ ਵੀ ਤੇ ਮਾਂ ਹੀ ਹੈ ਹੁੰਦੀ 37
ਘਰ ਆਇਆ ਪ੍ਰਦੇਸੀ ਮਾਹੀਆ 38
ਕੌਣ ਕਹਿੰਦੈ ਅਜ਼ਾਦ ਹੈ ਔਰਤ! 39
ਕੰਮ ਏਦਾਂ ਹੀ ਚਲਦੇ ਰਹਿਣੇ ਨੇ 40
ਆਪੋਧਾਪੀ 42
ਅੰਮੀਏ 43
ਬਸ ਏਹੀਉ ਵੇਖਣ ਲਈ ਬੈਠੀ ਹਾਂ 44
ਦਿਲ ਦੁੱਖਾਂ ਥੱਲੇ ਦੱਬ ਗਿਐ.....! 45
ਰਿਸ਼ਤਿਆਂ ਦਾ ਕਰੋ ਬਚਾਅ! 46
ਮੈਂ ਗੂੰਗੀ 47
ਵੱਖਰਾ ਦੇਸ਼ 48
ਵਜ਼ੀਰ ਖਾਨ ਨੂੰ.....'ਰਿਸ਼ੀ' ਦੇ ਕੁੱਝ
ਸਵਾਲ.....? 49
ਪੱਥਰਾਂ ਦਾ ਸ਼ਹਿਰ 50
ਜੇਹੜੇ ਮਹਿਲ ਉਸਾਰਨ ਦੂਜਿਆਂ ਲਈ 51
ਉੱਠ ਜਾਗ ਮਨਾ! 52
ਇਬਾਦਤ ਕਰ! ਇਬਾਦਤ ਕਰ! 53
ਗ਼ਜ਼ਲ 54
ਰੋਟੀ ਦੀ ਖ਼ਾਤਰ 55
ਛੱਡ ਗਿਆ ਸਾਡਾ ਲਾਲ.... 56
ਆਪਣੇ ਰਾਹ ਮੈਂ ਆਪ ਬਣਾਵਾਂ 58
ਕਵਿਤਾ 59
ਭਲਾਈ ਸਾਰਿਆਂ ਦੀ ਕਰ....! 60
ਨੀ ਘੜੀਏ ਕੀ ਟਿਕ-ਟਿਕ ਲਾਈਆ 61
ਸੁਣ ਲੈ ਮਾਏਂ ਮੇਰੀਏ! 62
ਤੈਨੂੰ ਹਾਲ ਸੁਣਾਵਾਂ ਦਿਲ ਦਾ ਮੈਂ 63
ਨਾ ਮਾਰੋ! 64
'ਰਿਸ਼ੀ' ਉਹਦੇ ਰੰਗ ਵੇਖੀ ਜਾਹ! 65
ਗ਼ਜ਼ਲ 66
ਪੰਜਾਬੀ ਦੇ ਵਰਕੇ ਫੋਲ 67
ਮੋਮੀ ਹਿਰਦਾ 68
ਬਾਬਾ ਬੰਦਾ ਸਿੰਘ ਬਹਾਦਰ 69
ਬੋਲ ਤੂੰ ਮਿੱਠੜੇ ਬੋਲ 70
ਰੱਬ ਤੋਂ ਪਿਆਰਾ ਕੋਈ ਸੰਗ ਨਹੀਂ ਮੈਂ ਵੇਖਿਆ 71
ਉਹ ਉਹ ਗਿਆ! 73
ਬਾਬਲ ਤੇ ਅੰਮੜੀ ਦਾ ਵੇਹੜਾ 74
ਸਤਿਆਨਾਸ 75
ਰੱਖੜੀ ਦਾ ਤਿਉਹਾਰ 76
ਐਵੇਂ ਨਹੀਂ ਕਵਿਤਾ ਲਿਖ ਹੁੰਦੀ 77
ਪਲਾਨ 78
ਟੈਸ਼ਨ ਦੀ ਮਾਰੀ ਦੁਨੀਆ ਨੂੰ 79
ਰਿਸ਼ਤਾ 80
ਸੱਚ-ਸੱਚ ਦਸ ਮਾਏ ਮੇਰੀਏ! (ਸੱਚੀ ਘਟਨਾ) 81
ਫੇਸ ਬੁੱਕ ਬਈ ਫੇਸ ਬੁੱਕ 83
ਏਕ ਪਿਤਾ ਏਕਸ ਕੇ ਹਮ ਬਾਰਿਕ 84
ਗ਼ਜ਼ਲ 85
ਪੁਰਾਣਾ ਸਾਥ 86
ਅਨਮੋਲ ਸ਼ਹੀਦੀ 88
ਲੜ ਪੰਜਾਬੀ ਦਾ ਅਸੀਂ ਫੜੀਏ 89
ਫੁੱਲਾਂ ਦੀ ਕਿਆਰੀ 90
ਵੇ ਬਾਬਲਾ! ਧੀਆਂ ਕਿਉਂ ਵਿਆਹੀਆਂ ਪ੍ਰਦੇਸ? 91
ਨਿੱਕੀ ਜੇਹੀ ਧੀ ਸਾਡੀ! 92
ਕੁਝ ਕੁ ਸਵਾਲ! 93
ਮੁਬਾਰਕ! ਜਨਮ ਦਿਨ ਖਾਲਸੇ ਦਾ 94
ਖਿੱਚ 95
ਅਠਾਈ ਸਾਲ 96
ਸਰਦਾਰ ਊਧਮ ਸਿੰਘ ਜੀ ਸ਼ਹੀਦ 98
ਪੱਗ ਹੈ ਇੱਜ਼ਤ ਹਰੇਕ ਸਿੰਘ ਦੀ 99
ਵੀਜ਼ਾ 100
ਸ਼ਹੀਦੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ 101
ਲੀਡਰ 103
ਬਾਣੀ ਦਾ ਖਜ਼ਾਨਾ 104
ਮੋਹ 105
ਵਕਤ ਦੀ ਮਾਰ 107
ਬਾਬੂ ਜੀ, ਬੀਬੀ ਜੀ 108
ਚੰਨ ਮਾਮਾ-1 109
ਚੰਨ ਮਾਮਾ-2 110
ਫੈਸਲਾ 112
ਸਮਾਜ ਦੀ ਸੇਵਾ 113
ਭਵਿੱਖ ਦੇ ਵਿਚ ਕੀ ਹੋਵੇਗਾ? 114
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼
ਉਤਸਵ 'ਤੇ ਵਿਸ਼ੇਸ਼ 115
ਪ੍ਰੇਮ- ਪਿਆਰ ਦੀ ਗੱਲ ਕਰਾਂ ਮੈਂ 116
ਸੰਪੂਰਨ ਪਰਿਵਾਰ 117
ਸਖ਼ਤ ਕਾਨੂੰਨ 118
ਮਦਦਗਾਰ ਭਾਈ ਬਣਨਾ ਸਿੱਖੋ 119
ਆਜ਼ਾਦ ਭਾਰਤ ਦੇ ਵਾਰਿਸੋ! 120
ਇੱਕ ਖੂਬਸੂਰਤ ਔਰਤ! 121
ਪੀੜ ਦੀ ਪੀੜ 122
ਨਾ ਸਮਝੀਏ ਭਾਰ ਬਜ਼ੁਰਗਾਂ ਨੂੰ 123
ਨਾ ਉਹ ਵਕਤ ਨਾ ਘੜੀਆਂ ਰਹੀਆਂ 124
ਰੱਬ ਦੀ ਸੌਗਾਤ 125
ਨਸ਼ਿਆਂ ਦੀ ਭੈੜੀ ਮਾਰ 126
ਸੈਂਡੀ (ਅਕਤੂਬਰ 29, 2012) 127
ਪੇਕਿਆਂ ਦੀ ਸੀ ਲਾਡੋ ਰਾਣੀ

(ਸੱਚੀ ਘਟਨਾ 'ਤੇ ਅਧਾਰਿਤ ਫਰਜੀ ਨਾਮ ਲਾਡੋ) 129
ਕਈ ਸਵਾਲ 130
ਜੇ ਕਿਤੋਂ ਮਿਲ ਜਾਵੇ ਸਿਰਨਾਵਾਂ 131
ਸਿੱਖਿਆ 132
ਇਹ ਹੈ ਮੇਰਾ ਹਿੰਦੁਸਤਾਨ 133
ਬਾਪੂ 134
ਸੰਗਤ 135
ਕੁਦਰਤ ਦਾ ਕਹਿਰ 136
ਰੱਬਾ! 137
ਧੀ ਦਾ ਧੰਨ 138
ਧੀਆਂ ਦਾ ਨਾ ਕੋਈ ਆਸ਼ਿਆਨਾ 139
ਜੋ ਮੈਂ ਵੇਖਿਐ ਸੋ ਮੈਂ ਲਿਖਿਐ 140
ਬੰਦਾ ਬੰਦਗੀ ਬਗ਼ੈਰ ਕਿਸੇ ਕੰਮ ਦਾ ਨਹੀਂ 141
ਬਲਿਹਾਰ ਮੈਂ ਜਾਵਾਂ ਦਸਮ ਪਿਤਾ ਤੋਂ.... 142
ਜੇ ਸਰਕਾਰ ਚਾਹੇ ਤਾਂ 143
ਮੈਂ ਕੌਣ ਹਾਂ! 144
ਮੈਂ ਇਕੱਲੀ ਮੇਰਾ ਮਨ ਵੀ ਇਕੱਲੈ 145
ਅੱਜ ਦੀ ਨੌਜਵਾਨ ਪੀੜ੍ਹੀ 146
ਧੀਆਂ ਪੁੱਤਰ ਰੱਬ ਦੀ ਰਹਿਮਤ 148
ਵੇ ਮੈਂ ਉੱਡਕੇ ਆ ਜਾਵਾਂ... 149
ਮੈਂ ਹਾਂ ਯੁਸ਼ਦੀ ਚਿੰਗਾਰੀ 150
ਉਹਨੇ ਜੀ ਕੇ 'ਰਿਸ਼ੀ' ਕੀ ਕਰਨੈ! 152
ਕਮਲ ਦੇ ਦੋ ਫੁੱਲ 153
ਇੱਕ ਨਵਾਂ ਰਿਵਾਜ 154
ਰਿਸ਼ਤੇ 155
ਪਹਿਲਾਂ ਮਾਪੇ ਰੋਦੇ ਨੇ ਤੇ ਫੇਰ ਸਹੁਰੇ! 156
ਰੱਖੜੀ 157
ਪੈਗ਼ਾਮ ਮੁਹੱਬਤ ਦਾ! 159
ਨਾਮ 160
ਤੋਹਫਾ 161
ਜਾਗ ਨਾ ਮੈਨੂੰ ਆਈ 162
ਮੈਂ ਲੱਕੜ ਦੀ ਲੱਠ ਵੇ ਲੋਕੋ! 163
ਤੂੰ ਨਹੀਂ ਕਮਜ਼ੋਰ ਓ ਬੰਦਿਆ 164
ਸਾਥ 165
ਦਿਲ ਆਪਣੇ ਆਪਾਂ ਮੋਮ ਬਣਾਈਏ 166
ਜਦੋਂ ਅੱਖੀਆਂ ਬਦਲ ਨੇ ਜਾਂਦੀਆਂ 167
ਨਾ ਜਾਹ ਤੂੰ ਪ੍ਰਦੇਸ ਵੇ ਪੁੱਤਰਾ! 168
ਕੱਚਰਾ-ਕੱਚਰਾ ਦਿਲ ਦਾ ਹੋਇਐ 169
ਛੱਡ ਮੈਂ ਮੈਂ ਦਾ ਰਾਗ ਓ ਬੰਦਿਆ! 170
ਗ਼ਜ਼ਲ 171
ਗੱਲ 172
ਬੰਦੇ ਰੱਬ ਤੋਂ ਨਹੀਂ ਵੱਡੇ 173
ਸੁਪਨਿਆਂ ਦਾ ਸੰਸਾਰ ਬੇਲੀਓ! 174
ਇੱਕ ਧੀ ਧਿਆਣੀ (ਦਾਮਿਨੀ) (ਦਿੱਲੀ ਕਾਂਡ,
ਦਸੰਬਰ 16, 2012) 175
ਮੇਰੇ ਕੋਲੋਂ ਸਹਿ ਨਹੀਂ ਹੁੰਦਾ.. 176
ਛੱਡਕੇ ਨੀਂਦਰ ਵਿੱਚ ਵਿਚਾਲੇ... 177
ਮੈਂ ਤੇ ਮੇਰੀ ਤਨਹਾਈ 178
ਨਵੇਂ ਸਾਲ ਦਾ ਨਾਹਰਾ 179
ਜਾਂਚ ਸਿੱਖ ਲੈ ਤੂੰ 181
ਮੇਰਾ ਲੱਗਦਾ ਨਹੀਂ ਦਿਲ 182
ਕੱਲ ਦਾ ਨਾ ਕਰ ਇੰਤਜਾਰ ਮਨਾ! 184
ਬਾਣੀ ਨੂੰ ਕਿਉਂ ਦਿਤੈ ਤੂੰ ਵਿਸਾਰ ਓਏ ਬੰਦਿਆ! 185
ਕਿਸਮਤ ਨਾਲ ਸਾਡੇ ਘਰ ਤੂੰ ਹੋਈ 186
ਆ ਗਈ ਹਾਂ ਪ੍ਰਦੇਸ ਵਿਆਹਕੇ 187
ਸਾਂਝੇ! ਸਾਂਝੇ! ਬਈ ਪਾਣੀ ਸਾਂਝੇ! 188
ਨੂੰਹ-ਪੁੱਤਰ (ਸੱਚੀ ਕਹਾਣੀ) 189
ਭੁੱਲ ਗਈ! ਮੈਂ ਭੁਲ ਗਈ! 190
ਗ਼ਜ਼ਲ (ਉਦਾਸ ਮਨ) 191
ਰੱਖੜੀ ਦੀ ਹਰ ਤਾਰ ਦੇ ਵਿੱਚੋਂ 192
ਮੈਨੂੰ ਹੈ ਮਾਣ ਤੇਰੇ 'ਤੇ 193
ਆ ਸਜਣਾ! ਕਿਤੇ ਲਾਂਭੇ ਚਲੀਏ... 194
ਤੇਰੀ ਝਾਂਜਰ ਦਾ ਛਣਕਾਟਾ 195
ਪੈਸੇ ਨਾਲ 196
ਮੇਰਾ ਲੱਗਦਾ ਨਹੀਂ ਏ ਦਿਲ ਸੱਜਣਾ! 197
ਗ਼ਜ਼ਲ (ਜਦੋਂ ਵਾਰੀ ਆਈ) 198
ਜੇ 199
ਆਪਣੀ ਪਿਆਰੀ ਪੋਤਰੀ ਇਲਾਇਆ ਕੌਰ ਦੇ ਨਾਂ 200
ਹਰ ਸਾਹ 'ਤੇ ਬਾਬਲ ਅਤੇ ਮਾਂ ਲਿਖਿਐ 201
ਵੇ ਮਾਹੀਆ! ਤੈਨੂੰ ਵੇਖਣ ਲਈ 203
ਮਰਦ 204
ਇਹ ਝੂਠ ਨਹੀਂ ਇਹ ਸੱਚਾਈ ਹੈ 205
ਅੰਬਰਾਂ ਦੇ ਵਿਚ ਮੈਂ ਉਡੀ ਜਾ ਰਹੀ ਹਾਂ 207
ਧੀ ਮਾਰ ਮੁਕਾਈ ਲੋਕਾਂ 208
ਘੜੀ ਦਾ ਵਿਸਾਹ ਕੋਈ ਨਾ 209
ਜਦੋਂ ਵਾਰੀ ਆਈ ਆਏ ਸਾਂ..... 210
ਜੇ ਰਹਿਮਤ ਰੱਬ ਦੀ ਹੋਵੇ ਤਾਂ.... 211
ਦਿਲ ਦੇ ਜ਼ਖ਼ਮਾਂ ਦੀ ਕਹਾਂ ਕਹਾਣੀ 212
ਪਿਆਰ ਮੈਨੂੰ ਸਦਾ ਮਿਲਿਐ 213
ਕਿਧਰ ਨੂੰ ਜਾ ਰਿਹੈ ਜ਼ਮਾਨਾ! 214
ਬਦਲ ਰਹੀ ਹੈ ਦੁਨੀਆ ਲੋਕੋ! 215
ਅੱਖੀਆਂ ਮੀਟ ਗਏ ਪੰਡਿਤ ਜੀ.. 216
ਹੀਰਿਆਂ ਤੋਂ ਵੱਧ ਮੈਨੂੰ ਸਾਰੇ 217
ਨਾ ਹੋਇਆ ਕਰ ਪ੍ਰੇਸ਼ਾਨ ਮਨਾ! 218
ਠਿਕਾਣਾਂ 219
ਤੈਥੋਂ ਬਲਿਹਾਰ ਜਾਵਾਂ ਮੈਂ.... 220
ਬਾਬਾਲ ਤੇ ਅੰਮੜੀ ਦਾ ਦਿਨ 221
ਤੇਰੀ ਹੀ ਤੇਰਾ ਪ੍ਰਭੂ ਸੱਭ ਕੁਝ ਤੇਰਾ.... 222
ਨਕਲੀ ਚੇਹਰਾ 223
ਤੂੰ ਹੀ ਤੂੰ, ਤੂੰ ਹੀ ਤੂੰ... 224
ਸ਼ਾਇਦ 226
ਮੇਰੀ ਵਸੀਅਤ 227
ਨਵੇਂ ਸਾਲ 'ਚ ਨਵਾਂ ਕੁੱਝ ਕਰਕੇ.... 228
ਅਪਣੀ ਪਿਆਰੀ ਪੋਤਰੀ ਦੇ ਨਾਂ
(ਅਸੀਂ ਤੈਨੂੰ ਪਿਆਰ ਕਰਦੇ ਹਾਂ)... 229
ਮੇਰੇ ਮੱਥੇ ਤੇ ਤਰੇਲੀਆਂ ਨੇ ਆਈਆਂ 230
ਪਤਾ ਲਗਦੈ... 232
ਮੁਫ਼-ਮੁਫ਼ ਕੇ ਨਾ ਵੇਖ ਓ ਬੰਦਿਆ! 233
ਪਿਆਰ ਅਹਿਸਾਸ ਹੈ ਲੋਕੋ 234
ਦਸਤੂਰ ਏਹੀਉ ਹੈ ਦੁਨੀਆਂ ਦਾ... 235
ਅੱਜ ਆ ਜਾਉ ਬਾਬਾ ਨਾਨਕ ਜੀ 236
ਵੇ ਚੰਨਾ! ਤੈਨੂੰ ਵੇਖਣ ਲਈ 237
ਕਾਮਯਾਬੀ 238
ਮਿੱਠੀਆਂ-ਮਿੱਠੀਆਂ ਯਾਦਾਂ ਨੂੰ 239
ਜੀਉ ਤੇ ਜੀਉਣ ਦਿਓ 240
ਦਾਦੀ 241
ਅਸੀਂ ਤੈਨੂੰ ਪਿਆਰ ਕਰਦੇ ਹਾਂ... 242
ਤਿਆਰ ਤੂੰ ਕਰ ਲੈ ਆਪਣੇ ਆਪ ਨੂੰ 243
ਖ਼ੱਤ 244
ਮੇਰੀ ਪਿਆਰੀ ਬੇਜ਼ੁਬਾਨ ਕਲਮ 245
ਮਾਰਚ ਸਤਾਰਾਂ 246

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ

ਕੁੱਝ ਗੱਲਾਂ ਮੇਰੇ, ਮੇਰੇ ਪ੍ਰੀਵਾਰਾਂ, ਮੇਰੀ ਜਿੰਦਗੀ ਦੇ ਤੇ ਮੇਰੀ ਲਿਖਣ ਦੇ ਸਫ਼ਰ ਬਾਰੇ

ਮੇਰੇ ਪਿਆਰੇ-2 ਪਾਠਕਾਂ ਨੂੰ ਮੇਰੇ ਵਲੋਂ ਦੋਵੇਂ ਹੱਥ ਜੋੜ ਕੇ ਪਿਆਰ ਭਰੀ ਸਤਿ ਸ੍ਰੀ ਅਕਾਲ ਜੀ। ਮੇਰਾ ਜਨਮ 30 ਜਨਵਰੀ, 1954 ਨੂੰ ਜ਼ਿਲ੍ਹਾ ਜਲੰਧਰ (ਪੰਜਾਬ) ਦੇ ਇੰਕ ਮਸ਼ਹੂਰ ਪਿੰਡ ਜੰਡੂਸਿੰਘਾ ਵਿਖੇ ਪਿਤਾ ਸ. ਜਗਜੀਤ ਸਿੰਘ ਜੀ 'ਰਿਸ਼ੀ' ਤੇ ਮਾਤਾ ਸਰਦਾਰਨੀ ਗੁਰਦੇਵ ਕੌਰ ਜੀ 'ਰਿਸ਼ੀ' ਦੇ ਘਰ ਹੋਇਆ। ਜਨਮ ਤੋਂ ਬਾਅਦ ਛੇਤੀ ਹੀ ਮੇਰੇ ਪਿਆਰੇ ਭਾਪਾ ਜੀ ਤੇ ਬੀਜੀ ਮੈਨੂੰ ਸ਼ਿਮਲੇ ਲੈ ਗਏ ਜਿੱਥੇ ਉਹਨਾਂ ਦਾ ਕਾਰੋਬਾਰ ਸੀ। ਮੈਂ ਆਪਣੇ ਆਪ ਨੂੰ ਬਹੁਤ ਹੀ ਭਾਗਾਂਵਾਲੀ ਸਮਝਦੀ ਹਾਂ ਕਿ ਮੈਂ ਐਸੇ ਪ੍ਰੀਵਾਰ 'ਚ ਜਨਮੀ ਤੇ ਪਲੀ ਜੋ ਗੁਰੂ ਘਰ ਨੂੰ ਮੰਨਣ ਵਾਲਾ ਸੀ। ਮੇਰੇ ਤੋਂ ਪਹਿਲਾਂ ਮੇਰੀ ਇੱਕ ਭੈਣ ਦਾ ਜਨਮ ਹੋਇਆ ਜਿਸ ਦਾ ਨਾਮ ਦਰਸ਼ਨ ਕੌਰ ਸੀ ਪਰ ਉਹ ਮੇਰੇ ਤੋਂ ਪਹਿਲਾਂ ਹੀ ਰਬ ਨੂੰ ਪਿਆਰੀ ਹੋ ਗਈ ਸੀ। ਹੁਣ ਮੇਰੇ ਤੋਂ ਛੋਟੇ ਮੇਰੇ ਅੱਠ ਪਿਆਰੇ-2 ਵੀਰ ਹਨ ਤੇ ਇੱਕ ਨਿੱਕੀ ਪਿਆਰੀ-2 ਭੈਣ ਜੋ ਸਾਰੇ ਹੀ ਵਿਆਹੇ ਹੋਏ ਹਨ ਤੇ ਮੈਨੂੰ ਵੱਡੀ ਹੋਣ ਦੇ ਨਾਤੇ ਮੇਰੇ ਮਾਪਿਆਂ, ਭੈਣ-ਭਰਾਵਾਂ ਤੇ ਉਨ੍ਹਾਂ ਦੇ ਪਰਿਵਾਰਾਂ ਤੋਂ ਭਰਪੂਰ ਪਿਆਰ, ਸਤਿਕਾਰ ਤੇ ਸਹਿਯੋਗ ਮਿਲਿਐ। ਮੈਂ ਇਸ ਪਿਆਰ ਤੇ ਸਤਿਕਾਰ ਨੂੰ ਕਦੀ ਵੀ ਭੁਲਾ ਨਹੀਂ ਸਕਾਂਗੀ।

ਮੈਨੂੰ ਪੜ੍ਹਨ ਦਾ ਪੂਰਾ-2 ਮੌਕਾ ਦਿੱਤਾ ਗਿਆ। ਮੈਂ ਆਪਣੀ ਸਕੂਲੀ ਵਿਦਿਆ ਸ਼ਿਮਲੇ ਤੇ ਫੇਰ ਚੰਡੀਗੜ੍ਹ ਆਪਣੇ ਪੂਜਨੀਕ ਦਾਦਾ ਜੀ ਤੇ ਦਾਦੀ ਜੀ ਕੋਲ ਰਹਿ ਕੇ ਪੂਰੀ ਕੀਤੀ ਤੇ ਫੇਰ ਮੁੜ ਸ਼ਿਮਲੇ ਤੋਂ ਐਮ.ਏ. ਐਮ.ਫਿਲ ਸਾਈਕਾਲੋਜੀ ਕੀਤੀ। 1981 ਤੋਂ ਲੈਕੇ 2003 ਤੱਕ ਕੇ.ਐਮ.ਆਰ.ਡੀ. ਜੈਨ ਕਾਲਜ ਫਾਰ ਵਿਮੈਨ 'ਚ ਮਨੋਵਿਗਿਆਨਕ ਦਾ ਵਿਸ਼ਾ ਪੜ੍ਹਾਇਆ। ਆਪਣੇ ਕਾਰਜਕਾਲ ਦੌਰਾਨ ਮੈਨੂੰ ਆਪਣੇ ਕਾਲਜ ਦੀ ਮੈਨੇਜਮੈਂਟ, ਪ੍ਰਿੰਸੀਪਲ, ਸਟਾਫ ਅਤੇ ਵਿਦਿਆਰਥਣਾਂ ਤੇ ਸ਼ਹਿਰਵਾਸੀਆਂ ਵੱਲੋਂ ਬੜਾ ਪ੍ਰੇਮ ਮਿਲਿਆ ਜੋ ਕਿ ਮੇਰੀਆਂ ਮਿੱਠੀਆਂ ਯਾਦਾਂ ਵਿੱਚੋਂ ਇੱਕ ਅਭੁੱਲ ਯਾਦ ਹੈ। 20 ਮਈ 1984 ਨੂੰ ਮੇਰਾ ਵਿਆਹ ਲੁਧਿਆਣੇ ਡਾਕਟਰ ਪ੍ਰਿਤਪਾਲ ਸਿੰਘ ਜੀ ਨਾਲ ਹੋਇਆ ਤੇ ਪ੍ਰਮਾਤਮਾ ਨੇ ਸਾਡੀ ਝੋਲੀ ਦੋ ਹੀਰਿਆਂ ਵਰਗੇ ਪੁੱਤਰ ਪਾਏ। ਡਾਕਟਰ ਸਾਹਿਬ ਇੱਕ ਚੰਗੇ ਪੁੱਤਰ, ਪਤੀ ਤੇ ਜਿੰਮੇਵਾਰ ਪਿਤਾ ਸਾਬਿਤ ਹੋਏ। ਮੇਰਾ ਸਹੁਰਾ ਪਰਿਵਾਰ ਸੰਯੁਕਤ ਪਰਿਵਾਰ ਸੀ ਤੇ ਸਾਨੂੰ ਪਰਿਵਾਰ ਦਾ ਪੂਰਾ-2 ਸਹਿਯੋਗ ਮਿਲਿਆ। 2001 'ਚ ਮੇਰੇ ਸੱਸ-ਮਾਂਜੀ ਪੂਰੇ ਹੋ ਗਏ। ਜਿਹਨਾਂ ਦਾ ਸਾਡੇ ਪਰਿਵਾਰ ਨੂੰ ਬਹੁਤ ਘਾਟਾ ਪਿਆ।

14 ਜੂਨ 2003 ਨੂੰ ਮੈਂ ਆਪਣੇ ਪਰਿਵਾਰ ਸਮੇਤ ਪੱਕੇ ਤੌਰ ਤੇ ਅਮਰੀਕਾ ਆਈ ਸੀ। ਸਾਡੇ ਪਰਿਵਾਰ ਨੂੰ ਮੇਰੀ ਛੋਟੀ ਨਨਾਣ ਸਰਦਾਰਨੀ ਹਰਜਿੰਦਰ ਕੌਰ ਜੀ ਘਈ ਤੇ ਉਹਨਾਂ ਦੇ ਪਰਿਵਾਰ ਨੇ ਬੁਲਾਇਆ ਤੇ ਸੈੱਟ ਹੋਣ 'ਚ ਬੜੀ ਮਦਦ ਕੀਤੀ। ਮੇਰੀਆਂ ਤਿੰਨ ਵੱਡੀਆਂ ਨਨਾਣਾਂ ਸਰਦਾਰਨੀ ਹਰਭਜਨ ਕੌਰ ਜੀ, ਸਰਦਾਰਨੀ ਗੁਰਬਚਨ ਕੌਰ ਜੀ ਤੇ ਸਰਦਾਰਨੀ ਸੁਰਿੰਦਰ ਕੌਰ ਜੀ ਤੇ ਉਨ੍ਹਾਂ ਦੇ ਪਰਿਵਾਰ ਨੇ ਵੀ ਆਪਣੇ-2 ਢੰਗ ਨਾਲ ਸਾਨੂੰ ਆਪਣਾ ਯੋਗਦਾਨ ਦਿੱਤਾ ਜਿਸ ਸਦਕਾ ਅਸੀਂ ਆਪਣੇ ਸਹੁਰਾ ਸਾਹਿਬ, ਸ. ਗਿਆਨ ਸਿੰਘ ਜੀ ਨਾਲ ਏਥੇ ਰਹੇ ਹਾਂ ਸੋ ਅਸੀਂ ਸਾਰਿਆਂ ਦੇ ਬਹੁਤ-ਬਹੁਤ ਧੰਨਵਾਦੀ ਹਾਂ ਤੇ ਹਮੇਸ਼ਾ ਹੀ ਰਹਾਂਗੇ। ਉਨ੍ਹਾਂ ਦਿਨਾਂ ਵਿਚ ਮੇਰਾ ਵੀਰ ਹਰਜਿੰਦਰ ਸਿੰਘ 'ਰਿਸ਼ੀ' ਵੀ ਪਰਿਵਾਰ ਸਮੇਤ ਨਿਊਜਰਸੀ ਰਹਿ ਰਿਹਾ ਸੀ। ਉਹਨਾਂ ਨੇ ਵੀ ਸਾਨੂੰ ਕਿਸੇ ਚੀਜ਼ ਦੀ ਕਮੀ ਮਹਿਸੂਸ ਨਹੀਂ ਹੋਣ ਦਿੱਤੀ ਤੇ ਹਰ ਸੰਭਵ ਸਹਾਇਤਾ ਕੀਤੀ। ਜਦੋਂ ਸਾਡੇ ਗਰੀਨ ਕਾਰਡ ਆ ਗਏ ਤਾਂ ਮੇਰਾ ਵੀਰ ਹਰਪਾਲ ਸਿੰਘ 'ਰਿਸ਼ੀ' ਤੇ ਮੇਰੀ ਭੈਣ ਅਮਨਦੀਪ ਕੌਰ ਧਾਰੀਵਾਲ ਸਾਨੂੰ ਆਕੇ ਆਪਣੇ ਨਾਲ ਕਨੇਡਾ ਲੈ ਗਏ ਜਿੱਥੇ ਉਹਨਾਂ ਦੇ ਤੇ ਮੇਰੇ ਦੋ ਵੀਰਾਂ ਜਤਿੰਦਰ ਸਿੰਘ 'ਰਿਸ਼ੀ' ਤੇ ਭੁਪਿੰਦਰ ਸਿੰਘ 'ਰਿਸ਼ੀ' ਦੇ ਪਰਿਵਾਰ ਰਹਿੰਦੇ ਹਨ। ਸਾਰੇ ਪਰਿਵਾਰਾਂ ਨੇ ਸਾਨੂੰ ਖੂਬ ਘੁਮਾਇਆ ਫਿਰਾਇਆ। ਉਦੋਂ ਮੇਰੇ ਭਾਪਾ ਜੀ, ਬੀਜੀ ਵੀ ਕਨੇਡਾ ਹੀ ਸੀ ਸੋ ਸਾਨੂੰ ਸਭ ਨੂੰ ਮਿਲਣਾ ਬੜਾ ਹੀ ਚੰਗਾ ਲੱਗਾ। ਤਿੰਨ ਹਫਤਿਆਂ ਮਗਰੋਂ ਮੇਰਾ ਵੀ ਜਤਿੰਦਰ ਸਿੰਘ 'ਰਿਸ਼ੀ' ਤੇ ਪਰਿਵਾਰ ਸਾਨੂੰ ਨਿਊਯਰਸੀ ਵਾਪਸ ਛੱਡ ਗਏ। ਸਾਡੇ ਆਉਣ ਤੇ ਮੇਰਾ ਵੀਰ ਹਰਜਿੰਦਰ ਸਿੰਘ ਤੇ ਉਹਨਾਂ ਦਾ ਪਰਿਵਾਰ ਵੀ ਕਨੇਡਾ ਚਲਾ ਗਿਆ। ਸੋ ਅਸੀਂ ਸਾਰੇ ਪਰਿਵਾਰ ਦੇ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਜਿਹਨਾਂ ਨੇ ਸਾਨੂੰ ਆਉਂਦਿਆਂ ਨੂੰ ਸਾਂਭਿਆ ਤੇ ਸਾਡਾ ਸਹੀ ਮਾਰਗ ਦਰਸ਼ਨ ਵੀ ਕੀਤਾ।

ਕਨੇਡਾ ਤੋਂ ਵਾਪਸ ਆਕੇ ਅਸੀਂ ਸਭ ਨੇ ਕੰਮ ਲੱਭਣੇ ਸ਼ੁਰੂ ਕੀਤੇ ਤੇ ਜੋ ਵੀ ਕੰਮ ਮਿਲਿਆ ਅਸੀਂ ਕੀਤਾ। ਡਾਕਟਰ ਸਾਹਿਬ ਤੇ ਬੱਚਿਆਂ ਨੇ ਨਾਲ-ਨਾਲ ਪੜ੍ਹਾਈ ਵੀ ਕੀਤੀ ਤੇ ਚੰਗੇ ਕੰਮਾਂ ਤੇ ਲੱਗ ਗਏ। ਮੈਂ ਵੀ ਸੱਤੇ ਦਿਨ ਕੰਮ ਕੀਤਾ। ਫੁਲ ਟਾਈਮ ਸਪੈਸ਼ਲ ਐਜੂਕੇਸ਼ਨ ਦੇ ਬੱਚਿਆਂ ਨਾਲ ਤੇ ਪਾਰਟੀ ਟਾਈਮ ਇਕ ਨਰਸਿੰਗ ਹੋਮ ਵਿੱਚ। ਨਰਸਿੰਗ ਹੋਮ ਵਿੱਚ ਰਹਿ ਰਹੇ ਇੱਕ ਅਫਰੀਕਨ-ਅਮਰੀਕਨ ਮਾਤਾ ਜੀ ਨਾਲ ਮੇਰਾ ਕਾਫੀ ਮੇਲ ਜੋਲ ਸੀ। ਉਹਨਾਂ ਨੇ ਵੀ ਸਾਨੂੰ ਲਿਖਣ ਲਈ ਪ੍ਰੇਰਿਆ। ਪਹਿਲਾਂ ਤਾਂ ਮੈਂ ਇਹੋ ਕਹਿ ਕੇ ਟਾਲਦੀ ਰਹੀ ਕਿ ''ਮਿਸ ਹਾਰਟ ਮੈਨੂੰ ਲਿਖਣਾ ਨਹੀਂ ਆਉਂਦਾ।'' ਪਰ ਉਹਨਾਂ ਦੇ ਬਾਰ-ਬਾਰ ਕਹਿਣ ਤੇ ਮੈਂ ਆਪਣੀ ਪਹਿਲੀ ਕਵਿਤਾ 'ਨਰਸਿੰਗ ਹੋਮ' ਲਿਖੀ ਤੇ ਫੇਰ 'ਵਿਆਹ', ਮਾਡਰਨ ਡੋਲੀ, ਸਰਵਣ ਪੁੱਤਰ, ਧੀਆਂ ਆਦਿਕ ਕਈ ਕਵਿਤਾਵਾਂ ਲਿਖੀਆਂ ਤੇ ਨਿਊਯਾਰਕ ਤੋਂ ਨਿਕਲਦੀਆਂ ਪੰਜਾਬੀ ਅਖਬਾਰਾਂ, ਸ਼ਾਨੇ ਪੰਜਾਬ, ਆਪਣਾ ਪੰਜਾਬ, ਰਾਈਟਰ, ਪ੍ਰਦੇਸ ਕਿਯੂਮ ਤੇ ਪੰਜਾਬ ਐਕਸਪ੍ਰੈਸ 'ਚ ਛਪਵਾਈਆਂ। ਟਾਹਲੀ ਸਾਹਿਬ ਜੀ, ਗੁਰਮੀਤ ਸਿੰਘ ਜੀ, ਰਿਆੜ ਸਾਹਿਬ, ਸੋਹੀ ਸਾਹਿਬ ਤੇ

ਰਟੈਂਡਾ ਸਾਹਿਬ ਜੀ ਨੇ ਯੋਗ ਥਾਂ ਦੇਕੇ ਤੇ ਪਾਠਕਾਂ ਨੇ ਪੜ੍ਹਕੇ ਮੇਰਾ ਹੌਸਲਾ ਵਧਾਇਆ ਤੇ ਮੈਂ ਆਪਣੀਆਂ ਕਵਿਤਾਵਾ ਦੀ ਪਹਿਲੀ ਕਿਤਾਬ 'ਮਨ ਦਾ ਨੀਰ' ਛਪਵਾਈ ਤੇ ਮਨ ਦਾ ਨੀਰ ਦੀ ਇਕ ਕਾਪੀ, ਥੈਂਕ ਯੂ ਕਾਰਡ ਤੇ ਕੁੱਝ ਤੋਹਫੇ ਮਿਸ ਹਾਰਟ ਨੂੰ ਦਿੱਤੇ। ਬੇਸ਼ਕ ਉਹ ਪੰਜਾਬ ਪੜ੍ਹ ਨਹੀਂ ਸੀ ਸਕਦੇ ਪਰ ਮੇਰੇ ਵਲੋਂ ਉਹਨਾਂ ਦੀ ਕੀਤੀ ਟਰਾਂਸਲੇਸ਼ਨ ਸੁਣ ਕੇ ਖੁਸ਼ ਹੋਏ। ਮੇਰੀ ਕਿਤਾਬ ਵੇਖ ਤੇ ਪੜ੍ਹ ਕੇ ਮੇਰੇ, ਮੇਰੇ ਪੇਕੇ-ਸਹੁਰੇ ਪਰਿਵਾਰਾਂ, ਰਿਸ਼ਤੇਦਾਰਾਂ, ਸਹੇਲੀਆਂ ਤੇ ਪਾਠਕਾਂ ਨੂੰ ਬੜੀ ਖੁਸ਼ੀ ਹੋਈ ਤੇ ਮੈਨੂੰ ਹੋਰ ਲਿਖਣ ਲਈ ਪ੍ਰੇਰਿਆ।ਵਾਹਿਗੁਰੂ ਜੀ ਦੀ ਕਿਰਪਾ ਤੇ ਸਭ ਦੀ ਪ੍ਰੇਰਨਾ ਸਦਕਾ ਮੈਂ ਅੱਜ ਆਪਣੀ ਦੂਸਰੀ ਕਿਤਾਬ 'ਪ੍ਰੇਰਨਾ' ਅਪ ਸਭ ਦੀ ਝੋਲੀ ਪਾਉਣ ਜਾ ਰਹੀ ਹਾਂ। ਇਸ ਕਿਤਾਬ ਦਾ ਨਾ ਮੇਰੇ ਸਤਿਕਾਰਯੋਗ ਭਾਪਾ ਜੀ ਨੇ ਦਿੱਤਾ ਤੇ ਢੁਕਵਾਂ ਕਵਰ ਮੇਰੇ ਆਪਣੇ ਪਿਆਰੇ ਬੱਚਿਆਂ ਨੇ ਦਿੱਤਾ ਸੋ ਮੈਂ ਆਪਣੇ ਭਾਪਾ ਜੀ ਦੀ ਤੇ ਅਪਣੇ ਬੱਚਿਆਂ ਦੀ ਦਿਲੋਂ ਧੰਨਵਾਦੀ ਹਾਂ। ਡਾਕਟਰ ਸਾਹਿਬ ਨੇ ਹਮੇਸ਼ਾ ਹਰ ਗੱਲ 'ਚ ਮੇਰਾ ਸਾਥ ਦਿੱਤਾ। ਉਹਨਾਂ ਦੀ ਵੀ ਧੰਨਵਾਦੀ ਹਾਂ। ਮੈਂ ਉਮੀਦ ਕਰਦੀ ਹਾਂ ਕਿ ਆਪ ਪ੍ਰੇਰਨਾ ਨੂੰ ਪੜ੍ਹਕੇ ਦੂਜਿਆਂ ਨੂੰ ਵੀ ਪੜ੍ਹਨ ਲਈ ਦਿਓਗੇ ਤੇ ਮੈਨੂੰ ਆਪਣੇ ਕੀਮਤੀ ਸੁਝਾਅ ਵੀ ਜਰੂਰ ਦਿਓਗੇ ਤਾਂ ਕਿ ਮੈਂ ਹੋਰ ਵਧੀਆ-2 ਲਿਖਕੇ ਸਮਾਜ ਦੀ ਸੇਵਾ ਕਰਦੀ ਰਹਾਂ। ਕਵਿਤਾਵਾਂ ਤੇ ਗ਼ਜ਼ਲਾਂ ਸੁਣਨ ਤੇ ਪੜ੍ਹਨ ਦਾ ਸ਼ੌਂਕ ਬਚਪਨ ਤੋਂ ਸੀ, ਅਸੀਂ ਆਪਣੇ ਪਰਿਵਾਰ ਨਾਲ ਗੁਰਦੁਆਰਾ ਸ੍ਰੀ ਸਿੰਘ ਸਭਾ ਸ਼ਿਮਲਾ ਅਕਸਰ ਕਵੀ ਦਰਬਾਰ ਸੁਣਨ ਜਾਂਦੇ ਸੀ ਤੇ ਕਈ ਵਾਰੀ ਅਖਬਾਰਾਂ 'ਚੋਂ ਕਵਿਤਾਵਾਂ ਕੱਟਕੇ ਸੁਣਾਈਦੀਆਂ ਵੀ ਸੀ। ਸ਼ਿਮਲੇ ਹਰ ਗਰਮੀਆਂ 'ਚ 'ਰਿਜ' ਤੇ ਸਮਰ ਫੈਸਟੀਵਲ ਹੁੰਦਾ ਸੀ ਜਿੱਥੇ ਵਧੀਆ ਸੰਗੀਤਕ ਪ੍ਰੋਗਰਾਮ ਹੁੰਦੇ ਸੀ, ਉਥੇ ਵੀ ਗ਼ਜ਼ਲਾਂ-ਗੀਤ ਸੁਣਨੇ ਚੰਗੇ ਲੱਗਦੇ ਸੀ। ਸੋ ਉਹੀਓ ਸ਼ੌਕ ਹੁਣ ਉੱਭਰ ਕੇ ਸਾਹਮਣੇ ਆਇਆ ਤੇ ਆਦਤ ਬਣ ਗਿਆ ਤੇ ਲਿਖਣ ਦੀ ਆਦਤ ਰੂਹ ਦੀ ਖੁਰਾਕ ਹੋ ਨਿਬੜੀ।

ਮੈਂ ਇਹ ਦਾਅਵਾ ਤਾਂ ਨਹੀਂ ਕਰਦੀ ਕਿ ਮੈਂ ਬਹੁਤ ਵਧੀਆ ਲਿਖਦੀ ਹਾਂ ਪਰ ਇਹ ਜ਼ਰੂਰ ਕਹਿ ਸਕਦੀ ਹਾਂ ਕਿ ਮੈਂ ਸਾਫ ਸੁਥਰਾ, ਪੜ੍ਹਨਾ, ਲਿਖਣਾ ਤੇ ਸੁਣਨਾ ਪਸੰਦ ਕਰਦੀ ਹਾਂ ਤੇ ਮੇਰੀ ਹਰ ਲਿਖਣ ਤੇ ਗਾਉਣ ਵਾਲੇ ਵੀਰ ਜਾਂ ਪੈਣ ਨੂੰ ਏਹੀਓ ਗੁਜ਼ਾਰਿਸ਼ ਹੈ ਕਿ ਜੋ ਵੀ ਲਿਖੋ, ਗਾਵੋ, ਪੜ੍ਹੋ, ਸੁਣੋ ਉਹ ਐਸਾ ਹੋਵੇ ਕਿ ਕਿਸੇ ਨੂੰ, ਕਿਸੇ ਵੀ ਸਮੇਂ, ਕਿਸੇ ਵੀ ਜਗ੍ਹਾ ਤੇ ਸਿਰ ਨੀਵਾਂ ਨਾ ਕਰਨਾ ਪਵੇ। ਏਥੇ ਮੈਂ ਇੱਕ ਗੱਲ ਹੋਰ ਸਪੱਸ਼ਟ ਕਰਨਾ ਚਾਹਾਂਗੀ ਕਿ ਮੈਂ ਸਾਰੀਆਂ ਕਵਿਤਾਵਾਂ ਕਿਸੇ ਖਾਸ ਵਿਅਕਤੀ ਨੂੰ ਨਿਸ਼ਾਨਾ ਬਣਾਕੇ ਨਹੀਂ ਲਿਖੀਆਂ ਤੇ ਨਾ ਹੀ ਮੇ ਰਾ ਉਦੇਸ਼ ਕਿਸੇ ਵੀ ਪ੍ਰਾਣੀ ਦਾ ਦਿਲ ਦੁਖਾਉਣਾ ਹੀ ਹੈ। ਮੈਂ ਹਰ ਇਨਸਾਨ ਦੀ ਇੱਜ਼ਤ ਕਰਦੀ ਹਾਂ, ਜਿਸ ਨੂੰ ਰਬ ਨੇ ਇਸ ਸੰਸਾਰ 'ਚ ਘੱਲਿਐ। ਮੈਂ ਇਹ ਕਵਿਤਾਵਾਂ ਆਪਣੇ ਆਪ ਤੇ ਆਪਣੇ ਆਲੇ-ਦੁਆਲੇ ਤੋਂ ਪ੍ਰਭਾਵਿਤ ਹੋਕੇ ਲਿਖੀਆਂ ਜ਼ਰੂਰ ਹਨ ਪਰ ਲਿਖਵਾਈਆਂ ਸੱਚੇ ਪਾਤਸ਼ਾਹ ਜੀ ਨੇ ਹੀ ਹਨ ਕਿਉਂਕਿ ਮੇਰੇ ਹਰ ਸਾਹ, ਕ੍ਰਿਆ ਦੇ ਮਾਲਿਕ ਤੇ ਸੰਚਾਲਕ ਉਹੀਓ

ਹਨ। ਸੋ ਮੈਂ ਆਪਣੇ ਅਸਲੀ ਮਾਲਕ ਦੀ ਤਨੋ, ਮਨੋ, ਧਨੋ ਤਹਿ ਦਿਲੋਂ ਸ਼ੁਕਰਗੁਜ਼ਾਰ ਤੇ ਰਿਣੀ ਹਾਂ ਜਿਹਨਾਂ ਮੈਨੂੰ ਜ਼ਿੰਦਗੀ ਦਾ ਹਰ ਸੁੱਖ ਦਿੱਤੈ ਤੇ ਰੰਗ ਵਿਖਾਇਐ ਤੇ ਵਿਖਾ ਵੀ ਰਹੇ ਹਨ।

ਜਿਵੇਂ ਮੈਂ ਪਹਿਲਾਂ ਜ਼ਿਕਰ ਕੀਤਾ ਸੀ ਕਿ ਸਾਡੇ ਦੋ ਬੇਟੇ ਹਨ ਸ. ਰਮਿੰਦਰ ਸਿੰਘ ਤੇ ਸ. ਜਸਪ੍ਰੀਤ ਸਿੰਘ। ਅਸੀਂ ਬਹੁਤ ਹੀ ਖੁਸ਼ਕਿਸਮਤ ਹਾਂ ਕਿ ਪ੍ਰਮਾਤਮਾ ਨੇ ਸਾਨੂੰ ਬੜੇ ਹੀ ਸੂਝਵਾਨ ਤੇ ਸਿਆਣੇ ਬੱਚੇ ਦਿੱਤੇ ਹਨ। ਵੱਡੇ ਬੇਟੇ ਦਾ ਵਿਆਹ ਬੀਬੀ ਸਿਮਰਨ ਕੌਰ ਨਾਲ ਤੇ ਛੋਟੇ ਬੇਟੇ ਜਸਪ੍ਰੀਤ ਸਿੰਘ ਦਾ ਵਿਆਹ ਬੀਬਾ ਪੂਜਾਦੀਪ ਰਤਨ ਨਾਲ ਹੋਇਆ ਤੇ ਦੋਵੇ ਸਾਡੇ ਪਰਿਵਾਰ ਦੀਆਂ ਸਿਆਣੀਆਂ ਬੇਟੀਆਂ ਹਨ ਤੇ ਮੇਰੀ ਇੱਕ ਨਿੱਕੀ ਜੇਹੀ ਪਿਆਰੀ ਜੇਹੀ ਪੋਤਰੀ ਇਨਾਇਆ ਕੌਰ ਜੋ ਕਿ ਦਸ ਮਹੀਨਿਆਂ ਦੀ ਹੈ ਤੇ ਸਾਨੂੰ ਬੱਚਿਆਂ ਤੋਂ ਬੇਹਦ ਪਿਆਰ ਮਿਲ ਰਿਹੈ ਤੇ ਅਸੀਂ ਵੀ ਉਹਨਾਂ ਦੇ ਇਸ ਪਿਆਰ , ਸਤਿਕਾਰ ਲਈ ਆਪਣੀ ਜਾਨ ਨਿਛਾਵਰ ਕਰਦੇ ਹਾਂ ਤੇ ਕਰਦੇ ਰਹਾਂਗੇ।

ਪ੍ਰਮਾਤਮਾ ਦੀ ਕ੍ਰਿਪਾ ਸਦਕਾ ਪਰਿਵਾਰ 'ਚ ਕਦੀ ਕਿਸੇ ਚੀਜ ਦੀ ਕਮੀ ਨਹੀਂ ਰਹੀ ਸੋ ਉਸ ਦੀ ਮਿਹਰ ਸਦਕਾ ਅਸੀਂ ਓਕ-ਟਰੀ ਰੋਡ ਐਡੀਸਨ 'ਚ ਆਪਣੇ ਪੇਕੇ-ਸਹੁਰੇ ਪਰਿਵਾਰਾਂ ਦੀ ਸੇਧ ਤੇ ਯੋਗ ਅਗਵਾਈ ਹੇਠ ਇੰਡੀਆ ਪੂਜਾ ਐਂਡ ਸਜਾਵਟ ਹੱਟ, ਸਟੋਰ ਮਾਰਚ 'ਚ ਖੋਲਣ ਜਾ ਰਹੇ ਹਾਂ। ਇਸੇ ਨਾਮ ਤੇ ਪਹਿਲਾਂ ਹੀ ਮੇਰੇ ਵੀਰ ਬਰਾਪਟਨ ਕਨੇਡਾ 'ਚ ਬੜੀ ਸਫਲਤਾ ਨਾਲ ਦੋ ਸਟੋਰ ਚਲਾ ਰਹੇ ਹਨ ਤੇ ਉਨ੍ਹਾਂ ਨੇ ਹੀ ਬੱਚਿਆਂ ਨੂੰ ਟਰੇਨਿੰਗ ਅਤੇ ਹੌਸਲਾ ਦਿੱਤੈ। ਸੋ ਅਸੀਂ ਸਾਰਿਆਂ ਦੇ ਤਹਿਦਿਲੋਂ ਧੰਨਵਾਦੀ ਹਾਂ ਤੇ ਅਰਦਾਸ ਕਰਦੇ ਹਾਂ ਕਿ ਸਭ ਦੇ ਕਾਰੋਬਾਰਾਂ 'ਚ ਵਾਧਾ ਹੋਵੇ ਤੇ ਮਿਹਨਤ ਦਾ ਫਲ ਮਿਲੇ।

ਸ਼ਿਮਲੇ ਤੇ ਚੰਡੀਗੜ੍ਹ 'ਚ ਰਹਿ ਰਹੇ ਮੇਰੇ ਪਿਆਰੇ-2 ਚਾਰ ਵੀਰ ਸ. ਰਵਿੰਦਰ ਸਿੰਘ 'ਰਿਸ਼ੀ', ਸ. ਦਵਿੰਦਰ ਸਿੰਘ 'ਰਿਸ਼ੀ', ਸ. ਹਰਿੰਦਰ ਸਿੰਘ 'ਰਿਸ਼ੀ', ਸ. ਵਰਿੰਦਰ ਸਿੰਘ 'ਰਿਸ਼ੀ' ਤੇ ਉਹਨਾਂ ਦੇ ਪਰਿਵਾਰਾਂ ਦਾ ਵੀ ਸਾਨੂੰ ਬਹੁਤ ਹੀ ਪਿਆਰ ਤੇ ਸਤਿਕਾਰ ਮਿਲਦੈ ਜਦੋਂ ਵੀ ਅਸੀਂ ਜਾਂਦੇ ਸੀ ਜਾਂ ਹੁਣ ਜਾਈਦੈ। ਸਾਨੂੰ ਪਲਕਾਂ ਤੇ ਬਿਠਾਉਂਦੇ ਨੇ ਤੇ ਵਕਤ-ਵਕਤ ਤੇ ਬੱਚਿਆਂ ਨੂੰ ਬਿਜ਼ਨਸ ਦੀਆਂ ਕੀਮਤੀ ਟਿਪਸ ਦਿੰਦੇ ਹਨ ਤੇ ਪ੍ਰਚੇਜਿੰਗ 'ਚ ਵੀ ਮਦਦ ਕਰਦੇ ਹਨ ਸੋ ਉਹਨਾਂ ਦੇ ਵੀ ਅਸੀਂ ਬਹੁਤ ਸ਼ੁਕਰਗੁਜ਼ਾਰ ਹਾਂ ਜੀ। ਮੇਰੀ ਛੋਟੀ ਭੈਣ ਅਮਨਦੀਪ ਕੌਰ ਧਾਰੀਵਾਲ ਤੇ ਉਹਨਾਂ ਦਾ ਪਰਿਵਾਰ ਵੀ ਕਨੇਡਾ 'ਚ ਸੈਟਲ ਹੈ ਤੇ ਬਹੁਤ ਪਿਆਰ ਵਾਲਾ ਹੈ। ਅਮਨ ਪਬਲਿਕ ਮੋਬਾਇਲ ਕੰਪਨੀ 'ਚ ਮੈਨੇਜਰ ਡਾਟਾ ਬੇਸ ਮਾਰਕੀਟਿੰਗ ਹਨ ਤੇ ਟਰਾਂਟੋ 'ਚ ਸੀ ਜੇ.ਐਮ.ਆਰ. 1320 ਰੇਡੀਓ ਤੇ ਬੜੇ ਸਫਲ ਢੰਗ ਨਾਲ 'ਸਾਡਾ ਵਿਰਸਾ' ਪ੍ਰੋਗਰਾਮ ਨੂੰ ਪ੍ਰੋਡਿਊਸ ਕਰਦੇ ਹਨ ਤੇ ਹੋਸਟ ਹਨ। ਮੈਨੂੰ ਅਕਸਰ ਆਪਣੇ ਪ੍ਰੋਗਰਾਮਾਂ 'ਚ ਸ਼ਾਮਲ ਕਰਦੇ ਹਨ, ਮੈਂ ਉਹਨਾਂ ਦੀ ਵੀ ਵੱਡੀ ਫੈਨ ਤੇ ਧੰਨਵਾਦੀ ਹਾਂ।

ਅੰਤ 'ਚ ਮੈਂ ਇੱਕ ਵਾਰੀ ਫੇਰ ਆਪਣੇ ਪਿਆਰੇ ਤੇ ਸਤਿਕਾਰਯੋਗ ਪਤੀ, ਬੱਚਿਆਂ,

ਭਾਪਾ ਜੀ, ਬੀਜੀ, ਸਹੁਰਾ ਸਾਹਿਬ, ਪੇਕੇ-ਸਹੁਰੇ, ਨਾਨਕੇ-ਦਾਦਕੇ, ਪਰਿਵਾਰਾਂ, ਰਿਸ਼ਤੇਦਾਰਾਂ, ਗਵਾਂਢੀਆਂ, ਸਹੇਲੀਆਂ, ਸਹਿਪਾਠਣਾ, ਵਿਦਿਆਰਥਣਾਂ, ਸਹਿਕਰਮਚਾਰੀਆਂ, ਐਡੀਟਰ ਸਾਹਿਬਾਨਾਂ, ਮਿਸ ਹਾਰਟ, ਪ੍ਰਕਾਸ਼ਕ ਜਨਮੇਜਾ ਸਿੰਘ ਜੌਹਲ ਤੇ ਟਾਈਪਿਸਟ ਸਤਵਿੰਦਰ ਸਿੰਘ ਜੀ ਦਾ ਧੰਨਵਾਦ ਕਰਦੀ ਹਾਂ ਜਿਹਨਾਂ ਦੇ ਸਹਿਯੋਗ ਨਾਲ ਮੈਂ ਆਪਣੇ ਮਨ ਦੇ ਵੀਚਾਰਾਂ ਨੂੰ ਆਪ ਸਭ ਤਾਈਂ ਪਹੁੰਚਾਉਣ 'ਚ ਕਾਮਯਾਬ ਹੋ ਸਕੀ। ਮੇਰੀਆਂ ਪਿਆਰੀਆਂ ਸਹੇਲੀਆਂ ਦੀ ਲਿਸਟ ਕਾਫੀ ਲੰਮੀ ਚੌੜੀ ਹੈ ਸੋ ਮੈਂ ਨਾਮ ਲਿਖ ਨਹੀਂ ਰਹੀ ਬਲਕਿ ਜਿਹਨਾਂ ਦੇ ਨਾਮ ਲਿਖਣੇ ਹਨ ਉਨ੍ਹਾਂ ਨੂੰ ਦਿਲੋਂ ਪਤਾ ਹੈ ਕਿਉਕਿ ਉਹਨਾਂ ਨੇ ਹਰ ਦੁਖ ਸੁੱਖ ਦੇ ਮੌਕੇ ਮੇਰਾ ਸਾਥ ਦਿੱਤਾ ਅਤੇ ਚੰਗੇ ਕੰਮ ਕਰਨ ਲਈ ਹੀ ਪ੍ਰੇਰਿਆ। ਸੋ ਉਹ ਸਾਰੀਆਂ ਹੀ ਮੇਰੇ ਦਿਲ 'ਚ ਵਸਦੀਆਂ ਹਨ ਤੇ ਵਸਦੀਆਂ ਰਹਿਣਗੀਆਂ। ਜੇ ਮੈਂ ਅਨਜਾਣੇ ਵਿਚ ਕਿਸੇ ਦਾ ਦਿਲ ਦੁਖਾਇਆ ਤਾਂ ਮੈਂ ਮਾਫੀ ਦੀ ਜਾਚਕ ਹਾਂ ਜੀ। ਆਖਿਰ 'ਚ ਇਹੋ ਕਹਿਣਾ ਚਾਹਾਂਗੀ

''ਪਤਾ ਨਹੀਂ ਕਿਹੜਾ ਸਾਹ ਆਖਰੀ
ਪਤਾ ਨਹੀਂ ਕਿਹੜਾ ਰਾਹ ਆਖਰੀ
ਸੋ, ਸਭ ਨਾਲ ਪਿਆਰ ਕਰੀਏ ਤੇ ਪਿਆਰ ਵੰਡੀਏ
ਸਭ ਨੂੰ ਮੇਰੀਆਂ ਸ਼ੁਭ ਇਛਾਵਾਂ ਤੇ ਪਿਆਰ।

ਧੰਨਵਾਦ ਸਹਿਤ

ਜਸਵਿੰਦਰ ਕੌਰ 'ਰਿਸ਼ੀ'

ਪ੍ਰਮਾਤਮਾ

ਜਿੰਦਗੀ ਦੀ ਦੌੜ ਵਿੱਚ,
ਕੁਝ ਇਸ ਕਦਰ ਭੱਜਦੀ ਰਹੀ।।
ਮੁੜਕੇ ਪਿਛਾਂਹ ਨਾ ਵੇਖਿਆ,
ਤੈਨੂੰ ਭੁੱਲ ਗਈ ਪ੍ਰਮਾਤਮਾ।।
ਧਿਕਾਰਦੀ ਮੇਰੀ ਆਤਮਾ,
ਹਰਪਲ ਮੈਨੂੰ ਪਈ ਕੋਸਦੀ।।
ਭੈੜਾ ਵਕਤ ਹੀ ਜਿੰਮੇਵਾਰ ਸੀ,
ਮੇਰੀ ਨਾ ਖਤਾ ਪ੍ਰਮਾਤਮਾ।।
ਗਲਤੀਆਂ ਤੇ ਗਲਤੀਆਂ।
ਕਰਦੀ ਰਹੀ 'ਰਿਸ਼ੀ' ਉਮਰ ਭਰ।।
ਸੁਧਾਰ ਲਾਂ ਹੁਣ ਗਲਤੀਆਂ,
ਹਿੰਮਤ ਤੂੰ ਦੇਹ ਪ੍ਰਮਾਤਮਾ।।
ਗਲਤੀਆਂ ਦਾ ਨਾ ਮੈਨੂੰ ਇਲਮ ਸੀ,
ਏਹੀਓ ਗਲਤੀਆਂ ਸੀ ਮੇਰੀਆਂ।।
ਕੀ ਸਜ਼ਾ ਦੇਵਾਂ! ਕੀ ਸਜ਼ਾ ਦੇਵਾਂ,
ਮੈਂ ਆਪਣੇ ਆਪ ਨੂੰ ਪ੍ਰਮਾਤਮਾ।।
ਦਿਲ ਤੇ ਮੇਰਾ ਬੜਾ ਸਾਫ ਸੀ।।
ਇਰਾਦੇ ਵੀ ਮੇਰੇ ਪਾਕ ਸੀ।।
ਨਾ-ਸਮਝ ਬੱਚੀ ਜਾਣ ਕੇ,
ਮੈਨੂੰ ਬਖ਼ਸ਼ ਦੇਹ ਪ੍ਰਮਾਤਮਾ।।

00

ਇਹ ਕੇਹਾ ਦਸਤੂਰ ਦਾਤਿਆ

ਇਹ ਕੇਹਾ ਦਸਤੂਰ ਦਾਤਿਆ! ਇਹ ਕੇਹਾ ਦਸਤੂਰ!
ਇਹ ਕੇਹਾ ਦਸਤੂਰ ਮਾਲਿਕਾ! ਇਹ ਕੇਹਾ ਦਸਤੂਰ!
ਇੱਕ ਨੂੰ ਤੇ ਤੂੰ ਤਖ਼ਤ ਬਿਠਾਵੇਂ ਦੂਜਾ ਮੰਗਣ ਲਈ ਮਜਬੂਰ!
ਇਹ ਕੇਹਾ ਦਸਤੂਰ ਦਾਤਿਆ! ਇਹ ਕੇਹਾ ਦਸਤੂਰ।
ਇੱਕ ਨੂੰ ਤੇ ਤੂੰ ਦੇਵੇਂ ਚੋਪੜੀ, ਦੂਜਾ ਰੁੱਖੀ ਲਈ ਮਜਬੂਰ।
ਇਹ ਕੇਹਾ ਦਸਤੂਰ ਦਾਤਿਆ! ਇਹ ਕੇਹਾ ਦਸਤੂਰ।
ਇੱਕ ਨੂੰ ਤੇ ਤੂੰ ਦੇਵੇਂ ਦੋ-ਦੋ ਗੱਡੀਆਂ, ਦੂਜਾ ਤੁਰਨ ਤੋਂ ਵੀ ਮਜਬੂਰ।
ਇਹ ਕੇਹਾ ਦਸਤੂਰ ਦਾਤਿਆ! ਇਹ ਕੇਹਾ ਦਸਤੂਰ।
ਇੱਕ ਨੂੰ ਤੇ ਤੂੰ ਚਰਨੀਂ ਲਾਵੇਂ, ਦੂਜੇ ਨੂੰ ਰੱਖੇਂ ਤੂੰ ਦੂਰ।
ਇਹ ਕੇਹਾ ਦਸਤੂਰ ਦਾਤਿਆ! ਇਹ ਕੇਹਾ ਦਸਤੂਰ।
'ਰਿਸ਼ੀ', ਇੱਕੋ ਜਿਹਾ ਦਾਤਾ ਤੂੰ ਕਰ ਕੇ ਸਭ ਨੂੰ, ਬਦਲ ਆਪਣਾ ਦਸਤੂਰ।
ਇਹ ਕੇਹਾ ਦਸਤੂਰ ਦਾਤਿਆ! ਇਹ ਕੇਹਾ ਦਸਤੂਰ।
ਇਹ ਕੇਹਾ ਦਸਤੂਰ ਦਾਤਿਆ! ਇਹ ਕੇਹਾ ਦਸਤੂਰ।

00

ਮਾਤਾ ਤ੍ਰਿਪਤਾ ਜੀ ਦੇ ਲਾਲ

ਮਾਤਾ ਤ੍ਰਿਪਤਾ ਜੀ ਦੇ ਲਾਲ ਅੱਜ ਆ ਗਏ, ਜੱਗ ਰੁਸ਼ਨਾਉਣ ਵਾਸਤੇ।
ਪਿਤਾ ਕਾਲੂ ਜੀ ਦੇ ਬਾਲ ਅੱਜ ਆ ਗਏ, ਸੱਚਾ ਰਾਹ ਵਿਖਾਉਣ ਵਾਸਤੇ।
ਪੜ੍ਹਨੇ ਲਈ ਪਿਤਾ ਭੇਜਿਆ, ਪਾਂਧੇ ਦੇ ਕੋਲ ਸੀ।
ਪਾਂਧੇ ਨੂੰ ਸੁਣਾ ਕੇ ਆ ਗਏ, ਰੱਬੀ ਜੋ ਬੋਲ ਸੀ।
ੴ ਫੱਟੀ ਉਤੇ ਲਿਖ ਆ ਗਏ, ਪਾਂਧੇ ਨੂੰ ਪੜ੍ਹਾਉਣ ਵਾਸਤੇ
ਮਾਤਾ ਤ੍ਰਿਪਤਾ ਜੀ ਦੇ ਲਾਲ.....
ਕੰਮਕਾਰ ਕੋਈ ਕਰੋ ਪੁੱਤਰ ਜੀ, ਪਿਤਾ ਫੁਰਮਾਇਆ ਸੀ।
ਮੱਝੀਆਂ ਚਰਾਓ ਪੁੱਤਰ ਜੀ, ਹੁਕਮ ਸੁਣਾਇਆ ਸੀ।
ਖੇਤ ਚਰਵਾ ਕੇ ਆ ਗਏ, ਮੱਝੀਆਂ ਰਜਾਉਣ ਵਾਸਤੇ
ਮਾਤਾ ਤ੍ਰਿਪਤਾ ਜੀ ਦੇ ਲਾਲ.....
ਪੈਸੇ ਦੇ ਕੇ ਪਿਤਾ ਆਖਿਆ, ਕੋਈ ਕਰੋ ਵਿਉਪਾਰ ਨਾਨਕ।
ਦੁਨੀਆਦਾਰੀ ਕੁਝ ਸਿੱਖੋ, ਕੁਝ ਸਿੱਖੋ ਵਿਉਪਾਰ ਨਾਨਕ।।
ਭੁੱਖੇ ਸਾਧੂਆਂ ਨੂੰ ਪੈਸੇ ਦੇ ਕੇ ਆ ਗਏ, ਲੰਗਰ ਲਗਾਉਣ ਵਾਸਤੇ
ਮਾਤਾ ਤ੍ਰਿਪਤਾ ਜੀ ਦੇ ਲਾਲ.....
ਸੁਲਤਾਨਪੁਰ ਰਹੇ ਭੈਣ ਕੋਲ, ਮੋਦੀਖਾਨੇ ਕੀਤੀ ਨੌਕਰੀ।
ਸੇਵਾ ਬੜੀ ਕੀਤੀ ਦਿਲ ਤੋਂ, ਰੱਬ ਦੀ ਉਨ੍ਹਾਂ ਸਮਝੀ ਨੌਕਰੀ।
ਤੇਰਾ-ਤੇਰਾ ਤੋਲ ਕੇ ਆ ਗਏ, ਸਭ ਨੂੰ ਖਵਾਉਣ ਵਾਸਤੇ
ਮਾਤਾ ਤ੍ਰਿਪਤਾ ਜੀ ਦੇ ਲਾਲ.....
ਬੇਬੇ ਨਾਨਕੀ ਦਾ ਵੀਰ, ਬਣ ਗਿਆ ਸੀ ਫਕੀਰ ਜੀ।
ਫਕੀਰ ਬਣ ਦੁਨੀਆ ਦੀ, ਲਿੱਖ ਦਿੱਤੀ ਤਕਦੀਰ ਜੀ।
ਬਾਲਾ ਜੀ, ਮਰਦਾਨਾ ਜੀ ਵੀ ਸਾਥ ਨਿਭਾ ਗਏ, ਰੱਬੀ ਬਾਣੀ ਗਾਉਣ ਵਾਸਤੇ
ਮਾਤਾ ਤ੍ਰਿਪਤਾ ਜੀ ਦੇ ਲਾਲ.....
ਛੱਡੀ ਨਾ ਕੋਈ ਦਿਸ਼ਾ ਨਾ ਕੋਈ ਛੱਡਿਆ ਗਰਾਂ ਸੀ।
ਕੋਈ ਦੇਸ਼ ਵੀ ਨਾ ਛੱਡਿਆ, ਨਾ ਛੱਡੀ ਕੋਈ ਸਰਾਂ ਸੀ।
ਹਰ ਥਾਂ ਨੂੰ ਰੱਬ ਦੀ ਉਹ ਥਾਂ ਬਣਾ ਗਏ, ਸੀਸ ਨੂੰ ਝੁਕਾਉਣ ਵਾਸਤੇ
ਮਾਤਾ ਤ੍ਰਿਪਤਾ ਜੀ ਦੇ ਲਾਲ.....

ਹੱਕ ਦੀ ਕਮਾਈ ਸਦਾ ਵੱਧਦੀ ਤੇ ਫੁੱਲਦੀ ਏ।
ਝੂਠ ਦੀ ਕਮਾਈ ਥੋੜ੍ਹੀ ਦੇਰ ਲਈ ਚਲਦੀ ਏ।
ਭਾਈ ਲਾਲੋ ਘਰ ਡੇਰੇ ਉਨ੍ਹਾਂ ਲਾ ਲਏ, ਭਾਗੋ ਨੂੰ ਸਮਝਾਉਣ ਵਾਸਤੇ
ਮਾਤਾ ਤ੍ਰਿਪਤਾ ਜੀ ਦੇ ਲਾਲ.....
ਆਪ ਜੀ ਦੀਆਂ ਸਿੱਖਿਆਵਾਂ ਤੋਂ, ਹਰ ਕੋਈ ਲਾਹਾ ਲੈ ਰਿਹੈ।
ਧੰਨ ਧੰਨ ਧੰਨ ਗੁਰੂ ਨਾਨਕ ਦੇਵ ਜੀ, ਹਰ ਕੋਈ ਪ੍ਰਾਣੀ ਕਹਿ ਰਿਹੈ।
ਅੱਜ ਗੁਰਦੁਆਰੇ ਅਸੀਂ ਰਿਸ਼ੀ ਆ ਗਏ, ਗੁਰਪੁਰਬ ਮਨਾਉਣ ਵਾਸਤੇ।

00

ਨਹੀਂ ਰੀਸਾਂ ਦਸ਼ਮੇਸ਼ ਪਿਤਾ ਦੀਆਂ

ਨਹੀਂ ਰੀਸਾਂ ਦਸ਼ਮੇਸ਼ ਪਿਤਾ ਦੀਆਂ, ਨਹੀਂ ਰੀਸਾਂ ਉਹਨਾਂ ਦੇ ਪ੍ਰੀਵਾਰ ਦੀਆਂ।
ਨਹੀਂ ਰੀਸਾਂ ਕਲਗੀਧਰ ਦੀਆਂ, ਨਹੀਂ ਰੀਸਾਂ ਉਹਨਾਂ ਦੇ ਕ੍ਰਿਦਾਰ ਦੀਆਂ।
ਕਿੱਥੋਂ ਮੈਂ ਸ਼ੁਰੂ ਕਰਾਂ ਸਿਫਤਾਂ, ਕਿੱਥੇ ਜਾਕੇ ਮੈਂ ਖਤਮ ਕਰਾਂ।
ਮੈਨੂੰ ਤੇ ਸਮਝ ਨਹੀਂ ਆਉਂਦੀ, ਕੀ ਛੱਡਾਂ ਤੇ ਕੀ ਬਿਆਨ ਕਰਾਂ।
ਦੁਨੀਆਂ ਤੇ ਨਾ ਹੋਰ ਉਹਨਾਂ ਵਰਗਾ, ਨਹੀਂ ਰੀਸਾਂ ਮੇਰੇ ਦਾਤਾਰ ਦੀਆਂ।
ਨਹੀਂ ਰੀਸਾਂ ਦਸ਼ਮੇਸ਼ ਪਿਤਾ ਦੀਆਂ–

ਭਾਗਾਂ ਵਾਲੀ ਹੈ ਧਰਤੀ ਪਟਨੇ ਦੀ, ਜਿੱਥੇ ਬਾਲ ਗੋਬਿੰਦ ਜੀ ਜਨਮੇ ਸੀ।
ਅਨੰਦਪੁਰ ਦੀ ਧਰਤੀ ਨੂੰ ਭਾਗ ਲੱਗੇ, ਜਿੱਥੇ ਅੰਮ੍ਰਿਤ ਦੇ ਰਸ ਬਰਸੇ ਸੀ।
ਸਭ ਰਹਿਮਤ ਬਾਜਾਂ ਵਾਲੇ ਦੀ, ਨਹੀਂ ਰੀਸਾਂ ਸਿੰਘ ਸਰਦਾਰ ਦੀਆਂ।
ਨਹੀਂ ਰੀਸਾਂ ਦਸ਼ਮੇਸ਼ ਪਿਤਾ ਦੀਆਂ–

ਪਿਤਾ ਵਾਰ ਕੇ ਨਾ ਘਬਰਾਏ ਸੀ, ਲਾਲ ਵਾਰ ਕੇ ਨਾ ਪਛਤਾਏ ਸੀ।
ਸਹਿ ਗਏ ਵਿਛੋੜਾ ਮਾਂ ਗੁਜਰੀ ਦਾ, ਤਾਹੀਉਂ ਸਰਬੰਸਦਾਨੀ ਕਹਾਏ ਸੀ।
ਵੱਡੇ ਜਿਗਰੇ ਦੇ ਮਾਲਕ ਸੀ, ਨਹੀਂ ਰੀਸਾਂ ਮੇਰੇ ਦਿਲਦਾਰ ਦੀਆਂ।
ਨਹੀਂ ਰੀਸਾਂ ਦਸ਼ਮੇਸ਼ ਪਿਤਾ ਦੀਆਂ–

ਭੁਲਿਆਂ ਨੂੰ ਰਾਹੇ ਪਾਉਂਦੇ ਸੀ, ਡਿਗਦੇ ਨੂੰ ਗਲੇ ਲਗਾਉਂਦੇ ਸੀ।
ਬਾਣੀ ਦੇ ਲੜ ਆਪ ਲੱਗ ਕੇ, ਬਾਣੀ ਦਾ ਜਾਪ ਕਰਾਉਂਦੇ ਸੀ।
ਬਾਣੀ ਦੇ ਸਹਾਰੇ ਰਹੇ ਜੀਉਂਦੇ, ਨਹੀਂ ਰੀਸਾਂ ਮੇਰੇ ਕਰਤਾਰ ਦੀਆਂ।
ਨਹੀਂ ਰੀਸਾਂ ਦਸ਼ਮੇਸ਼ ਪਿਤਾ ਦੀਆਂ–

ਜੇਹਨਾਂ ਜੁਲਮ ਕਮਾਇਆ ਦੁਨੀਆਂ ਤੇ, ਉਹਨਾਂ ਦਾ ਤ੍ਰਿਸਕਾਰ ਕੀਤਾ।
ਜੇਹਨਾ ਧਰਮ ਦੀ ਰਾਖੀ ਕੀਤੀ ਸੀ, ਉਹਨਾਂ ਨਾਲ ਦਿਲੋਂ ਪਿਆਰ ਕੀਤਾ।
'ਰਿਸ਼ੀ', ਧੰਨ ਧੰਨ ਧੰਨ ਮੇਰੇ ਦਸਮ ਪਿਤਾ, ਨਹੀਂ ਰੀਸਾਂ ਤੇਰੇ ਉਪਕਾਰ ਦੀਆਂ।
ਨਹੀਂ ਰੀਸਾਂ ਤੇਰੇ ਉਪਕਾਰ ਦੀਆਂ, ਨਹੀਂ ਰੀਸਾਂ ਤੇਰੇ ਉਪਕਾਰ ਦੀਆਂ।

00

ਚੰਗੀ ਸੰਗਤ

ਦਰਸ਼ਨ ਕਰੀਏ ਗੁਰੂਆਂ ਦੇ ਗੁਰੂ ਘਰ ਜਾਕੇ, ਗੁਰੂਘਰ ਜਾਕੇ।
ਦਰਸ਼ਨ ਪਾਈਏ ਭਗਤਾਂ ਦੇ ਗੁਰੂ ਘਰ ਜਾਕੇ, ਗੁਰੂਘਰ ਜਾਕੇ।
ਗੁਰੂਘਰ ਜੋ ਵੀ ਸੰਗਤ ਜਾਂਦੀ
ਛੇ ਗੁਰੂਆਂ ਦੀ ਬਾਣੀ ਗਾਉਂਦੀ
ਭਲਾ ਸਰਬੱਤ ਦਾ ਮੰਗਦੀ ਜੀ
ਗੁਰੂਘਰ ਜਾਕੇ, ਗੁਰੂਘਰ ਜਾਕੇ
ਦਰਸ਼ਨ ਕਰੀਏ ਗੁਰੂਆਂ ਦੇ...
ਸੰਗਤ ਜੋ ਵੀ ਸ਼ਰਨ ਵਿਚ ਜਾਂਦੀ
ਪੰਦਰਾਂ ਭਗਤਾਂ ਦਾ ਨਾਮ ਧਿਆਉਂਦੀ
ਫਰਕ ਨਾ ਰੱਖਦੀ ਕੋਈ ਜੀ
ਗੁਰੂਘਰ ਜਾ ਕੇ, ਗੁਰੂਘਰ ਜਾਕੇ
ਦਰਸ਼ਨ ਕਰੀਏ ਗੁਰੂਆਂ ਦੇ...
ਲੰਗਰਾਂ ਦੀ ਸੰਗਤ ਕਰਦੀ ਸੇਵਾ
ਜੋੜਿਆਂ ਦੀ ਸੰਗਤ ਕਰਦੀ ਸੇਵਾ
ਸੇਵਾ ਕਰ ਮੇਵਾ ਪਾਉਂਦੀ ਜੀ
ਗੁਰੂਘਰ ਜਾਕੇ, ਗੁਰੂਘਰ ਜਾਕੇ
ਦਰਸ਼ਨ ਕਰੀਏ ਗੁਰੂਆਂ ਦੇ....
ਮਨ ਦੀ ਮੈਲ ਬੰਦੇ ਦੀ ਲੱਥਦੀ
ਚੰਗੀ ਸੰਗਤ ਦੀ ਰੰਗਤ ਚੜ੍ਹਦੀ
ਸੁਮੱਤ ਹੈ ਮਿਲਦੀ ਬਾਣੀ ਤੋਂ
ਗੁਰੂਘਰ ਜਾਕੇ, ਗੁਰੂਘਰ ਜਾਕੇ
ਦਰਸ਼ਨ ਕਰੀਏ ਗੁਰੂਆਂ ਦੇ...
ਹੋਰ ਕੋਈ ਨਾ ਥਾਂ 'ਰਿਸ਼ੀ' ਐਸਾ
ਜਿੱਥੇ ਸੁੱਖ ਮਿਲਦਾ ਹੋਵੇ ਐਸਾ
ਸੰਗਤ ਤੇ ਸਭ ਕੁਝ ਪਾਉਂਦੀ ਜੀ
ਗੁਰੂਘਰ ਜਾਕੇ, ਗੁਰੂਘਰ ਜਾਕੇ
ਦਰਸ਼ਨ ਕਰੀਏ ਗੁਰੂਆਂ ਦੇ।

00

ਨਨਕਾਣਾ ਸਾਹਿਬ

ਦਿਲ ਵਿਚ ਤਮੰਨਾ ਹੈ ਇੱਕ ਬਾਕੀ, ਨਨਕਾਣਾ ਸਾਹਿਬ ਅਸੀਂ ਵੀ ਜਾ ਆਈਏ।
ਜਿੱਥੇ ਜਨਮੇ ਸ੍ਰੀ ਗੁਰੂ ਨਾਨਕ ਦੇਵ ਜੀ, ਓਸ ਧਰਤ ਨੂੰ ਸੀਸ ਨਿਵਾ ਆਈਏ।।
ਉਹ ਧਰਤ ਨਹੀਂ ਉਹ ਤੇ ਸਵਰਗ ਹੋਣੈ, ਜਿੱਥੇ ਨਾਨਕ ਜੀ ਅਵਤਾਰ ਲਿਆ।
ਹਿੰਦੂ ਅਤੇ ਮੁਸਲਿਮ ਦੋਹਾਂ ਧਰਮਾਂ ਤੋਂ ਉਹਨਾਂ ਇੱਕੋ ਜਿਹਾ ਸਤਿਕਾਰ ਲਿਆ।
ਕੇਹੋ ਜੇਹੇ ਉਹ ਲਗਦੇ ਹੋਣੇ ਨੇ! ਮਨ ਵਿੱਚ ਖਿਆਲ ਕਈ ਆਉਂਦੇ ਨੇ।।
ਦਰਸ਼ਨ ਆਪਾਂ ਵੀ ਕਦੀ ਕਰ ਸਕੀਏ, ਮਨ ਵਿੱਚ ਖਿਆਲ ਕਈ ਆਉਂਦੇ ਨੇ।।
ਉਹਨਾਂ ਦੇ ਚੇਹਰੇ 'ਤੇ ਬੜਾ ਤੇਜ ਹੋਣੈ, ਸੂਰਜ ਜੇਹੀ ਲਾਲੀ ਹੋਣੀ ਏ।
ਹੋਣੈ ਸ਼ਾਂਤ ਸੁਭਾਅ ਨਿਰਾ ਚੰਨ ਵਰਗਾ, ਹਰ ਗੱਲ ਹੀ ਵੱਖਰੀ ਹੋਣੀ ਏ।।
ਬੜੀ ਹੀ ਖੁਸ਼ਕਿਸਮਤ ਹੋਣੀ ਏ ਉਹ ਸੰਗਤ, ਜੇਹਨੇ ਦਰਸ਼ਨ ਕੀਤੇ ਹੋਣੇ ਨੇ।
ਬਾਣੀ ਸੁਣ ਕੇ ਮਿੱਠੀ ਗੁਰੂ ਨਾਨਕ ਦੀ, ਉਹ ਤੇ ਧੰਨ-ਧੰਨ ਹੋ ਗਏ ਹੋਣੇ ਨੇ।।
ਦਿਲ ਵਿਚ ਤਸਵੀਰ ਬਣਾਈ ਹੈ 'ਰਿਸ਼ੀ', ਆਪਣੇ ਪਿਆਰੇ ਗੁਰੂ ਨਾਨਕ ਦੀ।
ਸਾਡੇ ਸਿਰਾਂ ਉੱਤੇ ਹੱਥ ਸਦਾ ਰੱਖਦੇ ਨੇ, ਵਡਿਆਈ ਹੈ ਸਾਡੇ ਨਾਨਕ ਦੀ।।
ਅੱਜ ਜਨਮ ਦਿਹਾੜਾ ਹੈ ਨਾਨਕ ਜੀ ਦਾ, ਆਪਾਂ ਖੁਸ਼ੀਆਂ ਨਾਲ ਮਨਾ ਲਈਏ।
ਬਾਣੀ ਵਿੱਚੋਂ ਦਿਸਦੇ ਨੇ ਗੁਰੂ ਨਾਨਕ ਜੀ, ਬਾਣੀ ਨੂੰ ਸੀਸ ਨਿਵਾ ਦੇਈਏ।।
ਬਾਣੀ ਵਿੱਚੋਂ ਦਿਸਦੇ ਨੇ ਗੁਰੂ ਨਾਨਕ ਜੀ, ਬਾਣੀ ਨੂੰ ਸੀਸ ਨਿਵਾ ਦੇਈਏ।।

00

ਸਿੱਖੀ ’ਤੇ ਵਾਰ ਹੋ ਰਹੇ!

ਸਿੱਖੀ ’ਤੇ ਵਾਰ ਹੋ ਰਹੇ, ਮੰਨਣਾ ਇਹ ਪੈਣਾ ਹੈ।
ਕਦੋਂ ਤਾਈਂ ਜ਼ੁਲਮ ਸਹਾਂਗੇ, ਕਰਨਾ ਕੁਝ ਪੈਣਾ ਹੈ।।

ਦੂਰ ਤਾਈਂ ਨਜ਼ਰ ਮਾਰ ਲਉ! ਬੱਚੇ ਨੇ ਪਤਿਤ ਹੋ ਰਹੇ।
ਵੇਖ ਵੇਖ ਇੱਕ ਦੂਜੇ ਨੂੰ, ਨਸ਼ਿਆਂ ਵਿੱਚ ਗ੍ਰਸਤ ਹੋ ਰਹੇ।।
ਸਿੱਖੀ ਲਈ ਠੀਕ ਨਹੀਂ ਇਹ, ਕਰਨਾ ਕੁਝ ਪੈਣਾ ਹੈ।
ਸਿੱਖੀ ’ਤੇ ਵਾਰ ਹੋ ਰਹੇ.....।
ਸਿੱਖੀ ਦੇ ਨਾਂ ਦੇ ਉੱਤੇ, ਝੂਠੇ ਪ੍ਰਚਾਰ ਹੋ ਰਹੇ।
ਬਾਬੇ ਸੀ ਟਾਵੇਂ ਟਾਵੇਂ, ਦੋ ਦੂਣੀ ਚਾਰ ਹੋ ਰਹੇ।।
ਸਿੱਖੀ ਤੋਂ ਦੂਰ ਕਰ ਰਹੇ, ਕਰਨਾ ਕੁਝ ਪੈਣਾ ਹੈ।
ਸਿੱਖੀ ’ਤੇ ਵਾਰ ਹੋ ਰਹੇ.....।
ਦਿੱਲੀ ਦੰਗਿਆਂ ਦੇ ਪੀੜਤ, ਅੱਤ ਦੇ ਪ੍ਰੇਸ਼ਾਨ ਹੋ ਰਹੇ।
ਸੁਣਵਾਈ ਕਿਸੇ ਨਾ ਕੀਤੀ, ਘੁੰਮ-ਘੁੰਮ ਹੈਰਾਨ ਹੋ ਰਹੇ।।
ਸਿੱਖੀ ਦਾ ਦੁੱਖ ਨਾ ਸਮਝਿਆ, ਕਰਨਾ ਕੁਝ ਪੈਣਾ ਹੈ।
ਸਿੱਖੀ ’ਤੇ ਵਾਰ ਹੋ ਰਹੇ.....।
ਜ਼ਾਹਿਰ ਇਹ ਗੱਲ ਹੋ ਗਈ, ਗੁੱਝੇ ਨੇ ਵਾਰ ਹੋ ਰਹੇ।
ਸਿੱਖੀ ਦੇ ਕਾਇਲ ਸੀ ਜੋ, ਸਿੱਖੀ ਤੋਂ ਬਾਹਰ ਹੋ ਰਹੇ।।
ਸਿੱਖੀ ਦੇ ਸਿੱਖ ਹੀ ਵੈਰੀ, ਕਰਨਾ ਕੁਝ ਪੈਣਾ ਹੈ।
ਸਿੱਖੀ ’ਤੇ ਵਾਰ ਹੋ ਰਹੇ.....।
ਆਉ! ਰਲਕੇ ਕਾਰਨ ਲੱਭੀਏ! ਕਿਉਂ ਐਸੇ ਵਾਰ ਹੋ ਰਹੇ।
ਇੱਕ ਵਾਰ ਦੀ ਗੱਲ ਨਹੀਂ, ਇਹ ਤੇ ਵਾਰ ਵਾਰ ਹੋ ਰਹੇ।।
ਦੇਰ ਨਾ ਹੋ ਜਾਵੇ ‘ਰਿਸ਼ੀ’, ਕਰਨਾ ਕੁੱਝ ਪੈਣਾ ਹੈ।
ਸਿੱਖੀ ’ਤੇ ਵਾਰ ਹੋ ਰਹੇ, ਮੰਨਣਾ ਇਹ ਪੈਣਾ ਹੈ।।
ਕਦੋਂ ਤਾਈਂ ਜ਼ੁਲਮ ਸਹਾਂਗੇ, ਕਰਨਾ ਕੁੱਝ ਪੈਣਾ ਹੈ।।

00

ਸ਼ਹੀਦ

ਦੇਸ਼ ਕੌਮ ਲਈ ਜਿਹੜੇ ਸ਼ਹੀਦ ਹੁੰਦੇ, ਅਨੋਖੀ ਬਾਤ ਹੁੰਦੀ ਉਹਨਾਂ ਪ੍ਰਵਾਨਿਆਂ ਦੀ।
ਨਾ ਕੋਈ ਰੰਗ ਹੁੰਦੈ ਨਾ ਕੋਈ ਉਮਰ ਹੁੰਦੀ, ਨਾ ਜਾਤ ਹੁੰਦੀ ਉਹਨਾਂ ਪ੍ਰਵਾਨਿਆਂ ਦੀ।।
ਜ਼ਿੰਦਗੀ ਨਾਲ ਨਹੀਂ ਵਾਸਤਾ ਰੱਖਦੇ ਉਹ, ਮੌਤ ਗੁਲਾਮ ਹੁੰਦੀ ਉਹਨਾਂ ਪ੍ਰਵਾਨਿਆਂ ਦੀ।
ਦਿਲ ਵਿਚ ਮਰਨ ਦਾ ਹੌਸਲਾ ਰੱਖਦੇ ਉਹ, ਅਣਖ ਜਿਊਂਦੀ ਉਹਨਾਂ ਪ੍ਰਵਾਨਿਆਂ ਦੀ।।
ਸ਼ਿਕਨ ਮੱਥੇ ਤੇ ਕਦੀ ਨਹੀਂ ਆਉਣ ਦਿੰਦੇ, ਵੱਖਰੀ ਆਨ ਹੁੰਦੀ ਉਹਨਾਂ ਪ੍ਰਵਾਨਿਆਂ ਦੀ।
ਖਿੜੇ ਮੱਥੇ ਸ਼ਹਾਦਤ ਦਾ ਜਾਮ ਪੀਂਦੇ, ਵੱਖਰੀ ਸ਼ਾਨ ਹੁੰਦੀ ਉਹਨਾਂ ਪ੍ਰਵਾਨਿਆਂ ਦੀ।।
ਲਾੜੀ ਮੌਤ ਨੂੰ ਜਦੋਂ ਵਿਆਹੁਣ ਤੁਰਦੇ, ਫੌਜ ਜੰਞ ਹੁੰਦੀ ਉਹਨਾਂ ਪ੍ਰਵਾਨਿਆਂ ਦੀ।
ਅਕਾਲ ਪੁਰਖ ਦਾ ਭਾਣਾ ਨੇ ਉਹ ਮੰਨਦੇ, ਪੂਰੀ ਮੰਗ ਹੁੰਦੀ ਉਹਨਾਂ ਪ੍ਰਵਾਨਿਆਂ ਦੀ।
ਸਸ਼ਤਰਾਂ ਨਾਲ ਸਜਾਉਂਦੇ ਨੇ ਤਨ ਆਪਣਾ, ਸਿੱਖੀ ਧੰਨ ਹੁੰਦੀ ਉਹਨਾਂ ਪ੍ਰਵਾਨਿਆਂ ਦੀ।
ਘਬਰਾਉਂਦੇ ਨਹੀਂ ਉਹ ਆਉਂਦੀਆਂ ਔਕੜਾਂ ਤੋਂ, ਭਗਤੀ ਧੰਨ ਹੁੰਦੀ ਉਹਨਾਂ ਪ੍ਰਵਾਨਿਆਂ ਦੀ।।
ਜ਼ੁਲਮ ਸਹਿਣ ਦੀ ਸ਼ਕਤੀ ਅਥਾਹ ਹੁੰਦੀ, ਤਾਹੀਉਂ ਜਿੱਤ ਹੁੰਦੀ ਉਹਨਾਂ ਪ੍ਰਵਾਨਿਆਂ ਦੀ।
ਹੋਲੀ ਖੂਨ ਦੀ ਖੇਡਦੇ ਥੱਕਦੇ ਨਹੀਂ, ਕੁਰਬਾਨ ਜ਼ਿੰਦ ਹੁੰਦੀ ਉਹਨਾਂ ਪ੍ਰਵਾਨਿਆਂ ਦੀ।।
'ਰਿਸ਼ੀ' ਯੋਧੇ ਮਰਕੇ ਵੀ ਸਦਾ ਹੀ ਰਹਿਣ ਜਿਊਂਦੇ, ਇਹਨਾਂ ਦੇ ਸਹਾਰੇ ਹੀ ਜਿਊਂਦੀ ਪਈ ਦੁਨੀਆਂ।
ਬੁਜ਼ਦਿਲ ਜਿਊਂਦੇ ਵੀ ਸਦਾ ਹੀ ਮਰੇ ਰਹਿੰਦੇ, ਹੁੰਦੀ ਇਹਨਾਂ ਦੇ ਕਾਰਨ ਸ਼ਰਮਸ਼ਾਰ ਦੁਨੀਆਂ।।

00

ਸਿੱਖ ਕੌਮ ਹੈ ਸ਼ੇਰਾਂ ਦੀ ਕੌਮ ਬੱਚਿਓ

ਪੋਹ ਦੀ ਰਾਤ ਠੰਡੀ ਨਾਲੇ ਬੁਰਜ ਠੰਡਾ,
ਉਤੋਂ ਹਵਾ ਵੀ ਠੰਡੀ ਪਈ ਵਗਦੀ ਏ
ਬੁੱਕਲ ਵਿਚ ਲੈਕੇ ਦਾਦੀ ਸਾਹਿਬਜ਼ਾਦਿਆਂ ਨੂੰ,
ਗਾਥਾ ਪਈ ਸ਼ਹੀਦੀਆਂ ਦੀ ਦੱਸਦੀ ਏ
ਭਾਣਾ ਮੰਨਕੇ ਸੱਚੇ ਕਰਤਾਰ ਦਾ ਤੇ,
ਤੁਹਾਡੇ ਦਾਦਾ, ਪੜਦਾਦਾ ਸ਼ਹੀਦ ਹੋਏ
ਸਾਨੀ ਨਹੀਂ ਕੋਈ ਉਹਨਾਂ ਦਾ ਜੱਗ 'ਤੇ,
ਦੇਸ਼ ਕੌਮ ਲਈ ਉਹ ਤੇ ਸ਼ਹੀਦ ਹੋਏ
ਗਿਣਤੀ ਨਹੀਂ ਕੋਈ ਉਹਨਾਂ ਸ਼ਹੀਦੀਆਂ ਦੀ,
ਜਿਹੜੇ ਹੱਸ-ਹੱਸ ਆਪ ਸ਼ਹੀਦ ਹੋਏ
ਲਾਜ ਧਰਮ ਦੀ ਉਹਨਾਂ ਬਚਾਈ ਬੱਚਿਓ,
ਬੰਦ-ਬੰਦ ਕਟਵਾ ਸ਼ਹੀਦ ਹੋਏ
ਸਿੱਖ ਕੌਮ ਹੈ ਸ਼ੇਰਾਂ ਦੀ ਕੌਮ ਬੱਚਿਓ,
ਸ਼ੇਰ ਡਰਦੇ ਨਹੀਂ ਡਰਾਉਣ ਬੱਚਿਓ
ਗੋਡੇ ਟੇਕਦੇ ਨਹੀਂ ਉਹ ਜ਼ੁਲਮ ਅੱਗੇ,
ਉਹ ਤੇ ਜ਼ੁਲਮ ਨੂੰ ਜੜ੍ਹੋਂ ਮਿਟਾਉਣ ਬੱਚਿਓ
ਸਬਕ ਦੇਵਾਂ ਮੈਂ ਅੱਜ ਬਹਾਦਰੀ ਦਾ,
ਸਿਦਕੋ ਡੋਲਿਓ ਨਾ ਮੇਰੇ ਬਰਖੁਰਦਾਰ ਬੱਚਿਓ
ਗਿੱਦੜ ਭਬਕੀਆਂ ਤੋਂ 'ਰਿਸ਼ੀ' ਨਾ ਤੁਸੀਂ ਡਰਿਓ,
ਮੇਰੇ ਸੱਚੇ ਸਿੰਘ ਸਰਦਾਰ ਬੱਚਿਓ।।

00

ਗੁਰੂ ਘਰ

ਚੱਲ ਮਨਾ ਚੱਲ! ਗੁਰੂ ਘਰ ਚੱਲੀਏ! ਜੋ ਘਰ ਸਭਨਾ ਦਾ ਸਾਂਝਾ ਹੈ।
ਤੇਰ ਮੇਰ ਨਹੀਂ ਹੁੰਦੀ ਉੱਥੇ, ਉਹ ਦਰ ਸਭਨਾ ਦਾ ਸਾਂਝਾ ਹੈ।
ਗੁਰਦੁਆਰਾ ਹੈ ਘਰ ਗੁਰੂਆਂ ਦਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਜਿੱਥੇ।
ਹਰ ਕੋਈ ਪੜ੍ਹਦੈ, ਸੁਣਦੈ ਬਾਣੀ, ਹੁੰਦਾ ਸਭ ਦਾ ਮਨ ਹੈ ਸ਼ਾਂਤ ਜਿੱਥੇ।।
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ, ਗੁਰੂਆਂ ਦੀ ਹੈ ਬਾਣੀ।।
ਸਗਲੀ ਚਿੰਤ ਮਿਟਾਵੇ ਬਾਣੀ, ਸਭ ਕੁਝ ਸਾਨੂੰ ਸਮਝਾਵੇ ਬਾਣੀ।
ਚੰਗੇ ਪਾਸੇ ਸਾਨੂੰ ਲਾਵੇ ਬਾਣੀ, ਜ਼ਿੰਦਗੀ ਸਵਰਗ ਬਣਾਵੇ ਬਾਣੀ।।
ਬਾਣੀ ਦੇ ਲੜ ਜੋ ਵੀ ਲੱਗਿਐ, ਓਹਦੇ ਲਈ ਹੈ ਸਭ ਕੁਝ ਬਾਣੀ।
ਖੁਸ਼ਕਿਸਮਤ ਹਾਂ ਅਸੀਂ ਸਾਰੇ ਵੇਖੋ! ਸਾਡੇ ਕੋਲ ਅਮੁੱਲੀ ਬਾਣੀ।।
''ਬਾਣੀ ਗੁਰੂ ਗੁਰੂ ਹੈ ਬਾਣੀ, ਵਿਚ ਬਾਣੀ ਅੰਮ੍ਰਿਤ ਸਾਰੇ।
ਬਾਣੀ ਕਹੈ ਸੇਵਕ ਜਨ ਮਾਨੇ, ਪ੍ਰਤੱਖ ਗੁਰੂ ਨਿਸਤਾਰੇ।।''
ਬਾਣੀ ਤੋਂ ਉਪਰ ਕੁਝ ਵੀ ਹੈ ਨਹੀਂ, ਬਾਣੀ ਹੈ ਅਨਮੋਲ ਖਜ਼ਾਨਾ।
ਪਤਾ ਨਹੀਂ ਕਿਉਂ ਬਾਣੀ ਛੱਡ ਕੇ, ਭਟਕ ਰਿਹੈ ਅੱਜ ਸਾਰਾ ਜ਼ਮਾਨਾ।।
ਮਾਨਸ ਜਨਮ ਦੁਰਲੱਭ ਹੈ 'ਰਿਸ਼ੀ', ਪਰ ਕਦਰ ਅਸੀਂ ਨਾ ਜਾਣੀ।
ਬਾਣੀ ਦੇ ਨਾਲ ਜੋੜ ਲੈ ਦਾਤਾ, ਬਾਣੀ ਹੀ ਸਾਡੇ ਕੰਮ ਆਉਣੀ।।
ਪਤਾ ਨਹੀਂ ਕਿਹੜੀ ਥਾਂ ਆਖਰੀ, ਪਤਾ ਨਹੀਂ ਕਿਹੜਾ ਰਾਹ ਆਖਰੀ।
ਹਰ ਵੇਲੇ ਅਸੀਂ ਪੜ੍ਹੀਏ ਬਾਣੀ, ਪਤਾ ਨਹੀਂ ਕਿਹੜਾ ਸਾਹ ਆਖਰੀ।।

00

ਚੜ੍ਹਦੀ ਕਲਾ ਵਿੱਚ ਰਹੇ ਖਾਲਸਾ!

ਚੜ੍ਹਦੀ ਕਲਾ, ਚੜ੍ਹਦੀ ਕਲਾ ਵਿੱਚ ਰਹੇ ਖਾਲਸਾ! ਚੜ੍ਹਦੀ ਕਲਾ।
ਚੜ੍ਹਦੀ ਕਲਾ, ਚੜ੍ਹਦੀ ਕਲਾ ਵਿੱਚ ਰਹੇ ਖਾਲਸਾ! ਚੜ੍ਹਦੀ ਕਲਾ।।

ਖਾਲਿਸ ਮਨ ਦੀ ਕੌਮ ਖਾਲਸਾ,
ਗੁਰੂ ਸਾਹਿਬਾਂ ਦੀ ਦੇਣ ਖਾਲਸਾ।
ਖਾਲਸਾ ਹੈ ਖਾਲਿਸ ਤੋਂ ਖਾਲਿਸ, ਖਾਲਸੇ ਦੀ ਹੈ ਚੜ੍ਹਦੀ ਕਲਾ।।
ਚੜ੍ਹਦੀ ਕਲਾ, ਚੜ੍ਹਦੀ ਕਲਾ ਵਿੱਚ ਰਹੇ ਖਾਲਸਾ! ਚੜ੍ਹਦੀ ਕਲਾ....

ਅਕਾਲ ਪੁਰਖ ਦੀ ਫੌਜ ਖਾਲਸਾ,
ਪ੍ਰਮਾਤਮ ਕੀ ਮੌਜ ਖਾਲਸਾ।
ਹੋਰ ਨਾ ਕੋਈ ਖਾਲਸੇ ਵਰਗਾ, ਖਾਲਸੇ ਦੀ ਹੈ ਚੜ੍ਹਦੀ ਕਲਾ।।
ਚੜ੍ਹਦੀ ਕਲਾ, ਚੜ੍ਹਦੀ ਕਲਾ ਵਿੱਚ ਰਹੇ ਖਾਲਸਾ! ਚੜ੍ਹਦੀ ਕਲਾ....

ਖਾਲਸੇ ਦੇ ਚੇਹਰੇ 'ਤੇ ਤੇਜ ਹੈ ਵੱਖਰਾ,
ਖਾਲਸਾ ਜਗ 'ਤੇ ਦਿਸਦੈ ਵੱਖਰਾ।
ਹਰ ਪਾਸੇ ਖਾਲਸੇ ਦੀ ਚਰਚਾ, ਖਾਲਸੇ ਦੀ ਹੈ ਚੜ੍ਹਦੀ ਕਲਾ।।
ਚੜ੍ਹਦੀ ਕਲਾ, ਚੜ੍ਹਦੀ ਕਲਾ ਵਿੱਚ ਰਹੇ ਖਾਲਸਾ! ਚੜ੍ਹਦੀ ਕਲਾ....

ਮੁਗ਼ਲਾਂ ਸੀ ਹਾਹਾਕਾਰ ਮਚਾਈ,
ਸਿੰਘਾਂ 'ਤੇ ਕੀਤੀ ਉਹਨਾਂ ਚੜ੍ਹਾਈ।
ਮੁਗਲ ਹਰਾਏ ਰਣ ਵਿੱਚ ਸਿੰਘਾਂ, ਖਾਲਸੇ ਦੀ ਰਹੀ ਚੜ੍ਹਦੀ ਕਲਾ।।
ਚੜ੍ਹਦੀ ਕਲਾ, ਚੜ੍ਹਦੀ ਕਲਾ ਵਿੱਚ ਰਹੇ ਖਾਲਸਾ! ਚੜ੍ਹਦੀ ਕਲਾ....

ਖਾਲਸਾ ਖਾਲਸਈ ਰੰਗ ਵਿੱਚ ਰੰਗਿਐ,
ਖਾਲਸਾ ਬਾਣੀ ਦੇ ਲੜ ਲੱਗਿਐ।
'ਰਿਸ਼ੀ', ਖਾਲਸੇ ਨੂੰ ਕਦੀ ਆਂਚ ਨਾ ਆਵੇ, ਖਾਲਸੇ ਦੀ ਰਹੇ ਚੜ੍ਹਦੀ ਕਲਾ।।
ਚੜ੍ਹਦੀ ਕਲਾ, ਚੜ੍ਹਦੀ ਕਲਾ ਵਿੱਚ ਰਹੇ ਖਾਲਸਾ! ਚੜ੍ਹਦੀ ਕਲਾ....

00

ਉਹਨੂੰ ਨਾ ਵਿਸਾਰੀ ਤੂੰ

ਕੰਚਨ ਵਰਗੀ ਦੇਹੀ ਨੇ ਇਕ ਦਿਨ ਮਿੱਟੀ ਵਿੱਚ ਰੁਲ ਜਾਣੈ।
ਵੇਲੇ ਨੂੰ ਸਾਂਭ ਲੈ ਤੂੰ ਇਹ ਵੇਲਾ ਹੱਥ ਨਹੀਂ ਆਉਣੈ।।
ਚੰਗੇ ਕਰਮ ਕਮਾ ਲੈ ਤੂੰ, ਮਾੜੇ ਕੰਮਾਂ ਦੇ ਮਾੜੇ ਨਤੀਜੇ।
ਕਿਸੇ ਨੇ ਸਾਥ ਨਹੀਂ ਦੇਣਾ, ਆਪੇ ਹੀ ਭੁਗਤਣੇ ਪੈਣੇ ਨਤੀਜੇ।
ਸੋਚ ਕੇ ਕੰਮ ਕਰ ਤੂੰ, ਚੰਗੀ ਸੋਚ ਦਾ ਮੁੱਲ ਹੀ ਪੈਣੈ।
ਕੰਚਨ ਵਰਗੀ ਦੇਹੀ ਨੇ.....।
ਰੋਦਿਆਂ ਨੂੰ ਹਸਾ ਦੇ ਤੂੰ, ਰੁੱਸਿਆਂ ਨੂੰ ਮਨਾ ਲੈ ਤੂੰ।
ਬਣ ਕੇ ਹਮਦਰਦ 'ਰਿਸ਼ੀ', ਹਰ ਇਕ ਦਾ ਦਰਦ ਵੰਡਾ ਲੈ ਤੂੰ।
ਇਕ ਵਾਰੀ ਮਿਲੀ ਜ਼ਿੰਦਗੀ, ਇੱਥੇ ਮੁੜ-ਮੁੜ ਕੇ ਨਹੀਂ ਆਉਣੈ।
ਕੰਚਨ ਵਰਗੀ ਦੇਹੀ ਨੇ.....।
ਮੂੰਹੋਂ ਬੋਲ ਕੁਬੋਲ ਨਾ ਬੋਲੀ, ਮਿੱਠੇ ਬੋਲ ਹੀ ਸਭ ਨੂੰ ਭਾਉਂਦੇ।
ਚੰਗਾ ਸੁਣਨ ਦੀ ਆਦਤ ਪਾ ਲੈ, ਕੰਨ ਚੰਗਾ ਹੀ ਸੁਣਨਾ ਚਾਹੁੰਦੇ।
ਹੱਥੀਂ ਸੇਵਾ ਕਰ ਲੈ ਤੂੰ, ਸੇਵਾ ਨੇ ਕੰਮ ਤੇਰੇ ਆਉਣੈ।
ਕੰਚਨ ਵਰਗੀ ਦੇਹੀ ਨੇ.....।
ਮੂੰਹੋਂ ਕੱਢ ਕੇ ਬੁਰਕੀ ਤੂੰ, ਭੁੱਖੇ ਦੇ ਮੂੰਹ 'ਚ ਪਾ ਦੇ।
ਤਨ ਦਾ ਕੱਪੜਾ ਵੀ ਤੂੰ, ਨੰਗੇ ਦੇ ਤਨ ਤੇ ਸਜ਼ਾ ਦੇ।
ਹੱਥੀਂ ਆਪਣੇ ਦੇ ਦੇ ਤੂੰ, ਹੱਥੀ ਦਿੱਤਾ ਕੰਮ ਤੇਰੇ ਆਉਣੈ।
ਕੰਚਨ ਵਰਗੀ ਦੇਹੀ ਨੇ.....।
ਦੇ ਕੇ ਨਾ ਚਿਤਾਰੀ ਤੂੰ, ਦੇਣ ਵਾਲਾ ਹੈ ਇੱਕੋ ਦਾਤਾ।
ਸਭ ਨੂੰ ਓਹੀਓ ਦਿੰਦਾ ਹੈ, ਬੜਾ ਹੀ ਬੇਅੰਤ ਹੈ ਦਾਤਾ।
ਉਹਨੂੰ ਨਾ ਵਿਸਾਰੀ ਤੂੰ, ਆਖਿਰ ਉਹਦੇ ਕੋਲ ਹੀ ਜਾਣੈ।
ਕੰਚਨ ਵਰਗੀ ਦੇਹੀ ਨੇ.....।

00

ਆਪਣੀਆਂ ਨਜ਼ਰਾਂ ਵਿੱਚ ਆਪ ਮੈਂ ਗਿਰੀ ਜਾਵਾਂ!

ਕਦੀ ਵੇਖਦੀ ਹਾਂ ਗੜ੍ਹੀ ਚਮਕੌਰ ਦੀ ਮੈਂ, ਕਦੀ ਕੰਧ ਸਰਹੰਦ ਦੀ ਵੇਖਦੀ ਹਾਂ।
ਕਦੀ ਵੇਖਦੀ ਹਾਂ ਚਾਂਦਨੀ ਚੌਂਕ ਵੱਲ ਮੈਂ, ਕਦੀ ਪੁਰੀ ਅਨੰਦ ਦੀ ਵੇਖਦੀ ਹਾਂ।
ਜੇਹੜੀ ਦੇਗ਼ ਵਿੱਚ ਉਬਾਲੇ ਸੀ ਗੁਰੂ ਪੰਜਵੇਂ, ਉਸ ਉਬਲਦੀ ਦੇਗ਼ ਨੂੰ ਵੇਖਦੀ ਹਾਂ।
ਜਿਹੜੇ ਪਿੰਜਰੇ ਵਿਚ ਕੈਦ ਸੀ ਗੁਰੂ ਨੌਵੇਂ, ਤਿੱਖੇ ਦੰਦੇ ਉਸ ਪਿੰਜਰੇ ਦੇ ਵੇਖਦੀ ਹਾਂ।
ਚਲਦੇ ਆਰੇ ਕਿਤੇ ਮੈਨੂੰ ਨੇ ਨਜ਼ਰ ਆਉਂਦੇ, ਕਿਤੇ ਰੰਬੀਆਂ ਦੀ ਮਾਰ ਮੈਂ ਵੇਖਦੀ ਹਾਂ।
ਪਿਤਾ ਦਸ਼ਮੇਸ਼ ’ਤੇ ਜਿਸ ਨੇ ਪ੍ਰਹਾਰ ਕੀਤਾ, ਉਸ ਤਲਵਾਰ ਦੀ ਧਾਰ ਮੈਂ ਵੇਖਦੀ ਹਾਂ।
ਜਿਹਨਾਂ ਵਾਰ ਕੀਤਾ ਵੱਡੇ ਸਾਹਿਬਜ਼ਾਦਿਆਂ ’ਤੇ ਉਹਨਾਂ ਵਹਿਸ਼ੀਆਂ ਨੂੰ ਪ੍ਰਤੱਖ ਮੈਂ ਵੇਖਦੀ ਹਾਂ।
ਜਿਹਨਾਂ ਵਾਰ ਕੀਤਾ ਛੋਟੇ ਸਾਹਿਬਜ਼ਾਦਿਆਂ ’ਤੇ, ਉਹਨਾਂ ਦਰਿੰਦਿਆਂ ਨੂੰ ਪ੍ਰਤੱਖ ਮੈਂ ਵੇਖਦੀ ਹਾਂ,
ਇਕ ਇਕ ਨਜ਼ਾਰਾ ਹੈ ਸਾਫ਼ ਦਿਸਦਾ, ਬੰਦ ਬੰਦ ਕਟਵਾਉਂਦੇ ਮੈਂ ਵੇਖਦੀ ਹਾਂ।
ਬਹੁਤੀ ਦੇਰ ਨਹੀਂ ਹੋਈ, ਜਦੋਂ ਸੀ ਇਹ ਹੋਇਆ, ਸਭ ਤਾਜ਼ੇ ਨਜ਼ਾਰੇ ਮੈਂ ਵੇਖਦੀ ਹਾਂ।
ਚੌਂਹੀਂ ਪਾਸੀਂ ਮੈਂ ਜਿੱਧਰ ਵੀ ਨਜ਼ਰ ਮਾਰਾਂ, ਕੀਮਤੀ ਖੂਨ ਸ਼ਹੀਦਾਂ ਦਾ ਵੇਖਦੀ ਹਾਂ।
ਆਪਣੀਆਂ ਨਜ਼ਰਾਂ ਵਿੱਚ ਆਪ ਮੈਂ ਗਿਰੀ ਜਾਵਾਂ, ਜਦੋਂ ਪਤਿਤ ਹੋਇਆ ਸਿੱਖ ਕੋਈ ਵੇਖਦੀ ਹਾਂ।
ਜਿਹਨਾਂ ਲਈ ਇਹ ਸਾਰੇ ਸ਼ਹੀਦ ਹੋਏ, ਕਿਉਂ ਨਹੀਂ ਉਹਨਾਂ ਨੂੰ ਇਹ ਸਭ ਨਜ਼ਰ ਆਉਂਦੇ,
ਸਿੱਖੀ ਤੋਂ ਭਟਕ ਰਹੇ ਨੇ ‘ਰਿਸ਼ੀ’, ਜਿਹੜੇ, ਕਿਉਂ ਨਹੀਂ ਗੁਰਸਿੱਖ ਉਹਨਾਂ ਨੂੰ ਨਜ਼ਰ ਆਉਂਦੇ।
ਕਿਉਂ ਨਹੀਂ ਗੁਰਸਿੱਖ ਉਹਨਾਂ ਨੂੰ ਨਜ਼ਰ ਆਉਂਦੇ?

00

ਕੱਲ, ਅੱਜ ਅਤੇ ਕੱਲ

ਕੱਲ ਨਾਲੋਂ ਅੱਜ ਚੰਗੈ, ਕੱਲ ਅੱਜ ਨਾਲੋਂ ਚੰਗਾ ਹੋਊ।
ਏਸੇ ਹੀ ਉਮੀਦ ਵਿੱਚ, ਬਾਕੀ ਰਹਿੰਦਾ ਸਮਾਂ ਕੱਟ ਹੋਊ।।

ਹੋਵੀਂ ਨਾ ਉਦਾਸ ਕਦੀ ਬੀਤੇ ਕੱਲ ਬਾਰੇ ਸੋਚ ਕੇ।
ਹੋਵੀਂ ਨਾ ਉਦਾਸ ਕਦੀ ਆਉਣ ਵਾਲੇ ਬਾਰੇ ਸੋਚ ਕੇ।।
ਅੱਜ ਨੂੰ ਤੂੰ ਸਾਂਭ, ਫਿਰ ਬਾਕੀ ਸਭ ਠੀਕ ਹੋਊ....2
ਕੱਲ ਨਾਲੋਂਅੱਜ ਚੰਗੈ.....
ਲੱਭਦਾ ਨਹੀਂ ਕੁੱਝ ਵੀ ਬੀਤੇ ਕੱਲ ਬਾਰੇ ਸੋਚ ਕੇ।
ਲੱਭਦਾ ਨਹੀਂ ਕੁਝ ਵੀ, ਆਉਣ ਵਾਲੇ ਬਾਰੇ ਸੋਚ ਕੇ।।
ਸੋਚ ਬਸ ਹੁਣ ਬਾਰੇ, ਫਿਰ ਬਾਕੀ ਸਭ ਠੀਕ ਹੋਊ....2
ਕੱਲ ਨਾਲੋਂਅੱਜ ਚੰਗੈ.....
ਸੋਚ ਕੇ ਅਤੀਤ ਬਾਰੇ, ਦੁੱਖ ਲੱਗ ਜਾਂਦੈ ਦਿਲ ਨੂੰ।
ਆਉਣ ਵਾਲੇ ਬਾਰੇ ਸੋਚ, ਬੋਝ ਦੱਬ ਲੈਂਦੈ ਮਨ ਨੂੰ।।
ਦਿਲ ਨੂੰ ਬਚਾ, ਬੋਝ ਮਨ ਤੋਂ ਹਟਾ, ਫਿਰ ਬਾਕੀ ਸਭ ਠੀਕ ਹੋਊ.....2
ਕੱਲ ਨਾਲੋਂਅੱਜ ਚੰਗੈ.....
ਆਪਣੀ ਹੀ ਕਿਸ਼ਤੀ ਦੀ, ਆਪ ਹੀ ਤੂੰ ਮਲਾਹ ਹੈ।
ਆਪਣੀਆਂ ਕੀਤੀਆਂ ਦੀ, ਆਪ ਹੀ ਤੂੰ ਗਵਾਹ ਹੈ।।
ਭਰੋਸਾ ਰੱਖ ਆਪਣੇ 'ਤੇ, ਫਿਰ ਬਾਕੀ ਸਭ ਠੀਕ ਹੋਊ.....2
ਕੱਲ ਨਾਲੋਂਅੱਜ ਚੰਗੈ.....
ਜਿਹਨੇ ਤੈਨੂੰ ਭੇਜਿਆ ਹੈ, 'ਰਿਸ਼ੀ', ਇਸ ਸੋਹਣੇ ਜੱਗ ਉੱਤੇ।
ਉਹੀਉ ਹੈ ਸਹਾਰਾ ਤੇਰਾ, ਸੱਚੋ ਸੱਚ ਦੱਸਾਂ ਜੱਗ ਉੱਤੇ।।
ਡੋਰ ਰੱਖ ਉਹਦੇ ਉੱਤੇ, ਫਿਰ ਬਾਕੀ ਸਭ ਠੀਕ ਹੋਊ....2
ਕੱਲ ਨਾਲੋਂਅੱਜ ਚੰਗੈ.....

00

ਮੈਂ ਇਕੱਲੀ ਸੜਕ ’ਤੇ ਤੁਰੀ ਜਾ ਰਹੀ ਹਾਂ

ਮੈਂ ਇਕੱਲੀ ਸੜਕ ’ਤੇ ਤੁਰੀ ਜਾ ਰਹੀ ਹਾਂ, ਪੱਤਿਆਂ ਦੀ ਖੜ੍ਹ-ਖੜ੍ਹ ਸੁਣੀ ਜਾ ਰਹੀ ਹਾਂ।
ਦਿਸਦਾ ਨਹੀਂ ਕੋਈ ਵੀ ਬੰਦਾ ਸੜਕ ’ਤੇ, ਕਾਰਾਂ ਦੀ ਗਿਣਤੀ ਕਰੀ ਜਾ ਰਹੀ ਹਾਂ।

ਕਿਤਿਓਂ ਵੀ ਕੋਈ ਆਵਾਜ਼ ਨਾ ਆਵੇ, ਦਿਲ ਦੀ ਮੈਂ ਧੜਕਨ ਸੁਣੀ ਜਾ ਰਹੀ ਹਾਂ।
ਦਿਲ ਵੀ ਨਹੀਂ ਲੱਗਦਾ ਇਕੱਲਿਆਂ ਹੁਣ ਇੱਥੇ, ਯਾਦ ਮੈਂ ਸਾਥੀ ਨੂੰ ਕਰੀ ਜਾ ਰਹੀ ਹਾਂ।
ਮੈਂ ਇਕੱਲੀ ਸੜਕ ’ਤੇ.....।
ਦੋ ਥਾਂ ਕਿਉਂ ਰੱਬਾ! ਤੂੰ ਘਰ ਨੇ ਬਣਾਏ? ਲੰਮੇ ਲੰਮੇ ਮੈਂ ਹਉਕੇ ਭਰੀ ਜਾ ਰਹੀ ਹਾਂ।
ਨਾ ਕੋਲ ਪਤੀ ਹੈ ਨਾ ਕੋਲ ਨੇ ਬੱਚੇ! ਇੰਤਜ਼ਾਰ ਦੋਹਾਂ ਦਾ ਕਰੀ ਜਾ ਰਹੀ ਹਾਂ।
ਮੈਂ ਇਕੱਲੀ ਸੜਕ ’ਤੇ.....।
‘ਅਮਰੀਕਾ ਵਿੱਚ ਆਏ ਤਾਂ ਹੋਇਆ ਹੈ ਏਦਾਂ’, ਆਪੇ ਦਲੀਲਾਂ ਦੇਈ ਜਾ ਰਹੀ ਹਾਂ।
‘ਇੰਡੀਆ ਵਿੱਚ ਰਹਿੰਦੇ ਤਾਂ ਹੁੰਦਾ ਨਾ ਏਦਾਂ’, ਮਨ ਨੂੰ ਤਸੱਲੀ ਦੇਈ ਜਾ ਰਹੀ ਹਾਂ।
ਮੈਂ ਇਕੱਲੀ ਸੜਕ ’ਤੇ.....।
ਕੀ ਚੰਗਾ ਹੈ ਏਥੇ? ਕੀ ਮਾੜਾ ਹੈ ਏਥੇ? ਸੋਚਾਂ ਦੇ ਵਿੱਚ ਮੈਂ ਮਰੀ ਜਾ ਰਹੀ ਹਾਂ।
ਕੀ ਚੰਗਾ ਹੈ ਉਥੇ? ਕੀ ਮਾੜਾ ਹੈ ਉੱਥੇ? ਮੁਲਖ਼ਾਂ ਦਾ ਮੁਕਾਬਲਾ ਕਰੀ ਜਾ ਰਹੀ ਹਾਂ।
ਮੈਂ ਇਕੱਲੀ ਸੜਕ ’ਤੇ.....।
ਕਿੰਨੇ ਜ਼ਖ਼ਮ ਮੈਨੂੰ ਦਿੱਤੇ ਕਿਸੇ ਨੇ? ਉਂਗਲਾਂ ’ਤੇ ਗਿਣਤੀ ਕਰੀ ਜਾ ਰਹੀ ਹਾਂ।
ਕਿੰਨਾ ਲਹੂ ਮੇਰਾ ਪੀਤੈ ਕਿਸੇ ਨੇ? ਓਸੇ ਦੀ ਮਿਣਤੀ ਕਰੀ ਜਾ ਰਹੀ ਹਾਂ।
ਮੈਂ ਇਕੱਲੀ ਸੜਕ ’ਤੇ.....।
‘ਰਿਸ਼ੀ’ ਫਿਰ ਵੀ ਸਬਰ ਮੈਨੂੰ ਦਿਤੈ ਉਸ ਦਾਤੇ, ਸ਼ੁਕਰਾਨਾ ਮੈਂ ਹਰ ਪਲ ਕਰੀ ਜਾ ਰਹੀ ਹਾਂ।
‘ਐਵੇਂ ਨਾ ਉਦਾਸੀ ਵਿੱਚ ਦਿਨ ਤੂੰ ਗੁਜ਼ਾਰੀ’, ਮਨ ਨਾਲ ਸਲਾਹਾਂ ਕਰੀ ਜਾ ਰਹੀ ਹਾਂ।
ਮੈਂ ਇਕੱਲੀ ਸੜਕ ’ਤੇ.....।

00

ਫੁਰਸਤ ਦੇ ਪਲ

ਫੁਰਸਤ ਦੇ ਪਲਾਂ ਨੂੰ ਲੱਭਦੀ ਲੱਭਦੀ, ਫੁਰਸਤ ਦੇ ਪਲ ਗਵਾ ਬੈਠੀ।
ਫੁਰਸਤ ਨਾ ਮਿਲੀ ਜਿੰਦਗੀ ਭਰ ਮੈਨੂੰ, ਜਿੰਦਗੀ ਮੈਂ ਸਾਰੀ ਗਵਾ ਬੈਠੀ
ਪਹਿਲਾਂ ਇਹ ਕਰ ਲਾਂ ਫਿਰ ਬੈਠਾਂਗੀ,
ਫਿਰ ਓਹ ਕਰ ਲਾਂ ਫਿਰ ਬੈਠਾਂਗੀ।
ਬੈਠਣ ਦਾ ਸਮਾਂ ਤੇ ਨਾ ਲੱਗਿਆ, ਨੱਠ ਭੱਜ ਵਿੱਚ ਸਮਾਂ ਗਵਾ ਬੈਠੀ
ਫੁਰਸਤ ਦੇ ਪਲਾਂ ਨੂੰ ਲੱਭਦੀ ਲੱਭਦੀ.....।
ਆਪਣੇ ਆਪ ਨਾਲ ਧੋਖਾ ਕੀਤਾ ਮੈਂ,
ਕੀ ਗੱਲ ਕਰਨੀ ਹੈ ਦੂਜੇ ਦੀ।
ਦੂਜੇ ਨੂੰ ਕਿਉਂ ਬਦਨਾਮ ਕਰਾਂ, ਆਪੇ ਆਪਣਾ ਮਨ ਸਤਾ ਬੈਠੀ।
ਫੁਰਸਤ ਦੇ ਪਲਾਂ ਨੂੰ ਲੱਭਦੀ ਲੱਭਦੀ.....।
ਲੇਖੇ-ਜੋਖੇ ਵਿੱਚ ਹੀ ਉਲਝੀ ਮੈਂ ਰਹੀ,
ਲੇਖਾ-ਜੋਖਾ ਪਰ ਮੁੱਕਿਆ ਨਾ।
ਲੇਖਾ ਜੋਖਾ ਕਿਸੇ ਦਿਨ ਤੇ ਮੁੱਕੇਗਾ, ਓਸੇ ਦਿਨ ਦੀ ਆਸ ਲਗਾ ਬੈਠੀ।
ਫੁਰਸਤ ਦੇ ਪਲਾਂ ਨੂੰ ਲੱਭਦੀ ਲੱਭਦੀ.....।
ਕਿਸੇ ਦੇ ਕੰਮ ਜੇ ਮੈਂ ਨਾ ਆਈ,
ਕੀ ਫਾਇਦਾ ਹੈ ਫਿਰ ਜਿਉਣ ਦਾ।
ਫਾਇਦੇ ਦੀ ਗੱਲ ਕਰਦੀ ਕਰਦੀ, ਆਪਣਾ ਹੀ ਨੁਕਸਾਨ ਕਰਾ ਬੈਠੀ।
ਫੁਰਸਤ ਦੇ ਪਲਾਂ ਨੂੰ ਲੱਭਦੀ ਲੱਭਦੀ.....।
ਬਹਾਰ ਆਉਣ ਤੇ 'ਰਿਸ਼ੀ' ਫੁੱਲ ਖਿੜਦੇ,
ਮਗਰੋਂ ਤੇ ਫੁਲ ਕੁਮਲਾ ਜਾਂਦੇ।
ਏਹੀਓ ਜ਼ਿੰਦਗੀ ਦੀ ਕਹਾਣੀ ਹੈ ਕਹਾਣੀ ਦਾ ਅੰਤ ਸੁਣਾ ਬੈਠੀ।
ਫੁਰਸਤ ਦੇ ਪਲਾਂ ਨੂੰ ਲੱਭਦੀ ਲੱਭਦੀ....।

00

ਤਸਵੀਰਾਂ ਮੂੰਹੋਂ ਨੇ ਬੋਲਦੀਆਂ

ਬਿਰਧ ਘਰ ਵਿੱਚ ਰਹਿੰਦੀ ਇਕ ਮਾਤਾ ਦੀ, ਸੱਚੀ ਗਾਥਾ ਆਖ ਸੁਣਾਉਂਦੀ ਹਾਂ।
ਜੋ ਲੰਮੇ ਸਮੇਂ ਤੋਂ ਇੱਥੇ ਰਹਿੰਦੀ ਹੈ। ਉਸਦੀ ਗੱਲਬਾਤ ਸੁਣਾਉਂਦੀ ਹਾਂ।
ਉਹ ਆਪ ਤੇ ਬੋਲਣਯੋਗ ਨਹੀਂ, ਉਸਦੀਆਂ ਤਸਵੀਰਾਂ ਮੂੰਹੋਂ ਨੇ ਬੋਲਦੀਆਂ।
ਤਸਵੀਰਾਂ ਹੀ ਉਸ ਦੀ ਜ਼ਿੰਦਗੀ ਦੇ ਸਭ ਭੇਦ ਪਈਆਂ ਨੇ ਖੋਹਲਦੀਆਂ।
ਬਚਪਨ ਤੋਂ ਲੈ ਕੇ ਅੱਜ ਤੱਕ ਦੀ ਤਸਵੀਰ ਕਮਰੇ ਵਿੱਚ ਟੰਗੀ ਹੈ।
ਸਾਥੀ ਸੀ ਉਹ ਸਾਰੀ ਦੁਨੀਆਂ ਦੀ, ਅੱਜ ਤਨਹਾਈ ਉਸਦੀ ਸੰਗੀ ਹੈ।
ਰੰਗ ਬਦਲ ਗਏ ਤਸਵੀਰਾਂ ਦੇ ਅਤੇ ਬਦਲ ਗਈਆਂ ਤਕਦੀਰਾਂ ਨੇ।
ਲੱਗਦੀ ਸੀ ਹੂਰ ਪਰੀ ਪਹਿਲਾਂ ਹੁਣ ਚੇਹਰੇ 'ਤੇ ਮਹੀਨ ਲਕੀਰਾਂ ਨੇ।
ਹਰ ਲਕੀਰ ਦੇ ਪਿੱਛੇ ਕਹਾਣੀ ਹੈ, ਜੋ ਸਿਰਫ ਮਾਤਾ ਨੇ ਜਾਣੀ ਹੈ।
ਸ਼ੁਰੂ ਤੇ ਪਤਾ ਨਹੀਂ ਕਿੱਥੋਂ ਹੋਈ ਪਰ ਇੱਥੇ ਹੀ ਮੁੱਕ ਜਾਣੀ ਹੈ।
ਤਸਵੀਰਾਂ ਤੋਂ ਇਉਂ ਲੱਗਦਾ ਹੈ ਕੋਈ ਵੱਡੀ ਹੀ ਅਫਸਰ ਹੋਵੇਗੀ।
ਕੰਮ ਕਰਕੇ ਸਾਰਾ ਘਰ ਦਾ ਉਹ ਫਿਰ ਕੰਮ ਤੇ ਜਾਂਦੀ ਹੋਵੇਗੀ।
ਆਪਣੇ ਬੱਚੇ ਪਾਲ ਕੇ ਉਹਨੇ ਵੀ ਵੱਡੇ ਤੇ ਕੀਤੇ ਹੋਣੇ ਨੇ।
ਨਾਲ ਪਤੀ ਦੇ ਰਹਿ ਕੇ ਉਹਨੇ ਸਭ ਦੁੱਖ ਸੁੱਖ ਵੰਡੇ ਹੋਣੇ ਨੇ।
ਪੇਕੇ ਤੇ ਸਹੁਰੇ ਪਰਿਵਾਰਾਂ ਨਾਲ ਉਹਨੇ ਹਰ ਕਾਜ ਨਿਭਾਇਆ ਹੋਵੇਗਾ।
ਮਿਲ ਕੇ ਦੋਹਾਂ ਪਰਿਵਾਰਾਂ ਨਾਲ ਉਹਨੇ ਘਰ ਬਾਹਰ ਸਜਾਇਆ ਹੋਵੇਗਾ।
ਅੱਜ ਤੁਰਨ ਤੋਂ ਵੀ ਲਚਾਰ ਹੈ ਉਹ, ਨਜਰ ਵੀ ਥੋੜ੍ਹੀ ਹੋਈ ਹੈ।
ਕੰਨਾਂ ਤੋਂ ਵੀ ਉੱਚਾ ਸੁਣਦਾ ਹੈ, ਕਮਜ਼ੋਰ ਵੀ ਵਾਧੂ ਹੋਈ ਹੈ।
ਹਰ ਕੰਮ ਲਈ ਮੱਦਦ ਹੈ ਚਾਹੀਦੀ, ਦੂਜੇ 'ਤੇ ਨਿਰਭਰ ਹੋਈ ਹੈ।
ਉਹਦੇ ਚਿਹਰੇ ਤੋਂ ਇਉਂ ਲੱਗਦਾ ਹੈ, ਜਿੰਦਗੀ ਤੋਂ ਖਫ਼ਾ ਉਹ ਹੋਈ ਹੈ।
ਕਿੱਥੇ ਚਲੇ ਜਾਂਦੇ ਨੇ ਉਹ ਦਿਨ, ਕਿੱਥੇ ਚਲੇ ਜਾਂਦੀਆਂ ਨੇ ਉਹ ਰਾਤਾਂ।
ਕਿਉਂ ਛੱਡ ਜਾਂਦੇ ਨੇ ਉਹ ਰੁਲਣ ਲਈ, ਜਿਹਨਾਂ ਨਾਲ ਹੁੰਦੀਆਂ ਸੀ ਗੱਲਾਬਾਤਾਂ।
ਬਜ਼ੁਰਗਾਂ ਨੂੰ ਹੁੰਦੀ ਹੈ ਜਰੂਰਤ ਸਾਡੀ, ਜਿੰਦਗੀ ਭਰ ਉਹਨਾਂ ਨਾਲ ਸਾਥ ਨਿਭਾਈਏ।
ਜਵਾਨੀ ਹੁੰਦੀ ਹੈ ਚਾਰ ਦਿਨਾਂ ਦੀ 'ਰਿਸ਼ੀ' ਇਸ ਗੱਲ ਨੂੰ ਨਾ ਦਿਲੋਂ ਭੁਲਾਈਏ।

00

ਜਿੰਦਗੀ ਪਿਆਰੀ ਜੇਹੀ

ਕਰ ਸਭਨਾਂ ਨਾਲ ਤੂੰ ਪਿਆਰ, ਜਿੰਦਗੀ ਪਿਆਰੀ ਜੇਹੀ।
ਕੱਢ ਦਿਲ ਵਿੱਚੋਂ ਤੂੰ ਹੰਕਾਰ, ਜਿੰਦਗੀ ਨਿੱਕੀ ਜੇਹੀ।

ਨਫਰਤ ਨੂੰ ਦੇਹ ਤੂੰ ਵਿਸਾਰ, ਜਿੰਦਗੀ ਪਿਆਰੀ ਜੇਹੀ।
ਰੱਖ ਦੇਹ ਪਾਸੇ ਤੂੰ ਹਥਿਆਰ, ਜਿੰਦਗੀ ਨਿੱਕੀ ਜੇਹੀ।

ਦੁੱਖ ਸੁੱਖ ਵੰਡ ਤੂੰ ਯਾਰ, ਜਿੰਦਗੀ ਪਿਆਰੀ ਜੇਹੀ।
ਕਰ ਕੁੱਝ ਚੰਗਾ ਤੂੰ ਯਾਰ, ਜਿੰਦਗੀ ਨਿੱਕੀ ਜੇਹੀ।

ਹਰ ਕੰਮ ਕਰ ਸੋਚ ਵੀਚਾਰ, ਜਿੰਦਗੀ ਪਿਆਰੀ ਜੇਹੀ।
ਲੈ ਆ ਜਿੰਦਗੀ ਵਿੱਚ ਬਹਾਰ, ਜਿੰਦਗੀ ਨਿੱਕੀ ਜੇਹੀ।

ਸੱਚੇ ਨਾਮ ਦਾ ਹੋਕਾ ਮਾਰ, ਜਿੰਦਗੀ ਪਿਆਰੀ ਜੇਹੀ।
ਆਪਣੀ ਜਿੰਦਗੀ ਨੂੰ 'ਰਿਸ਼ੀ' ਸਵਾਰ, ਜਿੰਦਗੀ ਨਿੱਕੀ ਜੇਹੀ।
ਆਪਣੀ ਜਿੰਦਗੀ ਨੂੰ 'ਰਿਸ਼ੀ' ਸ਼ਿੰਗਾਰ, ਜਿੰਦਗੀ ਪਿਆਰੀ ਜੇਹੀ।

00

ਦਿਲ ਦੀ ਧੜਕਨ ਰੁਕ ਜਾਂਦੀ

ਦਿਲ ਦੀ ਧੜਕਨ ਰੁਕ ਜਾਂਦੀ, ਬੇਲੀਓ! ਕੰਮ ਨਾ ਕਦੀ ਵੀ ਰੁਕਦੇ।
ਇਹ ਜ਼ਿੰਦਗੀ ਮੁੱਕ ਜਾਂਦੀ, ਹਾਣੀਓ! ਕੰਮ ਨਾ ਕਦੀ ਵੀ ਮੁੱਕਦੇ।

ਹਰ ਬੰਦਾ ਇਹੀ ਸੋਚੇ, 'ਮੈਂ ਹੀ ਸਭ ਕੁੱਝ ਹਾਂ ਕਰਦਾ।
ਸਭ ਮੇਰੇ ਵਸ ਵਿੱਚ ਹੈ, ਮੇਰੇ ਬਿਨ ਨਾ ਕਿਸੇ ਦਾ ਸਰਦਾ।
ਆਪਣੀ ਹੀ ਤਾਰੀਫ ਕਰੇ, ਵੀਚਾਰ ਬੜੇ ਉਹਨੂੰ ਫੁਰਦੇ।
ਦਿਲ ਦੀ ਧੜਕਨ ਰੁਕ ਜਾਂਦੀ.....।
ਚਾਰੇ ਪਾਸੇ ਹੀ ਹੱਥ ਮਾਰੇ, ਨਸਦਾ ਭੱਜਦਾ ਨਾ ਹਾਰੇ।
ਹੁੱਬ-ਹੁੱਬ ਕੇ ਉਹ ਆਖੇ, ''ਅਨੇਕਾਂ ਬੰਦੇ ਮੈਂ ਚਾਰੇ।''
ਦੇਰ-ਸਵੇਰ ਜੇ ਹੋ ਜਾਵੇ, ਤਾਂ ਸਾਹ ਬੰਦੇ ਦੇ ਸੁੱਕਦੇ।
ਦਿਲ ਦੀ ਧੜਕਨ ਰੁਕ ਜਾਂਦੀ.....।
ਪਸਾਰੇ-ਪਸਾਰ ਲੈਂਦਾ ਹੈ ਏਨੇ, ਸਾਂਭ ਨਾ ਉਸ ਤੋਂ ਹੁੰਦੇ।
ਫਿਕਰਾਂ ਵਿੱਚ ਰਹੇ ਹਰਦਮ, ਫਿਕਰ ਖ਼ਤਮ ਨਾ ਹੁੰਦੇ।
ਪਿੱਛਾ ਛੱਡਦੀਆਂ ਨਾ ਸੋਚਾਂ, ਸੋਚਾਂ ਸੋਚੇ ਤੁਰਦੇ ਤੁਰਦੇ।
ਦਿਲ ਦੀ ਧੜਕਨ ਰੁਕ ਜਾਂਦੀ.....।
ਜ਼ਿੰਦਗੀ ਥੋੜ੍ਹੀ ਤੇ ਕੰਮ ਬਹੁਤੇ, ਕਦੀ ਕਦੀ ਇਉਂ ਲੱਗਦੈ।
ਕੀ ਛੱਡੇ ਤੇ ਕੀ ਕਰੇ, ਉਲਝਣ ਜੇਹੀ ਵਿੱਚ ਫਸਦੈ।
ਫਸਿਆ ਰਹਿੰਦੈ ਅੰਤ ਤਾਈਂ, ਜਦੋਂ ਤਾਈਂ ਸਾਹ ਨਾ ਬੰਦੇ ਦੇ ਮੁੱਕਦੇ।
ਦਿਲ ਦੀ ਧੜਕਨ ਰੁਕ ਜਾਂਦੀ.....।
ਇੱਥੇ ਬਹਿ ਨਾ 'ਰਿਸ਼ੀ' ਕਿਸੇ ਰਹਿਣਾ, ਇਹ ਗੱਲ ਕਹਿੰਦੇ ਅਕਸਰ ਸਾਰੇ।
ਫਿਰ ਵੀ ਭੱਜੇ ਫਿਰਦੇ ਨੇ ਵੇਖੋ ਛੋਟੇ ਵੱਡੇ ਸਾਰੇ।
ਚਿੰਨ ਪ੍ਰੇਸ਼ਾਨੀ ਦੇ ਵਾਲੇ, ਮੱਥੇ 'ਤੇ ਦਿਸਦੇ ਨਾ ਲੁਕਦੇ।
ਦਿਲ ਦੀ ਧੜਕਨ ਰੁਕ ਜਾਂਦੀ.....।

00

ਜੇ ਔਰਤ, ਔਰਤ ਦੇ ਦਰਦ ਨੂੰ ਸਮਝ ਜਾਵੇ!

ਗੱਲ ਕਰੀਏ ਜੇ ਔਰਤ ਦੇ ਰਿਸ਼ਤਿਆਂ ਦੀ,
ਹਰ ਰਿਸ਼ਤੇ ਦੀ ਨੀਂਹ ਤੇ ਧਰੇ ਔਰਤ।
ਬੇਟੀ ਬਣਕੇ ਜਨਮ ਲੈਂਦੀ ਘਰ ਮਾਪਿਆਂ ਦੇ,
ਨੂੰਹ ਬਣ ਕੇ ਸਹੁਰੇ ਘਰ ਰਹੇ ਔਰਤ।
ਭੈਣ, ਭਤੀਜੀ, ਭਾਣਜੀ, ਦੋਹਤੀ, ਪੋਤੀ, ਪਤਨੀ,
ਦਰਾਣੀ, ਜਠਾਣੀ, ਨਨਾਣ ਭਰਜਾਈ ਬਣੇ ਔਰਤ।
ਮਾਂ, ਮਾਸੀ, ਮਾਮੀ, ਭੂਆ, ਚਾਚੀ ਤਾਈ,
ਸੱਸ ਬਣਕੇ ਨਵੇਂ ਨਵੇਂ ਫਿਰ ਰਿਸ਼ਤੇ ਰਚੇ ਔਰਤ।
ਦਾਦੀ ਨਾਨੀ, ਪਰਦਾਦੀ, ਪਰਨਾਨੀ ਬਣ ਕੇ ਤੇ,
ਸਿਆਣੀ ਬਜ਼ੁਰਗ ਦੇ ਰਿਸ਼ਤੇ ਨਿਭਾਏ ਔਰਤ।
ਸਹੇਲੀ ਬਣੀ ਰਹਿੰਦੀ ਉਹ ਸਹੇਲੀਆਂ ਦੀ,
ਲਾਡ ਪਿਆਰ ਦੇ ਰਿਸ਼ਤੇ ਨਿਭਾਏ ਔਰਤ।
ਮਿਠਾਸ ਭਰਕੇ ਉਹ ਸਾਰੇ ਰਿਸ਼ਤਿਆਂ ਵਿੱਚ,
ਹਰ ਇਕ ਨੂੰ ਗਲੇ ਲਗਾਏ ਔਰਤ।
ਦੂਜੇ ਪਾਸੇ ਔਰਤ ਹੀ ਔਰਤ ਦੇ ਮਗਰ ਲੱਗ ਕੇ,
ਔਰਤ ਨੂੰ ਨੀਵਾਂ ਵਿਖਾਏ ਔਰਤ।
ਜੇਕਰ ਔਰਤ ਹੀ ਔਰਤ ਦਾ ਕਰੀ ਤ੍ਰਿਸਕਾਰ ਜਾਵੇ,
ਕਿਉਂ ਕਰ ਇੱਜ਼ਤ ਉਹ ਮਰਦ ਤੋਂ ਪਾਉਣ ਲੱਗੀ?
ਕਦੀ ਸੱਸ ਬਣ ਕੇ, ਕਦੀ ਨਨਾਣ ਬਣ ਕੇ,
ਔਰਤ, ਔਰਤ ਨੂੰ ਮਾਰ ਮੁਕਾਉਣ ਲੱਗੀ।
ਅੱਜਕਲ ਮਾਂ ਵੀ ਤੇ ਨਹੀਂ ਰਹੀ ਪਿੱਛੇ,
ਉਹ ਵੀ ਕੁੱਖ ਵਿੱਚ ਧੀ ਮਰਵਾਉਣ ਲੱਗੀ।
ਔਰਤ ਹੀ ਔਰਤ ਦੀ ਦੁਸ਼ਮਣ ਬਣ ਕੇ,
ਆਪਣੇ ਅੱਗੇ ਹੈ ਉਸ ਨੂੰ ਝੁਕਾਉਣ ਲੱਗੀ।
ਜੇ ਔਰਤ, ਔਰਤ ਦੇ ਦਰਦ ਨੂੰ ਸਮਝ ਜਾਵੇ,
ਤਾਂ 'ਰਿਸ਼ੀ' ਪਤਝੜ ਦੇ ਵਿਚ ਬਹਾਰ ਆ ਜਾਊ।
ਸਮਾਜ ਮੁਕਤ ਹੋ ਜਾਊ ਕਈ ਇਲਾਮਤਾਂ ਤੋਂ,
ਹਰੇਕ ਰਿਸ਼ਤੇ ਦੇ ਵਿੱਚ ਨਿਖ਼ਾਰ ਆ ਜਾਊ।

00

ਦਲੇਰ ਔਰਤ

ਔਰਤ ਘੱਟ ਨਹੀਂ ਕਿਸੇ ਗੱਲੋਂ ਮਰਦ ਨਾਲੋਂ,
ਲੋੜ ਪੈਣ ਤੇ ਚੰਡੀ ਵੀ ਬਣੇ ਔਰਤ।
ਜਿਹੜੀ ਬਾਂਹ ਤੇ ਸਜਾਉਂਦੀ ਹੈ ਚੂੜ੍ਹੀਆਂ ਉਹ,
ਉਸੇ ਬਾਂਹ ਨਾਲ ਸ਼ਮਸ਼ੀਰ ਵੀ ਫੜ੍ਹੇ ਔਰਤ।
ਔਰਤ ਚੁੱਪ ਰਹਿੰਦੀ, ਔਰਤ ਬੋਲ ਪੈਂਦੀ।
ਸਮਾਂ ਆਉਣ ਤੇ ਲਾਵੇ ਵਾਂਙ ਫੱਟੇ ਔਰਤ।
ਔਰਤ ਜਾਤ ਹੈ ਮਰਦ ਦੀ ਜਨਮ ਦਾਤੀ,
ਫਿਰ ਜਿਆਦਤੀ ਕਿਉਂ ਮਰਦ ਦੀ ਸਹੇ ਔਰਤ
ਔਰਤ ਪਿਆਰ ਦੀ ਪੰਡ ਸਭ ਜਾਣਦੇ ਨੇ,
ਫਿਰ ਨਫਰਤ ਦੀ ਮਾਰ ਕਿਉਂ ਸਹੇ ਔਰਤ।
ਔਰਤ ਮਾਣ ਦਿੰਦੀ ਔਰਤ ਜਾਨ ਦਿੰਦੀ,
ਫਿਰ ਕਿਉਂ ਨਾ ਮਰਦ ਬਰਾਬਰ ਖੜ੍ਹੇ ਔਰਤ।
ਰਣ ਵਿਚ ਲੜਦੇ ਮਰਦ ਅਗਾਂਹ ਹੋਕੇ,
ਫਿਰ ਕਿਉਂਨਾ ਰਣ ਦੇ ਵਿਚ ਲੜੇ ਔਰਤ।
ਸ਼ੱਕ ਕਿਉਂ ਹੁੰਦੈ ਔਰਤ ਦੀ ਯੋਗਤਾ ਤੇ,
ਕਿਉਂ ਮਜ਼ਾਕ ਦਾ ਪਾਤਰ 'ਰਿਸ਼ੀ' ਬਣੇ ਔਰਤ।।
ਔਰਤ ਨੂੰ ਚਾਹੀਦੈ ਆਪਣੇ ਤੇ ਗਰਵ ਕਰਨਾ,
ਦੇਵੀ ਸਨਮਾਨ ਦੀ ਬਣਕੇ ਰਹੇ ਔਰਤ।
ਔਰਤ ਨੂੰ ਚਾਹੀਦੈ ਆਪਣੇ ਤੇ ਮਾਣ ਕਰਨਾ,
ਦਲੇਰ ਬਣਕੇ ਹਮੇਸ਼ਾਂ ਹੀ ਰਹੇ ਔਰਤ।।

00

ਮੇਰੇ ਪਿਆਰ

ਵੈਲਨਟਾਈਨ ਡੇ 'ਤੇ ਵਿਸ਼ੇਸ਼

ਪਹਿਲਾ ਪਿਆਰ ਹੈ ਦਾਤਾ ਮੇਰਾ,
ਜੇਹਨੇ ਮੈਨੂੰ ਇਸ ਜੱਗ 'ਤੇ ਘਲਿਆ ਹੈ।
ਦੂਜਾ ਪਿਆਰ ਨੇ ਮਾਪੇ ਮੇਰੇ,
ਜੇਹਨਾਂ ਦੀ ਨਿੱਘੀ ਗੋਦੀ ਵਿੱਚ ਸਿਰ ਧਰਿਆ ਮੈਂ।
ਤੀਜਾ ਪਿਆਰ ਭੈਣ ਭਰਾ ਨੇ ਮੇਰੇ,
ਜੇਹਨਾਂ ਨਾਲ ਰਹਿ ਕੇ ਬਚਪਨ ਵਿੱਚ ਰੰਗ ਭਰਿਆ ਮੈਂ।
ਚੌਥਾ ਪਿਆਰ 'ਡਾ. ਪ੍ਰੀਤ' ਪਤੀ ਨੇ ਮੇਰੇ,
ਜੇਹਨਾਂ ਤੋਂ ਪਾਠ ਪ੍ਰੇਮ ਦਾ ਪੜ੍ਹਿਆ ਮੈਂ।
ਪੰਜਵਾਂ ਪਿਆਰ ਲਾਡਲੇ ਹਨੀ-ਸਿਮਰਨ-ਮਨੀ-ਪੂਜਾ,
ਬੱਚੇ ਮੇਰੇ ਦਿਲ ਖੋਹਲ ਜੇਹਨਾਂ ਅੱਗੇ ਧਰਿਆ ਮੈਂ।
ਛੇਵਾਂ ਪਿਆਰ ਪੇਕੇ-ਸਹੁਰੇ, ਸਬੰਧੀ, ਟੀਚਰ ਮੇਰੇ,
ਜੇਹਨਾਂ ਆਸਰੇ ਵਿਅਕਤੀਤਵ ਨੂੰ ਘੜਿਆ ਮੈਂ।
ਸੱਤਵਾਂ ਪਿਆਰ ਸਹੇਲੀਆਂ ਮੇਰੀਆਂ,
ਜੇਹਨਾਂ ਨਾਲ ਬਹਿ ਕੇ ਮਨ ਹਲਕਾ ਕਰਿਆ ਮੈਂ।
ਮੇਰਾ ਅੱਠਵਾਂ ਪਿਆਰ ਹੈ ਸ੍ਰਿਸ਼ਟੀ ਸਾਰੀ,
ਜਿੱਥੇ ਰਹਿ ਕੇ ਅਰਥ ਜ਼ਿੰਦਗੀ ਦਾ ਸਿੱਖਿਆ ਮੈਂ।
ਇਹ ਅੱਠੇ ਪਿਆਰ, ਅੱਠ ਅਜੂਬਿਆਂ ਵਾਂਗ,
ਦਿਲ ਮੇਰੇ ਵਿੱਚ ਵਸਣ ਪਏ।
ਇਹਨਾਂ ਦੇ ਨਾਲ ਹੀ 'ਰਿਸ਼ੀ' ਦੁਨੀਆਂ ਸਵਰਗ ਹੈ,
ਮੇਰੇ ਜੀਵਨ ਦਾ ਸਹਾਰਾ ਬਣਨ ਪਏ
ਮੇਰੀ ਕਿਸ਼ਤੀ ਨੂੰ ਕਿਨਾਰਾ ਦੇਣ ਪਏ।

00

ਰਾਹ ਫੜੀਏ ਸਵੱਲੇ

ਕਿਸੇ ਝੀਲ ਦੇ ਕੰਢੇ, ਕਿਸੇ ਰੁੱਖ ਦੇ ਥੱਲੇ,
ਜੀ ਕਰਦੈ ਤੂੰ, ਮੈਂ ਹੋਈਏ ਇਕੱਲੇ।
ਜਿੱਥੇ ਕੋਈ ਵੀ ਪਰਿੰਦਾ ਨਾ ਫਰਕੇ,
ਘੜੀ ਦੀ ਸੂਈ ਵੀ ਅਗਾਂਹ ਨਾ ਸਰਕੇ।
ਵਕਤ ਰੁਕ ਜਾਵੇ, ਦਿਲ ਨੂੰ ਸਕੂਨ ਆਵੇ
ਕਿਸੇ ਝੀਲ ਦੇ ਕੰਢੇ, ਕਿਸੇ ਰੁੱਖ ਦੇ ਥੱਲੇ....।
ਨਾ ਪੱਤਿਆਂ ਦੀ ਖੜਖੜ, ਨਾ ਪਾਣੀ ਦੀਆਂ ਛੱਲਾਂ,
ਗਾ ਕੇ ਨਵੀਂ ਕੋਈ ਕਵਿਤਾ, ਸਮੇਂ ਨੂੰ ਮੈਂ ਬੰਨਾ
ਸੁਣਕੇ ਮੇਰੀ ਤੂੰ ਕਵਿਤਾ, ਕਹੇਂ ਬੱਲੇ ਬੱਲੇ
ਕਿਸੇ ਝੀਲ ਦੇ ਕੰਢੇ.....।
ਗੱਲਾਂ ਬਾਤਾਂ ਕਰਾਂ ਮੈਂ, ਤੂੰ ਵੀ ਕੁੱਝ ਸੁਣਾਵੇਂ,
ਮੈਂ ਤੈਨੂੰ ਹਸਾਵਾਂ, ਤੂੰ ਮੈਨੂੰ ਹਸਾਵੇਂ।
ਮੈਂ ਆਪਣੀ ਮਨਾਵਾਂ, ਤੇਰੀ ਇਕ ਵੀ ਨਾ ਚੱਲੇ।
ਕਿਸੇ ਝੀਲ ਦੇ ਕੰਢੇ.....।
ਗ਼ਮ ਤੇਰੇ ਮੈਂ ਸਾਰੇ, ਆਪਣੀ ਝੋਲੀ 'ਚ ਪਾਵਾਂ,
ਦੁੱਖ 'ਪ੍ਰੀਤ' ਮੈਂ ਤੇਰੇ, 'ਰਿਸ਼ੀ' ਹੱਸ ਹੱਸ ਹੰਢਾਵਾਂ।
ਆਪਾਂ ਸੁੱਖ-ਦੁੱਖ ਦੇ ਸਾਥੀ, ਦੁਨੀਆਂ ਤੋਂ ਅਵੱਲੇ।
ਕਿਸੇ ਝੀਲ ਦੇ ਕੰਢੇ.....।
ਕੋਈ ਲੰਘ ਜਾਵੇ ਕੋਲੋਂ, ਪਤਾ ਵੀ ਨਾ ਲੱਗੇ।
ਸੁਰਤੀ ਤੇਰੀ ਮੇਰੀ, ਪ੍ਰਭੂ ਚਰਨਾ 'ਚ ਲੱਗੇ।
ਝਮੇਲੇ ਦੁਨੀਆਂ ਦੇ ਛੱਡਕੇ ਰਾਹ ਫੜੀਏ ਸਵੱਲੇ।
ਕਿਸੇ ਝੀਲ ਦੇ ਕੰਢੇ.....।

00

ਮੰਗੋ ਨਾ ਕੁਝ ਵੀ ਦਾਜ ਦੇ ਨਾਂ ਤੇ

ਇਕ ਪੁੱਤਰ ਜੇ ਦੇਵੇ ਰੱਬਾ। ਘਰ ਤੇਰੇ ਛੱਤਰ ਚੜਾਵਾਂਗੇ।।
ਦੋ ਦੇਵੇਂ ਤਾਂ ਹੋਰ ਵੀ ਚੰਗਾ।। ਘਰ ਤੇਰੇ ਲੰਗਰ ਲਵਾਵਾਂਗੇ।।
ਪੁੱਤਰਾਂ ਪਿੱਛੇ ਤੇ ਰਗੜਦੇ ਮੱਥੇ, ਧੀਆਂ ਤੋਂ ਕਿਉਂ ਪੱਲਾ ਛੁਡਾਉਂਦੇ।।
ਪੁੱਤਰਾਂ ਦੇ ਮੂੰਹ ਦੁੱਧ ਨਾਲ ਧੋਂਦੇ, ਧੀਆਂ ਤੋਂ ਕਿਉਂ ਹੱਥ ਨੇ ਧੋਂਦੇ।।
ਸ਼ਾਇਦ! ਡਰਦੇ ਨਾ ਧੀਆਂ ਮੰਗਦੇ ਲੋਕੀ, ਕਹਿੰਦੇ ਧੀਆਂ ਨੂੰ ਕਿਵੇਂ ਪੜ੍ਹਾਵਾਂਗੇ।
ਪਾਲ ਪੋਸ ਕੇ ਵੱਡੀਆਂ ਕਰਕੇ। ਧੀਆਂ ਨੂੰ ਕਿਦਾਂ ਵਿਆਹਵਾਂਗੇ।।
ਮੁੰਡੇ ਵਾਲਿਆਂ ਦਾਜ ਹੈ ਮੰਗਣਾ, ਕਿੱਥੋਂ ਅਸੀਂ ਦਾਜ ਲਿਆਵਾਂਗੇ।।
ਜੇ ਚੁਕਾਂਗੇ ਕਰਜ਼ਾ ਸਿਰ ਤੇ, ਕਿੱਥੋਂ ਫਿਰ ਕਰਜ਼ਾ ਲਾਹਵਾਂਗੇ।।
ਕਿਵੇਂ, ਕਿਦਾਂ ਅਤੇ ਕਿੱਥੋਂ ਦੇ ਚੱਕਰਾਂ ਵਿੱਚ, ਮਾਪੇ ਉਲਝੀ ਜਾਣ ਵੀਚਾਰੇ।।
ਨਾ ਚਾਹੁੰਦਿਆਂ ਵੀ ਮੈਨੂੰ ਲਗਦੈ, ਧੀਆਂ ਨੂੰ ਗਲੋਂ ਲਾਹੁਣ ਵਿਚਾਰੇ।।
ਪੁੱਤਰਾਂ ਵਾਲਿਓ! ਤਰਸ ਕਰੋ ਕੁਝ, ਧੀਆਂ ਦੇ ਮਾਪੇ ਨਾ ਸਤਾਓ।।
ਮੰਗੋ ਨਾ ਕੁਝ ਦਾਜ ਦੇ ਨਾਂ ਤੇ, ਖੁਸ਼ੀ ਖੁਸ਼ੀ ਘਰ ਨੂੰਹ ਲਿਆਓ।।
ਫਿਰ ਧੀਆਂ ਨੂੰ ਨਾ ਮਾਰਨਗੇ ਮਾਪੇ, ਨਾ ਐਸਾ 'ਰਿਸ਼ੀ' ਪਾਪ ਕਮਾਉਣਗੇ।।
ਧੀ ਹੋਊ ਜਾਂ ਪੁੱਤਰ ਘਰ ਵਿਚ ਦੋਹਾਂ ਦੇ ਸ਼ਗਨ ਮਨਾਉਣਗੇ।।
ਧੀ ਹੋਊ ਜਾਂ ਪੁੱਤਰ ਘਰ ਵਿੱਚ ਦੋਹਾਂ ਦੇ ਸ਼ਗਨ ਮਨਾਉਣਗੇ।।

00

ਗ਼ਜ਼ਲ

ਵਕਤ ਦੀ ਮਾਰ ਨੇ ਪਹਿਲਾਂ ਹੀ ਮਾਰਿਆ ਸੀ,
ਉਤੋਂ ਮੇਹਣਿਆਂ ਦੀ ਮਾਰ ਵੀ ਝੱਲਦੀ ਰਹੀ।
ਲੋਕ ਮਰੀ ਨੂੰ ਹੋਰ ਵੀ ਮਾਰਦੇ ਰਹੇ,
ਨਾ ਮੈਂ ਅੱਜ ਦੀ ਰਹੀ ਨਾ ਕੱਲ ਦੀ ਰਹੀ।।

ਪਾਸੇ ਹੋ ਗਏ ਆਪਣਾ ਉਹ ਵਾਰ ਕਰਕੇ,
ਜ਼ਖ਼ਮ ਆਪਣੇ ਆਪ ਹੀ ਕੱਜਦੀ ਰਹੀ।
ਉਫ਼ ਕਰਨ ਦਾ ਹੁਕਮ ਨਾ ਸੀ ਮੈਨੂੰ,
ਦੁੱਖ ਅੰਦਰਲੇ ਅੰਦਰ ਹੀ ਦੱਬਦੀ ਰਹੀ।।

ਜ਼ਿੰਦਾ ਲਾਸ਼ ਬਣਕੇ ਹਰਪਲ ਰਹੀ ਜਿਊਂਦੀ,
ਜਿਊਣ ਮਰਨ ਦਾ ਸਵਾਂਗ ਮੈਂ ਰਚਦੀ ਰਹੀ।
ਰਚ ਗਈ ਮੈਂ ਏਨਾ ਫਿਰ ਜਿੰਦਗੀ ਵਿਚ,
ਭਾਰ ਜਿੰਦਗੀ ਦਾ ਆਪ ਹੀ ਚੁੱਕਦੀ ਰਹੀ।।

ਕੋਈ ਤੇ ਸੁਣੇਗਾ ਕਦੀ ਤੇ ਦੁੱਖ ਮੇਰੇ,
ਏਸੇ ਉਮੀਦ 'ਤੇ ਜਿੰਦਗੀ ਚਲਦੀ ਰਹੀ।
ਨਜ਼ਰ ਤਲਾਸ਼ਦੀ ਰਹੀ 'ਪ੍ਰੀਤ' ਲੱਭਿਆ ਨਾ।
ਤਲਾਸ਼-ਤਲਾਸ਼ 'ਚ ਉਮਰ ਢਲਦੀ ਰਹੀ।।

ਗੁਜਰੇ ਪਲਾਂ ਨੇ ਦਿੱਤਾ ਖ਼ੂਬ ਸਾਥ ਮੇਰਾ
ਉਹਨਾਂ ਪਲਾਂ ਸਹਾਰੇ ਮੈਂ ਹੱਸਦੀ ਰਹੀ।
ਉਹਨਾਂ ਪਲਾਂ ਦਾ ਅੱਜ ਅਹਿਸਾਨ ਮੰਨਾਂ,
ਜੇਹਨਾਂ ਪਲਾਂ ਸਹਾਰੇ 'ਰਿਸ਼ੀ' ਵਸਦੀ ਰਹੀ।।

00

ਸੱਸ ਵੀ ਤੇ ਮਾਂ ਹੀ ਹੈ ਹੁੰਦੀ

ਵੇਖੀਆਂ ਨੇ ਮੈਂ ਮਾਵਾਂ-ਧੀਆਂ, ਵੇਖੀਆਂ ਨੇ ਮੈਂ ਨੂੰਹਾਂ-ਸੱਸਾਂ।
ਜੋ ਜੋ ਫਰਕ ਮੈਨੂੰ ਹੈ ਲੱਗਿਆ, ਅੱਜ ਤੁਹਾਨੂੰ ਵੀ ਮੈਂ ਦੱਸਾਂ।

ਹਰ ਧੀ ਮਾਂ ਨੂੰ ਏਹੀਉ ਕਹਿੰਦੀ, ''ਦੱਸ ਮਾਏ ਗੱਲਾਂ ਦਸ।''
ਹਰ ਨੂੰਹ ਸੱਸ ਨੂੰ ਏਹੀਉ ਕਹਿੰਦੀ, ''ਬੱਸ ਕਰ ਸੱਸੇ ਬੱਸ''।
ਸੱਸ ਤੇ ਫਿਰ ਵੀ ਬੋਲੀ ਜਾਵੇ, ਨੂੰਹ ਕਰੇ, ''ਮਾਹੀ ਨੂੰ ਦੱਸਾਂ।''
ਵੇਖੀਆਂ ਨੇ ਮੈਂ ਮਾਵਾਂ-ਧੀਆਂ।
ਮਾਂ ਸਮਝਾਵੇ ਤਾਂ ਸਿਖਿਆ ਲੱਗਦੀ, ਸੱਸ ਸਮਝਾਵੇ ਤਾਂ ਮੇਹਣੇ ਲੱਗਣ।
ਸਿੱਖਿਆ ਆਪਣੀ ਕੋਲ ਰੱਖ ਸੱਸੇ, ਵਾਰ ਤੇਰੇ ਮੇਰੇ ਸੀਨੇ ਚੁੱਭਣ।
ਵਾਰ ਤੇ ਵਾਰ ਸੱਸ ਕਰਦੀ ਜਾਵੇ, ਨੂੰਹ ਕਹੇ ''ਲਗਾਮਾਂ ਕੱਸਾਂ।''
ਵੇਖੀਆਂ ਨੇ ਮੈਂ ਮਾਵਾਂ ਧੀਆਂ।
ਮਾਵਾਂ ਧੀਆਂ ਬਹਿਕੇ ਦੋਵੇਂ, ਦੁੱਖ-ਸੁੱਖ ਦਿਲ ਦੇ ਫੋਲਣ।
ਨੂੰਹਾਂ ਸੱਸਾਂ ਹਰ ਵੇਲੇ ਹੀ, ਰਸਤੇ ਅੱਡ-ਅੱਡ ਟੋਲਣ।।
ਅੱਡ ਤੁਰ ਕੇ ਵੀ ਗੱਲ ਨਹੀਂ ਬਣਦੀ, ਅੰਦਰਲੀ ਗੱਲ ਮੈਂ ਦੱਸਾਂ।
ਵੇਖੀਆਂ ਨੇ ਮੈਂ ਮਾਵਾਂ ਧੀਆਂ।
ਮਾਵਾਂ ਧੀਆਂ ਦਾ ਜਦੋਂ ਪਵੇਂ ਵਿਛੋੜਾ, ਕੰਧਾਂ ਤੇ ਕੋਠੇ ਹਿਲਦੇ।
ਨੂੰਹਾਂ ਸੱਸਾਂ ਜਦੋਂ ਵੱਖ ਹੁੰਦੀਆਂ, ਚਾਅ ਕਰਦੀਆਂ ਪੂਰੇ ਦਿਲ ਦੇ।।
ਚਾਅ-ਚਾਅ ਦੇ ਵਿਚ ਰੁਲ ਜਾਣ ਦੋਵੇਂ, ਦੋਹਾਂ ਉੱਤੇ ਮੈਂ ਹੱਸਾਂ।
ਵੇਖੀਆਂ ਨੇ ਮੈਂ ਮਾਵਾਂ ਧੀਆਂ।
ਸੱਸ ਵੀ ਤੇ 'ਰਿਸ਼ੀ' ਮਾਂ ਹੀ ਹੈ ਹੁੰਦੀ, ਭਾਵੇਂ ਹੁੰਦੀ ਹੈ ਸਾਥੀ ਦੀ।
ਆਪਣੀ ਬਣਾ ਕੇ ਵੇਖ ਤੇ ਸਹੀ, ਫਿਰ ਨਹੀਂ ਲੱਗਣੀ ਸਾਥੀ ਦੀ।।
ਸੱਸ-ਮਾਂ ਆਪਣੀ ਨੂੰ ਪਿਆਰ ਮੈਂ ਕਰਕੇ, ਆਪਣੇ ਸਹੁਰੇ-ਘਰ ਵੱਸਾਂ।
ਵੇਖੀਆਂ ਨੇ ਮੈਂ ਮਾਵਾਂ ਧੀਆਂ।

00

ਘਰ ਆਇਆ ਪ੍ਰਦੇਸੀ ਮਾਹੀਆ

ਘਰ ਆਇਆ ਪ੍ਰਦੇਸੀ ਮਾਹੀਆ, ਖਿੜ ਗਈ ਮੇਰੀ ਰੂਹ।
ਖਿੜ ਗਈਆਂ ਅਧਖਿੜੀਆਂ ਕਲੀਆਂ, ਆਈ ਫੁੱਲਾਂ ਵਿਚੋਂ ਖੁਸ਼ਬੂ।।
ਸੋ-ਸੋ ਪਈ ਮੈਂ ਸ਼ਗਨ ਮਨਾਵਾਂ, ਨਾਲੇ ਵੰਡਾਂ ਮੈਂ ਬਰਫੀ
ਲੋਕੀਂ ਮੈਨੂੰ ਦੇਣ ਵਧਾਈਆਂ, ਮੇਰੇ ਪੱਬ ਨਾ ਲੱਗਣ ਧਰਤੀ
ਨੱਚ-ਨੱਚ ਕੇ ਮੈਂ ਹੋਈ ਕਮਲੀ, ਕਮਲੀ ਹੋਈ ਮੇਰੀ ਰੂਹ
ਘਰ ਆਇਆ ਪ੍ਰਦੇਸੀ ਮਾਹੀਆ.....
ਰਹੀ ਨਾ ਦਿਲ ਵਿਚ ਖਾਹਿਸ਼ ਕੋਈ, ਨਾ ਮਨ ਦੇ ਵਿਚ ਕੋਈ ਗੁੱਸਾ
ਸਭ ਕੰਮ ਕਰਾਂ ਮੈਂ ਚਾਈਂ-ਚਾਈਂ, ਨਾ ਕਿਸੇ ਦੇ ਨਾਲ ਵੀ ਰੁੱਸਾਂ
ਹੱਸ-ਹੱਸ ਕੇ ਮੈਂ ਹੋਵਾਂ ਦੂਹਰੀ, ਹੱਸਣ ਲੱਗੀ ਮੇਰੀ ਰੂਹ
ਘਰ ਆਇਆ ਪ੍ਰਦੇਸੀ ਮਾਹੀਆ.....
ਸੁੱਝਦੀ ਨਾ ਸੀ ਗੱਲ ਮੈਨੂੰ ਪਹਿਲਾਂ, ਅੱਜ ਗੱਲ ਤੇ ਗੱਲ ਹੈ ਫੁਰਦੀ
ਬਦਲ ਗਈ ਹੁਣ ਚਾਲ ਵੀ ਮੇਰੀ, ਵਾਂਗ ਮੋਰਨੀ ਟੁਰਦੀ
ਬਦਲ ਗਿਆ ਹੈ ਰੰਗ ਢੰਗ ਮੇਰਾ, ਬਦਲ ਗਈ ਮੇਰੀ ਰੂਹ
ਘਰ ਆਇਆ ਪ੍ਰਦੇਸੀ ਮਾਹੀਆ.....
ਜਦੋਂ ਵੀ ਗੱਲ ਮੁੜ ਜਾਣ ਦੀ ਕਰਦੈ, ਦਿਲ ਮੱਲੋਮੱਲੀ ਰੋਵੇ
ਮੁੜ ਕੇ ਕਦੀ ਵੀ ਜਾਣ ਦਾ ਦੇਵਾਂ, ਜੇ ਮੇਰੇ ਹੱਥ ਵੱਸ ਹੋਵੇ
ਜਾਣ ਦਾ ਜਦੋਂ ਖਿਆਲ ਵੀ ਆਵੇ, ਕੰਬਣ ਲਗਦੀ ਮੇਰੀ ਰੂਹ
ਘਰ ਆਇਆ ਪ੍ਰਦੇਸੀ ਮਾਹੀਆ.....
'ਨਾ ਜਾਵੀਂ ਪ੍ਰਦੇਸ ਵੇ ਢੋਲਾ', ਤਰਲੇ ਮਿੰਨਤਾਂ ਪਾਵਾਂ
ਮਾਹੀ ਬਿਨਾ 'ਰਿਸ਼ੀ' ਕਾਹਦਾ ਜੀਣਾ, 'ਪ੍ਰੀਤ' ਨੂੰ ਮੈਂ ਸਮਝਾਵਾਂ
ਜੇ ਉਹਨੇ ਮੇਰੀ ਗੱਲ ਨਾ ਮੰਨੀ, ਕਲਪਦੀ ਰਹਿਣੀ ਮੇਰੀ ਰੂਹ
ਘਰ ਆਇਆ ਪ੍ਰਦੇਸੀ ਮਾਹੀਆ.....

00

ਕੌਣ ਕਹਿੰਦੈ ਅਜ਼ਾਦ ਹੈ ਔਰਤ!

ਕੌਣ ਕਹਿੰਦੈ ਅਜ਼ਾਦ ਹੈ ਔਰਤ! ਮੇਰੇ ਨਾਲ ਅੱਖ ਮਿਲਾਵੇ।
ਅਜ਼ਾਦੀ ਦੀ ਗੱਲ ਉਹ ਕਰਕੇ, ਉਹਨੂੰ ਹੋਰ ਗੁਲਾਮ ਬਣਾਵੇ।।
ਗੁਲਾਮੀ ਔਰਤ ਦੀ ਸ਼ੁਰੂ ਹੋ ਜਾਂਦੀ, ਜਦੋਂ ਕੁੱਖ ਵਿਚ ਧੀ ਮਰਵਾਵੇ।
ਮਰਜ਼ੀ ਨਾ ਚੱਲੇ ਔਰਤ ਦੀ, ਪਤੀ ਬਦੋਬਦੀ ਮਰਵਾਵੇ।।
ਕੌਣ ਕਹਿੰਦੈ ਅਜ਼ਾਦ ਹੈ ਔਰਤ.....

ਕਰਮਾ ਨਾਲ ਜੇ ਧੀ ਬਚ ਜਾਵੇ, ਨੂੰਹ ਬਣਕੇ ਉਹ ਰੋਵੇ।
ਰੌਣ ਦੀ ਵੀ ਅਵਾਜ਼ ਨਾ ਆਵੇ, ਸਿਸਕੀਆਂ ਦੇ ਹਾਰ ਪਰੋਵੇ।।
ਕੌਣ ਕਹਿੰਦੈ ਅਜ਼ਾਦ ਹੈ ਔਰਤ.....

ਨੂੰਹ ਬਣਕੇ ਜੇ ਉਹ ਬਚ ਜਾਵੇ, ਮਾਂ ਬਣਕੇ ਉਹ ਰੋਵੇ।
'ਲਾਹ ਦੇ ਕੰਨ ਦੀਆਂ ਵਾਲੀਆਂ ਮਾਏ', ਪੁੱਤਰ ਸਿਰ ਆ ਖਲੋਵੇ।।
ਕੌਣ ਕਹਿੰਦੈ ਅਜ਼ਾਦ ਹੈ ਔਰਤ.....

ਮਾਂ ਬਣਕੇ ਜੇ ਉਹ ਬਚ ਜਾਵੇ, ਦਾਦੀ ਬਣਕੇ ਉਹ ਰੋਵੇ।
ਪੋਤਰੇ ਕਹਿਣ 'ਨਿਕਲ ਜਾਹ ਏਥੋਂ', ਇਹ ਘਰ ਹੁਣ ਮੇਰਾ ਹੋਵੇ।।
ਕੌਣ ਕਹਿੰਦੈ ਅਜ਼ਾਦ ਹੈ ਔਰਤ.....

ਗੁਲਾਮੀ ਵੀ 'ਰਿਸ਼ੀ' ਚੰਗੀ ਹੈ ਲਗਦੀ, ਜੇ ਗੁਲਾਮੀ ਪਿਆਰ ਦੀ ਹੋਵੇ।
ਨਹੀਂ ਤਾਂ ਮਰ ਜਾਂਦੀ ਹੈ ਔਰਤ, ਮਰ ਕੇ ਹੀ ਅਜ਼ਾਦ ਉਹ ਹੋਵੇ।।
ਕੌਣ ਕਹਿੰਦੈ ਅਜ਼ਾਦ ਹੈ ਔਰਤ.....

00

ਕੰਮ ਏਦਾਂ ਹੀ ਚਲਦੇ ਰਹਿਣੇ ਨੇ

ਇਹ ਜੱਗ ਤੇ ਹੈ ਰੰਗਲਾ ਮੇਲਾ, ਲੋਕੀ ਆਉਦੇ ਜਾਂਦੇ ਰਹਿਣੇ ਨੇ।
ਨਾ ਮੈਂ ਬੈਠੀ ਰਹਿਣੈ ਇੱਥੇ, ਨਾ ਲੋਕ ਹੀ ਬੈਠੇ ਰਹਿਣੇ ਨੇ।
ਸੂਰਜ ਨੇ ਤੜਕੇ ਦਰਸ਼ਨ ਦੇਣੇ, ਤ੍ਰਿਕਾਲਾਂ ਪਈਆਂ 'ਤੇ ਛਿਪ ਜਾਣੈ।
ਚੰਦਾ ਮਾਮਾ ਰਾਤ ਨੂੰ ਆਊ, ਤਾਰਿਆਂ ਨੇ ਵੀ ਟਿਮਟਿਮਾਉਦੇ ਰਹਿਣੈ।
ਮੈਂ ਵੀ ਤਾਰਾ ਬਣਕੇ ਚਮਕੂੰ, ਦਿਨ ਰਾਤ ਬਦਲਦੇ ਰਹਿਣੇ ਨੇ।
ਇਹ ਜੱਗ ਤੇ ਹੈ ਰੰਗਲਾ ਮੇਲਾ.....।

ਰੁੱਤਾਂ ਵੀ ਬਦਲਣਗੀਆਂ ਮੇਰੇ ਮਗਰੋਂ, ਪਤਝੜ ਦੇ ਪਿੱਛੋਂ ਬਹਾਰ ਵੀ ਆਊ।
ਹਰ ਸਰਦੀ ਵਿੱਚ ਪੈਣਗੀਆਂ ਬਰਫਾਂ, ਗਰਮ ਰੁੱਤ ਵੀ ਫੇਰ ਸਤਾਊ।
ਕਦੀ ਹੀਟ ਤੇ ਕਦੀ ਏ.ਸੀ. ਦੇ ਬਿਲ ਵੀ ਆਉਦੇ ਰਹਿਣੇ ਨੇ।
ਇਹ ਜੱਗ ਤੇ ਹੈ ਰੰਗਲਾ ਮੇਲਾ.....।

ਮੰਦਿਰ, ਮਸਜਿਦ ਗੁਰਦਵਾਰੇ ਤੋਂ, ਨਿਤ ਦਿਨ ਰੱਬ ਦਾ ਨਾਂ ਵੀ ਸੁਣਨੈ।
ਚਰਚ ਦੇ ਵਿੱਚ ਵੀ ਜਾਣੇ ਲੋਕੀ, ਫੁੱਲਾਂ ਨੇ ਪ੍ਰਭੂ ਚਰਨਾਂ ਵਿਚ ਚੜਨੈ।
ਧਰਮਾਂ ਦੇ ਨਾਂ ਤੇ ਚੰਗੇ ਮਾੜੇ, ਕੰਮ ਵੀ ਹੁੰਦੇ ਰਹਿਣੇ ਨੇ।
ਇਹ ਜੱਗ ਤੇ ਹੈ ਰੰਗਲਾ ਮੇਲਾ.....।

ਮੋਟਰ ਗੱਡੀਆਂ ਟੈਂਪੂ ਚੱਲਣੇ, ਰਿਕਸ਼ਿਆਂ ਵਾਲੇ ਮੋੜਾਂ 'ਤੇ ਖੜਨੇ।
ਹਵਾਈ ਜਹਾਜ਼ ਅਕਾਸ਼ੀਂ ਉਡਨੇ, ਸਮੁੰਦਰੀ ਜਹਾਜ਼ ਸਮੁੰਦਰ ਵਿੱਚ ਚੱਲਣੇ।
ਪੈਦਲ ਤੁਰਨ ਲਈ ਮੈਂ ਨਹੀਂ ਹੋਣਾ, ਰਸਤੇ ਸਭ ਵਗਦੇ ਰਹਿਣੇ ਨੇ।
ਇਹ ਜੱਗ ਤੇ ਹੈ ਰੰਗਲਾ ਮੇਲਾ.....।

ਵਿਆਹ ਸ਼ਾਦੀਆਂ ਵੀ ਹੁੰਦੇ ਰਹਿਣੇ, ਢੋਲ ਢਮੱਕੇ ਵਜਦੇ ਰਹਿਣੇ।
ਮਿੱਤਰ ਸਬੰਧੀ ਮਿਲਦੇ ਰਹਿਣੇ, ਦਿਲ ਵੀ ਟੁੱਟਦੇ ਜੁੜਦੇ ਰਹਿਣੇ।
ਇਹ ਵੇਖਣ ਲਈ ਮੈਂ ਨਹੀਂ ਹੋਣਾ, ਮੇਰੇ ਬੋਲ ਗੂੰਜਦੇ ਰਹਿਣੇ ਨੇ।
ਇਹ ਜੱਗ ਤੇ ਹੈ ਰੰਗਲਾ ਮੇਲਾ.....।

ਸਜਦੇ ਰਹਿਣੇ ਬਜ਼ਾਰ ਏਦਾਂ ਹੀ, ਚਹਿਲ-ਪਹਿਲ ਵੀ ਏਦਾਂ ਹੀ ਰਹਿਣੀ।
ਖਾਣਾ-ਪੀਣਾ ਸਭ ਚਲਦਾ ਰਹਿਣੈ, ਗਲ ਲੈਣ-ਦੇਣ ਦੀ ਚਲਦੀ ਰਹਿਣੀ।
ਵਿਉਪਾਰ ਕਦੀ ਨਹੀਂ ਮੁਕਣੇ ਇੱਥੇ, ਬਸ ਬੰਦੇ ਮੁਕਦੇ ਰਹਿਣੇ ਨੇ।
ਇਹ ਜੱਗ ਤੇ ਹੈ ਰੰਗਲਾ ਮੇਲਾ.....।

ਯਾਦ ਕਰਨਗੇ ਮੈਨੂੰ ਮੇਰੇ ਆਪਣੇ, ਇਹ ਤੇ ਪੱਕਾ ਯਕੀਨ ਹੈ ਮੈਨੂੰ।
ਮੇਰਾ ਸਾਥ ਮਹਿਸੂਸ ਕਰਨਗੇ, ਦਿਲਾਂ ਦੇ ਵਿਚ ਰਖਣਗੇ ਮੈਨੂੰ।
ਗ਼ਮ ਨਾ ਕਰ 'ਰਿਸ਼ੀ' ਕਿਸੇ ਵੀ ਗੱਲ ਦਾ ਕੰਮ ਏਦਾਂ ਹੀ ਚਲਦੇ ਰਹਿਣੇ ਨੇ।
ਇਹ ਜੱਗ ਤੇ ਹੈ ਰੰਗਲਾ ਮੇਲਾ.....।

00

ਆਪੋਧਾਪੀ

ਰਿਸ਼ੀਆਂ ਤੇ ਮੁੰਨੀਆਂ ਦੀ ਧਰਤੀ ਮਹਾਨ ਏ।
ਸਾਰੇ ਦੇਸ਼ਾਂ ਨਾਲੋਂ 'ਰਿਸ਼ੀ' ਸਾਡਾਸੋਹਣਾ ਹਿੰਦੋਸਤਾਨ ਏ।
ਪੜ੍ਹੀਆਂ ਤੇ ਸੁਣੀਆਂ ਸੀ ਏਹਦੀਆਂ ਕਹਾਣੀਆਂ।
ਆਪਣੇ ਬਜ਼ੁਰਗਾਂ ਤੋਂ ਕਈ ਗੱਲਾਂ ਅਸੀਂ ਜਾਣੀਆਂ।
ਦੱਸਦੇ ਨੇ ਹੁੰਦੇ ਕਿਵੇਂ ਮੁਗਲਾਂ ਸੀ ਲੁੱਟਿਆ।
ਲੁੱਟ-ਲੁੱਟ ਦੇਸ਼ ਸੀ ਕੰਗਾਲ ਕਰ ਸੁੱਟਿਆ।
ਲੁੱਟ-ਪੁੱਟ ਕੇ ਤੇ ਉਹ ਕਦੋਂ ਦੇ ਚਲੇ ਗਏ।
ਹੁਣ ਆਪਣੇ ਨੇ ਲੁੱਟਦੇ, ਵੇਖਦੇ ਅਸੀਂ ਪਏ।
ਸੋਨੇ ਦੀ ਸੀ ਚਿੜੀ ਜੇਹੜੀ, ਲੋਹੇ ਦੀ ਹੋ ਕੇ ਰਹਿ ਗਈ।
ਗਰਮ ਲੋਹੇ ਨੂੰ ਨੇ ਕੁੱਟੀ ਜਾਂਦੇ। ਚਿੜੀ ਵੀ ਨਾ ਰਹਿ ਗਈ।
ਕੀ ਹੋਵੇਗਾ ਭਵਿੱਖ ਵਿੱਚ, ਏਹੀਓ ਸੋਚ ਰਹਿੰਦੀ ਏ।
ਆਉਣ ਵਾਲੀਆਂ ਪੀੜ੍ਹੀਆਂ ਦੀ ਫਿਕਰ ਪਈ ਰਹਿੰਦੀ ਏ।
ਪਾਣੀ ਦੀ ਬੂੰਦ-ਬੂੰਦ ਲਈ ਕਿਤੇ ਤਰਸਣਾ ਨਾ ਪੈ ਜਾਵੇ।
ਬਿਜਲੀ ਤੋਂ ਬਗੈਰ ਮੁੜ ਰਹਿਣਾ ਨਾ ਕਿਤੇ ਪੈ ਜਾਵੇ।
ਸੰਜਮ ਆਪਾ ਵਰਤੀਏ, ਬਚਾ ਕੇ ਵੀ ਕੁੱਝ ਰੱਖੀਏ।
ਆਪਣੀ ਤੇ ਗੁਜਰ ਚੱਲੀ, ਆਉਣ ਵਾਲਿਆਂ ਲਈ ਰੱਖੀਏ।
ਠੱਗੀਆਂ ਦੇ ਰਾਹ ਛੱਡ, ਸੱਚ ਨੂੰ ਅਪਣਾ ਲਈਏ।
ਜਮਾਂ ਖ਼ੋਰੀ ਛੱਡ ਕੇ ਤੇ, ਵੰਡ ਵੰਡ ਖਾ ਲਈਏ।
ਆਓ ਜੀ! ਮਿਹਨਤ ਆਪਾਂ ਕਰੀਏ ਸਾਰੇ, ਹੋ ਦੇਸ਼ ਖੁਸ਼ਹਾਲ ਜਾਵੇ।
ਆਪੋ ਧਾਪੀ ਦੇ ਵਿੱਚ ਕਿਤੇ ਰੁਲ ਨਾ ਇਨਸਾਨ ਜਾਵੇ।

00

ਅੰਮੀਏ

ਸੁਣ ਲੈ ਮੇਰੀ ਫਰਿਆਦ ਤੂੰ ਅੰਮੀਏ। ਤਰਲੇ ਮਿੰਨਤਾਂ ਪਾਵਾਂ ਅੰਮੀਏ।
ਹੱਥ ਜੋੜਾਂ ਤੇਰੇ ਪੈਰ ਫੜਾਂ ਮੈਂ, ਗਲ ਵਿੱਚ ਪੱਲਾ ਪਾਵਾਂ ਅੰਮੀਏ।।

ਮਾਰਨ ਵਾਲਿਆਂ ਨੂੰ ਭੁੱਲ ਕੇ ਨਾ ਦੇਵੀਂ, ਆਪਣੀ ਕੁੱਖ ਦਾ ਤੂੰ ਸਿਰਨਾਵਾਂ ਅੰਮੀਏ
ਇੱਕ ਵਾਰੀ ਤੂੰ ਜੱਗ ਵਿਖਾ ਦੇ ਮੈਨੂੰ, ਤੈਥੋਂ ਸਦਕੇ ਵਾਰੀ ਜਾਵਾਂ ਅੰਮੀਏ।।
ਸੁਣ ਲੈ ਮੇਰੀ ਫਰਿਆਦ.....।
ਮੈਂ ਹਾਂ ਤੇਰਾ ਅਕਸ ਨੀ ਅੰਮੀਏ, ਮੈਂ ਹਾਂ ਤੇਰਾ ਪ੍ਰਛਾਵਾਂ ਅੰਮੀਏ।
ਜੇ ਤੂੰਹੀਉ ਮੈਨੂੰ ਸਵੀਕਾਰ ਨਹੀਂ ਕਰਨਾ, ਦੱਸ ਕਿਹੜੇ ਰਸਤੇ ਜਾਵਾਂ ਅੰਮੀਏ।।
ਸੁਣ ਲੈ ਮੇਰੀ ਫਰਿਆਦ.....।
ਇਸ ਦੁਨੀਆਂ ਦੇ ਵਿੱਚ ਤੇਰੇ ਨਾਲੋਂ, ਦੱਸ! ਕਿਹੜਾ ਰਿਸ਼ਤਾ ਗੂਹੜਾ ਅੰਮੀਏ।
ਤੋੜੀ ਨਾ ਤੂੰ ਮੈਨੂੰ ਆਪਣੇ ਨਾਲੋਂ, ਸ਼ਿੰਗਾਰ ਲੈ ਆਪਣਾ ਵਿਹੜਾ ਅੰਮੀਏ।।
ਸੁਣ ਲੈ ਮੇਰੀ ਫਰਿਆਦ.....।
ਪਤਾ ਨਹੀਂ ਕਿਹੜੀ ਗੱਲੋਂ ਤੂੰ ਡਰਦੀ, ਕਿਉਂ ਤੂੰ ਥਰ-ਥਰ ਕੰਬਦੀ ਅੰਮੀਏ।
ਇਹ ਨਾ ਹੋ ਜਾਏ, ਉਹ ਨਾ ਹੋ ਜਾਏ, ਗਿਣਤੀ ਮਿਣਤੀ ਵਿਚ ਰਹਿੰਦੀ ਅੰਮੀਏ।
ਸੁਣ ਲੈ ਮੇਰੀ ਫਰਿਆਦ.....।
ਸਾਡੀ ਦੋਹਾਂ ਦੀ ਇਕੋ ਜਿੰਦੜੀ, ਪਿਆਰ ਨਾਲ ਆਪਾਂ ਰਹਿਣਾ ਅੰਮੀਏ।
ਬਾਬਲ ਦੀ ਮੈਂ ਧੀ ਲਾਡਲੀ, ਪਰਿਵਾਰ ਤੁਹਾਡੇ ਦਾ ਗਹਿਣਾ ਅੰਮੀਏ।।
ਸੁਣ ਲੈ ਮੇਰੀ ਫਰਿਆਦ.....।
ਮਗਰ ਜ਼ਮਾਨੇ ਦੇ ਤੂੰ ਲੱਗ ਕੇ, ਮੈਨੂੰ ਨਾ ਮਾਰ ਮੁਕਾਵੀਂ ਅੰਮੀਏ।
ਪਰੀਆਂ ਵਰਗੀ ਧੀ ਹਾਂ ਤੇਰੀ, ਪੁੱਤਰਾਂ ਵਾਂਙੂ ਸ਼ਗਨ ਮਨਾਵੀਂ ਅੰਮੀਏ।।
ਸੁਣ ਲੈ ਮੇਰੀ ਫਰਿਆਦ.....।
ਰੱਬ ਦੇ ਬਣਾਏ ਜੀ ਨੇ ਦੋਵੇਂ, ਸਮਝ ਲੈ ਤੂੰ ਇਸ ਗੱਲ ਨੂੰ ਅੰਮੀਏ।
ਸਮਝਦਾਰ ਤੇ ਹੈ ਤੂੰ 'ਰਿਸ਼ੀ' ਬਥੇਰੀ, ਰੋਵੀਂ ਨਾ ਕੱਲ ਬਹਿ ਤੂੰ ਅੰਮੀਏ।।
ਸੁਣ ਲੈ ਮੇਰੀ ਫਰਿਆਦ.....।

00

ਬਸ ਏਹੀਉ ਵੇਖਣ ਲਈ ਬੈਠੀ ਹਾਂ

ਮੈਂ ਧਰਤੀ ਦੁਖਿਆਰੀ ਵੇ ਲੋਕੋ, ਦੁੱਖ ਦਿਲ ਵਿਚ ਦਬਾਈ ਬੈਠੀ ਹਾਂ।
ਪਲ ਪਲ ਨਵਾਂ ਜੋ ਦਰਦ ਉਘੜਦੈ, ਸੀਨੇ ਵਿਚ ਸਮਾਈ ਬੈਠੀ ਹਾਂ।
ਨਸ਼ਿਆਂ ਦੀ ਬਲੀ ਜੋ ਚੜ੍ਹ ਰਹੇ ਗੱਭਰੂ, ਉਨਾਂ ਦਾ ਗਮ ਖਾਈ ਬੈਠੀ ਹਾਂ।
ਪ੍ਰਦੇਸਾਂ ਵਿੱਚ ਰੁਲਣ ਜੋ ਆਪਣੇ, ਉਨ੍ਹਾਂ ਦੀ ਪੀੜ੍ਹ ਹੰਢਾਈ ਬੈਠੀ ਹਾਂ।
ਜੇਹੜੀ ਧੀ ਨਾ ਸਾਂਭੀ ਮਾਂ ਨੇ, ਉਸ ਧੀ ਨੂੰ ਸਾਂਭੀ ਬੈਠੀ ਹਾਂ।
ਜਿਹੜੀ ਨੂੰਹ ਸਾੜੀ ਹੈ ਸੱਸ ਨੇ, ਉਸ ਨੂੰਹ ਦੀ ਰਾਖੀ ਬੈਠੀ ਹਾਂ।
ਓਲਾਦ ਹੱਥੋਂ ਜੋ ਸਤ ਰਹੇ ਮਾਪੇ, ਮੈਂ ਦੁੱਖ ਸੁਣਨ ਲਈ ਬੈਠੀ ਹਾਂ।
ਬੇਸਹਾਰਿਆਂ ਦਾ ਬਣ ਸਕਾਂ ਸਹਾਰਾ, ਤਿਆਰ ਮੈਂ ਹੋਈ ਬੈਠੀ ਹਾਂ।
ਕਿਸਾਨ ਜਿਹੜੇ ਖੁਦਕਸ਼ੀਆਂ ਕਰਦੇ, ਉਹ ਵੀ ਮੈਂ ਤਕਦੀ ਬੈਠੀ ਹਾਂ।
ਸ਼ਰੇਆਮ ਬਾਬਲ ਦੀ ਪਗੜੀ ਲੱਥਦੀ, ਕੁੱਝ ਕਰ ਨਹੀਂ ਸਕਦੀ ਬੈਠੀ ਹਾਂ।
ਕਤਲ ਚੋਰੀਆਂ ਡਾਕੇ ਪੈ ਰਹੇ, ਲਹੂ ਲੁਹਾਨ ਹੋਈ ਬੈਠੀ ਹਾਂ।
ਤਨ ਮਨ ਮੇਰਾ ਤੇ ਸੜਿਆ, ਬਲਿਆ, ਫਿਰ ਵੀ ਜਿਊਂਦੀ ਮੈਂ ਬੈਠੀ ਹਾਂ।
ਮੈਂ ਹਾਂ ਮਾਂ, ਮੈਂ ਧਰਤੀ ਮਾਂ ਹਾਂ, ਦੋਹਰੀ ਮਾਂ ਬਣਕੇ ਏਹੀਓ ਕਹਿੰਦੀ ਹਾਂ।
'ਕੋਈ ਤੇ ਦਿਨ ਐਸਾ 'ਰਿਸ਼ੀ' ਆਉ, ਜਦੋਂ ਮਾਵਾਂ ਦਾ ਹਿਰਦਾ ਠਰ ਜਾਊ।
ਹਰ ਕੋਈ ਸਖ਼ਸ ਬੰਦਾ ਬਣ ਜਾਊ, ਬਸ! ਏਹੀਓ ਵੇਖਣ ਲਈ ਬੈਠੀ ਹਾਂ।

00

ਦਿਲ ਦੁੱਖਾਂ ਥੱਲੇ ਦੱਬ ਗਿਐ.....!

ਜਿਹਨੂੰ ਵੀ ਆਪਣਾ ਸਹਾਰਾ ਸਮਝਿਐ,
ਉਹੀਓ ਹੀ ਮੈਥੋਂ ਕਿਨਾਰਾ ਕਰ ਗਿਐ।

ਜਿਹਦੀ ਆਸ ਤੇ ਜਿਊਂਦੀ ਰਹੀ ਮੈਂ ਉਮਰ ਭਰ,
ਬੇਆਸ ਉਹੀਓ ਅੱਜ ਮੈਨੂੰ ਕਰ ਗਿਐ।

ਮੰਗ ਨਾ ਲਵਾਂ ਕੋਈ ਸ਼ੈਅ ਮੈਂ ਓਸ ਤੋਂ ਕੀਮਤੀ,
ਸੋਚਕੇ ਸ਼ਾਇਦ ਏਹੀਓ ਉਹ ਡਰ ਗਿਐ।

ਆਫਤ ਤੇ ਆਫਤ ਆਈ ਤੇ ਆਉਂਦੀ ਗਈ,
ਆਂਚਲ ਮੇਰਾ ਹੁਣ ਆਫਤਾਂ ਨਾਲ ਭਰ ਗਿਐ।

ਜਿਹਦੇ ਸਿਰ ਤੇ ਮੈਂ ਆਫਤਾਂ ਝੱਲਦੀ ਰਹੀ,
ਉਹੀਓ ਸਿਰ 'ਰਿਸ਼ੀ' ਆਫਤਾਂ ਝੱਲ ਗਿਐ

ਦੋਸ਼ ਮੈਂ ਕਿਸ ਨੂੰ ਦਿਆਂ?
ਕਿਸ ਨੂੰ ਕਹਾਂ ਦੁੱਖ ਆਪਣਾ?
ਦਿਲ 'ਚ ਦੱਬੇ ਨੇ ਦੁੱਖ ਏਨੇ,
ਦਿਲ ਦੁੱਖਾਂ ਥੱਲੇ ਦੱਬ ਗਿਐ।

00

ਰਿਸ਼ਤਿਆਂ ਦਾ ਕਰੋ ਬਚਾਅ!

ਨੂੰਹ ਵੀ ਹੁੰਦੀ ਏ ਧੀ। ਸੱਸ ਵੀ ਹੁੰਦੀ ਏ ਮਾਂ, ਵੇ ਦੁਨੀਆਂ ਵਾਲਿਓ।
ਦੋਵੇਂ ਰਿਸ਼ਤੇ ਬੜੇ ਪਿਆਰੇ, ਇਸ ਗੱਲ ਨੂੰ ਨਾ ਦਿਓ ਭੁਲਾ ਵੇ ਦੁਨੀਆਂ ਵਾਲਿਓ।

ਮਾਂ ਨੂੰ ਛੱਡ ਕੇ ਆਈ ਸਹੁਰੇ, ਧੀ ਕਦੀ ਉਦਾਸ ਨਾ ਹੋਵੇ।
ਧੀ ਆਪਣੀ ਨੂੰ ਤੋਰ ਕੇ ਸਹੁਰੇ, ਮਾਂ ਕਦੀ ਨਾ ਬਹਿਕੇ ਰੋਵੇ।
ਨੂੰਹਾਂ-ਸੱਸਾਂ ਬਣ ਜਾਣ ਮਾਵਾਂ ਧੀਆਂ, ਇਹਦੇ ਵਿੱਚ ਨਾ ਕੋਈ ਗੁਨਾਹ ਵੇ ਦੁਨੀਆਂ ਵਾਲਿਓ।
ਨੂੰਹ ਵੀ ਹੁੰਦੀ ਏ ਧੀ.....।
ਸੱਸ ਮੰਗੇ ਸਦਾ ਨੂੰਹ ਦੀਆਂ ਖ਼ੈਰਾਂ, ਨੂੰਹ ਮੰਗੇ ਸਦਾ ਸੱਸ ਦੀਆਂ ਖ਼ੈਰਾਂ।
ਪਿਆਰ ਹੋਵੇ ਦੋਹਾਂ ਵਿੱਚ ਏਨਾ, ਚੁੰਮਣ ਇਕ ਦੂਜੇ ਦੀਆਂ ਪੈੜਾਂ।
ਇਕ ਦੂਜੇ ਦਾ ਰਾਹ ਦੋਵੇਂ ਤੱਕਣ, ਰਤਾ ਨਾ ਖਾਣ ਵਸਾਹ ਵੇ ਦੁਨੀਆਂ ਵਾਲਿਓ।
ਨੂੰਹ ਵੀ ਹੁੰਦੀ ਏ ਧੀ.....।
ਰਲਮਿਲ ਕੇ ਦੋਵੇਂ ਕੰਮ ਮੁਕਾਵਣ, ਇਕੱਠਿਆਂ ਫਿਰ ਸ਼ਾਪਿੰਗ ਨੂੰ ਜਾਵਣ।
ਰਲਮਿਲ ਕੇ ਦੋਵੇਂ ਬੱਚੇ ਵੇਖਣ, ਇਕੱਠਿਆਂ ਫਿਰ ਬਹਿ ਰੋਟੀ ਖਾਵਣ।
ਦੁੱਖ ਸੁੱਖ ਦੀਆਂ ਦੋਵੇਂ ਬਣ ਜਾਣ ਸਾਥੀ, ਆਵੇ ਦੋਹਾਂ ਵਿੱਚ ਬਦਲਾਅ ਵੇ ਦੁਨੀਆਂ ਵਾਲਿਓ।
ਨੂੰਹ ਵੀ ਹੁੰਦੀ ਏ ਧੀ.....।
ਸੱਸ ਹਸਾਵੇ ਸੱਸ ਵਰਾਵੇ, ਰੋਂਦੀ ਨੂੰਹ ਨੂੰ ਚੁੱਪ ਕਰਾਵੇ।
ਨੂੰਹ ਵੀ ਸੱਸ ਦਾ ਰੱਖੇ ਖਿਆਲ, ਡਿੱਗਦੀ ਢਹਿੰਦੀ ਨੂੰ ਉਠਾਵੇ।
ਖੁਸ਼ੀ ਖੁਸ਼ੀ ਦੋਵੇਂ ਕੱਟ ਲੈਣ ਜ਼ਿੰਦਗੀ, ਟੈਂਸ਼ਨ ਤੋਂ ਹੋਉ ਬਚਾਅ ਵੇ ਦੁਨੀਆਂ ਵਾਲਿਓ।
ਨੂੰਹ ਵੀ ਹੁੰਦੀ ਏ ਧੀ.....।
ਪਹਿਲਾਂ ਹੀ ਰਿਸ਼ਤੇ ਘਟਦੇ ਜਾ ਰਹੇ, ਕੁੱਖਾਂ ਵਿੱਚ ਧੀਆਂ ਮਾਰਨ ਲੋਕੀ।
ਪਹਿਲਾਂ ਹੀ ਰਿਸ਼ਤੇ ਟੁੱਟਦੇ ਜਾ ਰਹੇ, ਰਿਸ਼ਤੇ ਆਪ ਵਿਗਾੜਨ ਲੋਕੀ।
'ਰਿਸ਼ੀ' ਰਿਸ਼ਤੇ ਸਾਂਭੋ, ਸਮੇਂ ਦੇ ਰਹਿੰਦਿਆਂ, ਰਿਸ਼ਤਿਆਂ ਦਾ ਕਰੋ ਬਚਾਅ
ਨੂੰਹ ਵੀ ਹੁੰਦੀ ਏ ਧੀ.....।

00

ਮੈਂ ਗੂੰਗੀ

ਮੈਂ ਗੂੰਗੀ! ਮੇਰੀ ਮਾਂ ਵੀ ਗੂੰਗੀ,
ਗੂੰਗੀ ਸੀ ਮੇਰੀ ਦਾਦੀ, ਨਾਨੀ।
ਗੂੰਗੀ ਹੈ ਮੇਰੀ ਮਾਮੀ, ਮਾਸੀ,
ਗੂੰਗੀ ਸੀ ਮੇਰੀ ਪੜਦਾਦੀ, ਪੜਨਾਨੀ।
ਗੂੰਗੀ ਸੀ ਮੇਰੀ ਭੂਆ ਹੁੰਦੀ,
ਗੂੰਗੀ ਸੀ ਮੇਰੀ ਚਾਚੀ, ਤਾਈ।
ਗੂੰਗੀ ਹੈ ਮੇਰੀ ਭੈਣ, ਭਤੀਜੀ,
ਗੂੰਗੀ ਹੈ ਮੇਰੀ ਨਨਾਣ, ਭਰਜਾਈ।
ਗੂੰਗੀ ਹੈ ਮੇਰੀ ਦਰਾਣੀ, ਜੇਠਾਣੀ,
ਗੂੰਗੀ ਹੈ ਮੇਰੀ ਨੂੰਹ, ਧੀ ਰਾਣੀ।
ਗੂੰਗੀ ਮੇਰੀ ਸੱਸ ਸੀ ਹੁੰਦੀ,
ਗੂੰਗੀ ਦੇ ਗੂੰਗੇ ਸਭ ਹਾਣੀ।
ਗੂੰਗੀ ਹੈ ਹਰ ਔਰਤ ਇੱਥੇ,
ਹਰ ਔਰਤ ਦੀ ਇੱਕੋ ਕਹਾਣੀ।
ਗੂੰਗੇ ਦੀ ਭਾਸ਼ਾ ਗੂੰਗਾ ਸਮਝੇ,
ਸਭ ਨੇ ਇਹ ਗੱਲ ਹੈ ਜਾਣੀ।
ਗੂੰਗੀ 'ਰਿਸ਼ੀ' ਹਕੀਕਤ ਇਹ ਲਿਖੇ,
ਔਰਤ ਬਣ ਜਿਹਨੇ ਔਰਤ ਪਛਾਣੀ।
ਲਾਵੇ ਵਾਂਙੂ ਫੁੱਟਦੀ ਜਦੋਂ ਔਰਤ,
ਬਣ ਜਾਂਦੀ ਝਾਂਸੀ ਦੀ ਰਾਣੀ।

00

ਵੱਖਰਾ ਦੇਸ਼

ਵਾਂਙ ਪੰਛੀਆਂ ਉਡ ਕੇ ਆ ਗਏ, ਛੱਡ ਆਏ ਆਪਣਾ ਦੇਸ਼ ਭਰਾਵੋ! ਛੱਡ ਆਏ ਆਪਣਾ ਦੇਸ਼।
ਓਹੀਓ ਧਰਤੀ, ਓਹੀਓ ਅੰਬਰ ਪਰ ਵੱਖਰਾ ਇਹ ਦੇਸ਼ ਬੇਲੀਓ! ਪਰ ਵੱਖਰਾ ਇਹ ਦੇਸ਼।
ਨਿੱਕੇ ਨਿੱਕੇ ਜਦੋਂ ਅਸੀਂ ਸੀ ਹੁੰਦੇ, ਵਲੈਤ ਦਾ ਨਾਮ ਸੀ ਸੁਣਦੇ ਹੁੰਦੇ।
ਕੇਵਲ ਲੰਡਨ ਨੂੰ ਹੀ ਵਲੈਤ ਨੇ ਕਹਿੰਦੇ, ਏਹੀਓ ਸੀ ਅਸੀਂ ਸਮਝਦੇ ਹੁੰਦੇ।
ਉੱਥੇ ਤਾਂ ਜੀ ਰਹਿਣ ਗੋਰੀਆਂ! ਹੱਥ ਲਾਇਆਂ ਨੇ ਮੈਲੀਆਂ ਹੁੰਦੀਆਂ।
ਅੰਗਰੇਜੀ ਤੇ ਉਹ ਫਰ ਫਰ ਬੋਲਣ, ਉੱਚੀ ਅੱਡੀ ਪਾ ਤੁਰਦੀਆਂ ਹੁੰਦੀਆਂ।
ਵੱਡੇ ਵੱਡੇ ਹੁੰਦੇ ਮਹਿਲ ਮੁਨਾਰੇ, ਅਸਮਾਨਾਂ ਨੂੰ ਛੂੰਹਦੇ ਸਾਰੇ।
ਬੜੇ ਬੜੇ ਸਟੋਰ ਨੇ ਹੁੰਦੇ, ਲੋਕੀ ਆਪੇ ਹੀ ਚੀਜ਼ਾਂ ਚੁਣਦੇ ਸਾਰੇ।
ਖਾਣ ਪੀਣ ਨੂੰ ਖੁੱਲ੍ਹਾ ਬਾਹਰ, ਤੰਗੀ ਹੈ ਨਹੀਂ ਕਿਸੇ ਚੀਜ਼ ਦੀ।
ਪੀਜ਼ੇ, ਬਰਗਰ ਸਵਾਦ ਨੇ ਲੱਗਦੇ, ਤਾਰ ਨਿਕਲਦੀ ਫਰੈਸ਼ ਚੀਜ਼ ਦੀ।
ਮਿੱਟੀ ਘੱਟਾ ਹੈ ਨਹੀਂ ਓਥੇ, ਕੱਪੜੇ ਤੱਕ ਨਹੀਂ ਮੈਲੇ ਹੁੰਦੇ।
ਕੱਪੜੇ ਆਪੇ ਧੋਣ ਮਸ਼ੀਨਾਂ, ਬਸ ਪੈਸੇ ਨੇ ਪਾਉਣੇ ਹੁੰਦੇ।
ਕੰਮ ਸਾਰੇ ਝਟਪਟ ਹੋ ਜਾਂਦੇ, ਰਿਸ਼ਵਤ ਨਾ ਕੋਈ ਓਥੇ ਲੈਂਦਾ।
ਹੱਸ ਕੇ ਹੈਲੋ ਕਹਿੰਦੇ ਪਹਿਲਾਂ, ਮਗਰੋਂ ਥੈਂਕ ਯੂ ਹਰ ਕੋਈ ਕਹਿੰਦਾ।
ਨਿੱਕੀ ਨਿੱਕੀ ਗੱਲ ਨੂੰ ਨੇ ਸਲਾਹੁੰਦੇ, ਚਮਚਾਗਿਰੀ ਨਹੀਂ ਕੰਮ ਨੇ ਚਾਹੁੰਦੇ
ਏਸੇ ਲਈ ਤਰੱਕੀਆਂ ਕਰਕੇ, ਮੋਹਰਲੀਆਂ ਕਤਾਰਾਂ ਵਿੱਚ ਨੇ ਆਉਂਦੇ।
ਕੰਡਕਟਰ ਨਹੀਂ ਕੋਈ ਬਸ ਵਿਚ ਹੁੰਦਾ, ਡਰਾਈਵਰ ਆਪ ਹੀ ਟਿਕਟਾਂ ਦਿੰਦਾ।
ਇੱਜ਼ਤ ਨਾਲ ਉਹ ਸਵਾਰੀ ਚੜ੍ਹਾਉਂਦਾ, ਹੱਸ ਕੇ ਟਿਕਾਣੇ ਲਾਹੁੰਦਾ ਹੁੰਦਾ।
ਕੋਈ ਵੀ ਕਿਸੇ ਨੂੰ ਤੰਗ ਨਹੀਂ ਕਰਦਾ, ਆਪਣੇ ਆਪ ਵਿੱਚ ਮਸਤ ਨੇ ਸਾਰੇ।
ਮਿਹਨਤ ਕਰਕੇ ਰੋਟੀ ਸਭ ਖਾਂਦੇ, ਟੈਕਸ ਵੀ ਆਪ ਕਟਾਉਂਦੇ ਨੇ ਸਾਰੇ।
'ਰਿਸ਼ੀ' ਸਭ ਕੁੱਝ ਵੇਖ ਲਿਐ ਹੁਣ ਅੱਖੀਂ, ਸੰਜਮ ਦੇ ਵਿੱਚ ਰਹਿੰਦੇ ਸਾਰੇ।
ਟਰੈਫਿਕ ਦੇ ਵੀ ਰੂਲ ਨੇ ਪੱਕੇ, ਤੋੜਨ ਵਾਲੇ ਜੇਲ ਵਿੱਚ ਜਾਂਦੇ ਸਾਰੇ।
ਦਿਲ ਕਰਦੈ ਆਪਣੇ ਭਾਰਤ ਵਿੱਚ ਵੀ, ਸਭ ਕੁੱਝ ਹੋ ਜਾਵੇ ਏਦਾਂ ਹੀ।
ਫੇਰ ਨਾ ਕੋਈ ਵੀ ਬਾਹਰ ਨੂੰ ਤਰਸੂ, ਦੇਸ਼ ਬਣੂ ਖੁਸ਼ਹਾਲ ਏਦਾਂ ਹੀ।

00

ਵਜ਼ੀਰ ਖਾਨ ਨੂੰ.....'ਰਿਸ਼ੀ' ਦੇ ਕੁੱਝ ਸਵਾਲ.....?

ਵਜ਼ੀਰ ਖਾਨ ਜੇ ਮਿਲ ਪਵੇ ਕਿਤੇ ਮੈਨੂੰ, ਪੁੱਛਣੇ ਕੁਝ ਸਵਾਲ ਮੈਂ ਰੋਕ ਕੇ ਨੇ
ਜਵਾਬ ਓੜਨਾ ਨਹੀਂ ਕੋਈ ਵੀ ਉਹਨੂੰ, ਪੁੱਛਣੇ ਕੁਝ ਸਵਾਲ ਮੈਂ ਠੋਕ ਕੇ ਨੇ
ਕੀ ਵਿਗਾੜਿਆ ਸੀ ਫੁੱਲਾਂ ਨੇ ਦੱਸ ਤੇਰਾ, ਜਿਹੜੇ ਖਿੜਨ ਤੋਂ ਪਹਿਲਾਂ ਤੂੰ ਤੋੜ ਦਿੱਤੇ
ਕਿਉਂ ਮੱਤ ਤੇਰੀ ਸੀ ਗਈ ਮਾਰੀ, ਜਿਹੜਾ ਸ਼ੇਰ ਖਾਨ ਦੇ ਆਖੇ ਤੂੰ ਮੋੜ ਦਿੱਤੇ
ਕਿਉਂ ਨਾ ਤਰਸ ਕੀਤਾ ਸਾਹਿਬਜ਼ਾਦਿਆਂ ਤੇ ਰੱਬੀ ਨੂਰ ਦੇ ਸੁਪਨੇ ਤੂੰ ਤੋੜ ਦਿੱਤੇ?
ਕਿਉਂ ਨਾ ਯਾਦ ਆਇਆ ਸੱਚਾ ਖੁਦਾ ਤੈਨੂੰ? ਕਿਉਂ ਤੂੰ ਖੁਦਾ ਦੇ ਨਿਯਮ ਵੀ ਤੋੜ ਦਿੱਤੇ?
ਕਿਉਂ ਨਾ ਤੂੰ ਰੋਇਆ? ਕਿਉਂ ਨਾ ਤੇਰੀ ਰੂਹ ਕੰਬੀ? ਹੁਕਮ ਮੂੰਹੋਂ ਕਿਉਂ ਮਾੜੇ ਸੁਣਾ ਦਿੱਤੇ?
ਮਾਤਾ ਗੁਜਰੀ ਦੇ ਸੋਹਣੇ ਜਿਹੇ ਲਾਲ ਦੋਵੇਂ, ਜਿਊਂਦੇ ਨੀਂਹਾਂ ਵਿਚ ਚਿਣਾ ਦਿੱਤੇ।
ਕਿਉਂ ਤੂੰ ਭਖਦੀ ਹੋਈ ਭੱਠੀ ਵਿਚ ਕੁੱਦ ਬੈਠਾ? ਇਸਲਾਮ ਧਰਮ ਨੂੰ ਦਾਗ ਕਿਉਂ ਲਾ ਦਿੱਤੈ?
ਇਸਲਾਮ ਧਰਮ ਨਹੀਂ ਕਹਿੰਦਾ ਜੋ ਤੂੰ ਕੀਤਾ, ਛੋਟੇ ਵੱਡੇ ਤੂੰ ਲੋਕ ਰੁਆ ਦਿੱਤੇ
ਤੇਰੀ ਜਿੱਤ ਨਹੀਂ ਤੇਰੀ ਤੇ ਹਾਰ ਸੀ ਉਹ, ਹੰਝੂ ਲੋਕਾਂ ਦੇ ਤੈਨੂੰ ਸੁਣਾ ਚੁੱਕੇ
ਯਾਦ ਕਰਦੀ ਹੈ ਦੁਨੀਆਂ ਸਾਹਿਬਜ਼ਾਦਿਆਂ ਨੂੰ, ਲੋਕ ਕਦੋਂ ਦਾ ਤੈਨੂੰ ਭੁਲਾ ਚੁੱਕੇ
ਸਲਾਮ ਕਰਦੀ ਹੈ ਦੁਨੀਆਂ ਟੋਡਰ ਮੱਲ ਜੀ ਨੂੰ, ਜਿਹਨਾਂ ਸੋਨੇ ਦੇ ਸਿੱਕੇ ਵਿਛਾ ਦਿੱਤੇ।
ਅਰਾਮ ਕਰਦੇ ਨੇ ਸਾਹਿਬਜ਼ਾਦੇ ਅੱਜ ਵੀ ਓਥੇ, ਮਾਤਾ ਗੁਜਰੀ ਦੇ ਸੀਨੇ ਨਾਲ ਲਾ ਦਿੱਤੇ
ਮੁੜਕੇ ਕਰੀ ਨਾ ਕਦੀ ਵੀ ਜ਼ੁਲਮ ਐਸਾ, ਨਾਦਾਨ ਸਮਝ ਕੇ ਤੈਨੂੰ ਸੁਝਾਅ ਦਿੱਤੈ
ਤੂੰ ਤੇ ਚੀਜ਼ ਕੀ ਹੈ ਦੱਸੀ ਵਜ਼ੀਰ ਖਾਨਾਂ, ਵੱਡੇ-ਵੱਡੇ ਸਿੰਘਾਂ ਬੰਦੇ ਬਣਾ ਦਿੱਤੇ।

00

ਪੱਥਰਾਂ ਦਾ ਸ਼ਹਿਰ

ਇਹ ਵੀ ਪੱਥਰਾਂ ਦਾ ਸ਼ਹਿਰ ਹੈ,
ਉਹ ਵੀ ਪੱਥਰਾਂ ਦਾ ਸ਼ਹਿਰ ਸੀ।
ਇੱਥੇ ਵੀ ਟੁੱਟਦਾ ਕਹਿਰਹੈ,
ਉੱਥੇ ਵੀ ਟੁੱਟਦਾ ਕਹਿਰ ਸੀ।।
ਕੋਈ ਫਰਕ ਨਾ ਮੈਨੂੰ ਜਾਪਦਾ,
ਸਭ ਕੁੱਝ ਲੱਗੇ ਇਕੋ ਜਿਹਾ।
ਇੱਥੇ ਵੀ ਪੰਗੇ ਪੈ ਰਹੇ,
ਉੱਥੇ ਵੀ ਪਲਦਾ ਵੈਰ ਸੀ।।
ਚੱਲ ਰਹੀਆਂ ਇੱਥੇ ਗੋਲੀਆਂ,
ਚੱਲਦੀ ਉੱਥੇ ਤਲਵਾਰ ਸੀ।
ਇੱਥੇ ਹੋਵੇ ਜਾਂ ਉੱਥੇ ਹੋਵੇ,
ਕਿਸੇ ਦੀ ਵੀ ਨਾ ਖੈਰ ਸੀ।।
ਸ਼ਿਕਵੇ ਗਿਲੇ ਇੱਥੇ ਵੀ ਨੇ,
ਸ਼ਿਕਵੇ ਗਿਲੇ ਉੱਥੇ ਵੀ ਸੀ।
ਰੰਜਿਸ਼ ਦੇ ਮਾਰੇ ਲੋਕ ਨੇ,
ਉੱਥੇ ਵੀ ਇਹੋ ਲਹਿਰ ਸੀ।
ਰੋਟੀ ਦੀ ਇੱਥੇ ਲੋੜ ਹੈ,
ਰੋਟੀ ਲਈ ਉੱਥੇ ਦੌੜ ਸੀ।
ਆਰਾਮ ਦਾ ਇੱਕ ਪਲ ਨਹੀਂ,
'ਰਿਸ਼ੀ' ਕੰਮ ਅੱਠੇ ਪਹਿਰ ਸੀ।।
ਇਹ ਵੀ ਪੱਥਰਾਂ ਦਾ ਸ਼ਹਿਰ ਹੈ,
ਉਹ ਵੀ ਪੱਥਰਾਂ ਦਾ ਸ਼ਹਿਰ ਸੀ।
ਇੱਥੇ ਵੀ ਟੁੱਟਦਾ ਕਹਿਰ ਹੈ,
ਉੱਥੇ ਵੀ ਟੁੱਟਦਾ ਕਹਿਰ ਸੀ।।

00

ਜੇਹੜੇ ਮਹਿਲ ਉਸਾਰਨ ਦੂਜਿਆਂ ਲਈ

ਜੇਹੜੇ ਮਹਿਲ ਉਸਾਰਨ ਦੂਜਿਆਂ ਲਈ, ਉਹ ਕੁੱਲੀਆਂ ਦੇ ਵਿੱਚ ਰਹਿੰਦੇ ਨੇ
ਮਿੱਟੀ ਨਾਲ ਮਿੱਟੀ ਹੋਣ ਜਿਹੜੇ, ਉਹ ਮਿੱਟੀਆਂ ਵਿੱਚ ਰੁਲਦੇ ਰਹਿੰਦੇ ਨੇ।।

ਅੱਜ ਇੱਥੇ ਤੇ ਕੱਲ ਉੱਥੇ ਨੇ, ਆਪਣਾ ਤੇ ਪੱਕਾ ਟਿਕਾਣਾ ਨਹੀਂ।
ਸੇਵਾ ਕਰਦੇ ਨੇ ਦੂਜਿਆਂ ਦੀ, ਆਪਣੇ ਸਿਰ ਹੇਠ ਸਿਰਹਾਣਾ ਨਹੀਂ।।
ਜਦੋਂ ਮਹਿਲ ਉਸਰ ਜਾਂਦਾ ਹੈ ਨਵਾਂ, ਦੂਰੋਂ ਖੜ੍ਹ-ਖੜ੍ਹ ਤੱਕਦੇ ਰਹਿੰਦੇ ਨੇ
ਜਿਹੜੇ ਮਹਿਲ ਉਸਾਰਨ ਦੂਜਿਆਂ ਲਈ.....
ਪੁੱਛਦੇ ਨੇ ਬੱਚੇ ਬਾਪੂ ਨੂੰ, ਸਾਡਾ ਘਰ ਏਨਾ ਛੋਟਾ ਕਿਉਂ?
ਜਿੱਥੇ ਕੰਮ ਕਰਨ ਤੁਸੀਂ ਜਾਂਦੇ ਓ, ਦੱਸੋ ਉਹ ਘਰ ਏਨਾ ਵੱਡਾ ਕਿਉਂ?
ਬਾਲਾਂ ਨੂੰ ਕੁਝ ਵੀ ਪਤਾ ਹੈ ਨਹੀਂ, ਉਹ ਪ੍ਰਸ਼ਨ ਹੀ ਕਰਦੇ ਰਹਿੰਦੇ ਨੇ..
ਜਿਹੜੇ ਮਹਿਲ ਉਸਾਰਨ ਦੂਜਿਆਂ ਲਈ.....
ਕਿਸਮਤ ਦਾ ਚੱਕਰ ਹੈ ਸਾਰਾ, ਬਾਪੂ ਸਮਝਾਉਂਦਾ ਹੈ ਬੱਚਿਆਂ ਨੂੰ।
ਸਾਡਾ ਵੀ ਕਦੀ ਵੇਲਾ ਆਵੇਗਾ, ਬੇਬੇ ਸਮਝਾਉਂਦੀ ਹੈ ਬੱਚਿਆਂ ਨੂੰ।।
ਬੱਚਿਆਂ ਦੀ ਅਕਲ ਨਿਆਣੀ ਏ, ਉਹ ਫਿਰ ਵੀ ਪੁੱਛਦੇ ਰਹਿੰਦੇ ਨੇ...
ਜਿਹੜੇ ਮਹਿਲ ਉਸਾਰਨ ਦੂਜਿਆਂ ਲਈ.....
ਕਿਸਮਤ ਬਾਪੂ ਕਿਵੇਂ ਬਣਦੀ ਹੈ? ਸਾਨੂੰ ਦੱਸੋ ਅਸੀਂ ਬਣਾ ਲਈਏ।
ਕਿਹੜੀ ਥਾਂ ਤੋਂ ਕਿਸਮਤ ਮਿਲਦੀ ਹੈ? ਜਾ ਕੇ ਬੇਬੇ ਦੇ ਨਾਲ ਲੈ ਆਈਏ।।
ਬੱਚਿਆਂ ਦੀ ਸਮਝ ਤੋਂ ਬਾਹਰ ਹੁੰਦੈ, ਉਹ ਤਰਲੇ ਕੱਢਦੇ ਰਹਿੰਦੇ ਨੇ....
ਜਿਹੜੇ ਮਹਿਲ ਉਸਾਰਨ ਦੂਜਿਆਂ ਲਈ.....
ਜੇ ਕਿਸਮਤ ਦੇ ਹੱਥ ਹੀ ਸਭ ਕੁਝ ਹੈ ਤਾਂ ਕਿਸਮਤ ਲਿਖਣ ਵਾਲਾ ਵੀ ਤੂੰ ਰੱਬਾ।
ਕਿਸਮਤ ਲਿਖ ਤੂੰ ਸਭ ਦੀ ਇੱਕੋ ਜਿਹੀ, ਨਾ ਕਿਸੇ ਨੂੰ ਵੀ ਤਰਸਾ ਤੂੰ ਰੱਬਾ।
ਸਭ ਜੀਆਂ ਲਈ 'ਰਿਸ਼ੀ' ਅਰਦਾਸ ਕਰੇ, ਜੋ ਤੇਰੀ ਦੁਨੀਆਂ ਦੇ ਵਿੱਚ ਰਹਿੰਦੇ ਨੇ।
ਜਿਹੜੇ ਮਹਿਲ ਉਸਾਰਨ ਦੂਜਿਆਂ ਲਈ.....

00

ਉੱਠ ਜਾਗ ਮਨਾ!

ਉੱਠ ਜਾਗ ਮਨਾ! ਹੋ ਗਿਐ ਸਵੇਰਾ
ਸੂਰਜ ਨੇ ਦਰਸ਼ਨ ਦੇ ਦਿੱਤੇ,
ਕਰ ਦਿਤੈ ਦੂਰ ਹਨੇਰਾ
ਉੱਠ ਜਾਗ ਮਨਾ.....!
ਕੁੱਕੜ ਬਾਂਗਾਂ ਦੇਣ ਲੱਗ ਪਏ
ਪੰਛੀ ਨੱਚਣ ਗਾਉਣ ਲੱਗ ਪਏ
ਔਂਸ ਦੀਆਂ ਬੂੰਦਾਂ ਨੇ ਲਾ ਲਿਐ
ਘਾਹ ਦੇ ਉੱਤੇ ਡੇਰਾ
ਉੱਠ ਜਾਗ ਮਨਾ.....!
ਭਾਈ ਜੀ ਬਾਣੀ ਸੁਣਾਉਣ ਲੱਗ ਪਏ
ਪੁਜਾਰੀ ਜੀ ਟੱਲ ਵਜਾਉਣ ਲੱਗ ਪਏ
ਅਵਾਜ਼ ਆ ਗਈ, ਚਰਚ ਤੇ ਮਸਜਿਦ 'ਚੋਂ
ਅੱਲਾ ਸ਼ੁਕਰ ਹੈ ਤੇਰਾ
ਉੱਠ ਜਾਗ ਮਨਾ.....!
ਅਪਣਾ ਅਪਣਾ ਇਸ਼ਟ ਧਿਆ ਰਹੇ।
ਚੰਗੇ ਪਾਸੇ ਮਨ ਨੂੰ ਲਾ ਰਹੇ।।
ਖੁਸ਼ੀ-2 ਫਿਰ ਦਿਨ ਨੇ ਕਟਦੇ, ਅਜ਼ਮਾ ਲਓ ਤੁਸੀਂ ਇਕੇਰਾ...
ਉੱਠ ਜਾਗ ਮਨਾ.....!
ਆਲਸ ਛੱਡ ਕੇ ਚੁਸਤ ਹੋ ਜਾਈਏ
ਥਕਾਵਟ ਵਾਲਾ ਰਾਗ ਨਾ ਗਾਈਏ
ਆਲਸ ਅਤੇ ਥਕਾਵਟ ਦੇ ਵਿਚ
ਗਵਾਇਐ ਸਮਾਂ ਬਥੇਰਾ
ਉੱਠ ਜਾਗ ਮਨਾ.....!
ਰਾਤ ਤੇ ਦਿਨ ਦੇ ਫਰਕ ਨੂੰ ਜਾਣੀਏ
ਸਮੇਂ-ਸਮੇਂ ਦੀ ਨਬਜ਼ ਪਛਾਣੀਏ।।
6-7 ਘੰਟੇ ਦੀ ਨੀਂਦ ਹੈ ਕਾਫੀ, 'ਰਿਸ਼ੀ' ਇਹੋ ਤਜ਼ਰਬਾ ਮੇਰਾ
ਉਠ ਜਾਗ ਮਨਾ! ਹੋ ਗਿਐ ਸਵੇਰਾ
ਸੂਰਜ ਨੇ ਦਰਸ਼ਨ ਦੇ ਦਿੱਤੇ, ਕਰ ਦਿਤੈ ਦੂਰ ਹਨੇਰਾ....

00

ਇਬਾਦਤ ਕਰ! ਇਬਾਦਤ ਕਰ!

ਇਬਾਦਤ ਕਰ।ਇਬਾਦਤ ਕਰ।
ਇਬਾਦਤ ਕਰ।ਇਬਾਦਤ ਕਰ।
ਚੁਰਾਸੀ ਕੱਟ ਕੇ ਆਇਐ, ਬੰਦੇ ਦੀ ਜੂਨ ਵਿੱਚ ਆਇਐ।
ਓਸੇ ਦੇ ਹੁਕਮ 'ਤੇ ਆਇਐ, ਤੂੰ ਜਿੰਦਗੀ ਜੀਊਣ ਲਈ ਆਇਐ।
ਇਬਾਦਤ ਕਰ.....
ਜੇਕਰ ਸਕੂਨ ਪਾਉਣਾ ਹੈ, ਪਰਦਾ ਅੱਖਾਂ ਤੋਂ ਲਾਹੁਣਾ ਹੈ।
ਜੇਕਰ ਤੂੰ ਰੱਬ ਰਿਝਾਉਣਾ ਹੈ, ਤੇ ਰੱਬ ਸੱਚੇ ਨੂੰ ਪਾਉਣਾ ਹੈ।
ਇਬਾਦਤ ਕਰ.....
ਏਹੀਓ ਇੱਕ ਰਾਹ ਹੈ ਅਸਲੀ, ਬਾਕੀ ਸਭ ਰਾਹ ਨੇ ਨਕਲੀ।
ਤੂੰ ਤੁਰ ਪੈ ਅਸਲੀ ਰਾਹਾਂ 'ਤੇ, ਤੇ ਛੱਡ ਦੇ ਰਾਹ ਸਭ ਨਕਲੀ।
ਇਬਾਦਤ ਕਰ.....
ਓਸੇ ਤੈਨੂੰ ਬਚਾਉਣਾ ਹੈ, ਓਸੇ ਤੈਨੂੰ ਪਾਰ ਲਾਉਣਾ ਹੈ।
ਬਾਕੀ ਸਭ ਸਾਥ ਨੇ ਝੂਠੇ, ਓਸੇ ਨੇ ਸਾਥ ਦੇਣਾ ਹੈ।
ਇਬਾਦਤ ਕਰ.....
ਭਾਵੇਂ 'ਰਿਸ਼ੀ' ਬੋਲ ਤੂੰ 'ਵਾਹਿਗੁਰੂ', ਭਾਵੇਂ ਤੂੰ 'ਰਾਮ' ਦਾ ਨਾਂ ਲੈ।
ਬੇਸ਼ਕ ਦੀ 'ਗਾਡ' ਕਹਿ ਲੈ ਤੂੰ, ਬੇਸ਼ਕ ਦੀ 'ਅੱਲਾ' ਤੂੰ ਕਹਿ ਲੈ।
ਇਬਾਦਤ ਕਰ.....
ਇਹ ਸਾਰੇ ਨਾਮ ਇੱਕੋ ਦੇ, ਸੱਚੇ ਪੈਗ਼ਾਮ ਇੱਕੋ ਦੇ।
ਇਹ ਦਿਨ ਤੇ ਰਾਤ ਇੱਕੋ ਦੇ, ਸੁਬਹਾ ਤੇ ਸ਼ਾਮ ਇੱਕੋ ਦੇ।
ਇਬਾਦਤ ਕਰ.....

00

ਗ਼ਜ਼ਲ

ਇਹ ਦੁਨੀਆਂ ਹੈ ਬੜੀ ਸ਼ਾਤਿਰ,
ਬਹਾਨੇ ਲੱਭ ਹੀ ਲੈਂਦੀ ਹੈ।
ਕਦੀ ਸਤਾਉਣ ਦੀ ਖ਼ਾਤਿਰ,
ਕਦੀ ਰੁਆਉਣ ਦੀ ਖ਼ਾਤਿਰ।।
ਕਿਸੇ ਨੂੰ ਕਿਉਂ ਸਤਾਉਂਦੀ ਹੈ,
ਕਿਸੇ ਨੂੰ ਕਿਉਂ ਰੁਆਉਂਦੀ ਹੈ।
ਕਿਸੇ ਨੂੰ ਅਪਨਾਉਣ ਦੀ ਖ਼ਾਤਿਰ,
ਯਾਕਿ ਗਲੋਂ ਲਾਹੁਣ ਦੀ ਖਾਤਿਰ।।
ਖੁਲਾਸਾ ਕਰ ਨਹੀਂ ਸਕਿਆ,
ਕੋਈ ਵੀ ਏਸ ਦੁਨੀਆਂ ਦਾ,
ਪੁਰਾਣੇ ਜੂੜ ਤੋਂ ਵੱਢਦੀ ਹੈ,
ਨਵੇਂ ਨਾਲ ਲਾਉਣ ਦੀ ਖ਼ਾਤਿਰ।।
ਅਜਬ ਹੈ ਰੰਗ ਦੁਨੀਆ ਦਾ,
ਅਜਬ ਹੈ ਢੰਗ ਦੁਨੀਆ ਦਾ।
ਰਹਿੰਦੀ ਵਿਸ਼ ਘੋਲਦੀ ਦੁਨੀਆ,
ਆਪਾ ਬਹਿਲਾਉਣ ਦੀ ਖਾਤਿਰ।।
ਮੈਂ ਕੀ ਆਖਾਂ ਤੇ ਕੀ ਸਮਝਾਂ,
ਮੇਰੀ ਤੇ ਸਮਝ ਤੋਂ ਬਾਹਰ।
ਕਿਉਂ ਇਹ ਸਭ ਕਰਦੀ ਹੈ ਦੁਨੀਆ,
ਮੈਂ ਨੂੰ ਵਡਿਆਉਣ ਦੀ ਖਾਤਿਰ।।
ਕਦੀ ਕਦੀ ਬੋਲ ਪੈਂਦੀ ਹੈ 'ਰਿਸ਼ੀ'
ਖਾਮੋਸ਼ ਰਹਿ ਕੇ ਵੀ।
ਤੇ ਲਿਖ ਲੈਂਦੀ ਹੈ ਕੁਝ ਅੱਖਰ,
ਮਨ ਨੂੰ ਸਮਝਾਉਣ ਦੀ ਖਾਤਿਰ।।
ਇਹ ਦੁਨੀਆਂ ਹੈ ਬੜੀ ਸ਼ਾਤਿਰ.....।

00

ਰੋਟੀ ਦੀ ਖ਼ਾਤਰ

‘ਰਿਸ਼ੀ’ ਦੇਸੋਂ ਪ੍ਰਦੇਸ ਆ ਗਏ, ਰੋਟੀ ਦੀ ਖ਼ਾਤਰ ਆਪਾਂ।
ਆਪਣਿਆਂ ਤੋਂ ਦੂਰ ਆ ਗਏ, ਰੋਟੀ ਦੀ ਖ਼ਾਤਰ ਆਪਾਂ।

ਭੁੱਖੇ ਤਿਹਾਏ ਦਿਨ ਭਰ, ਗੱਡੀਆਂ ਚਲਾਉਂਦੇ ਹਾਂ।
ਕੰਮਾਂ ਵਿੱਚ ਐਸੇ ਰੁੱਝੇ, ਭੁੱਖੇ ਹੀ ਸੋਂਦੇ ਹਾਂ।
ਕੀ ਕਰੀਏ ਸਮਝ ਨਹੀਂ ਆਉਂਦੀ,ਰੋਟੀ ਦੀ ਖਾਤਰ ਆਪਾਂ
‘ਰਿਸ਼ੀ’, ਦੇਸੋ ਪ੍ਰਦੇਸ ਆ ਗਏ.....।
ਕੰਮਾਂ ’ਤੇ ਜੀਅ ਨਹੀਂ ਲੱਗਦਾ, ਮੱਲੋ ਮੱਲੀ ਹਾਂ ਜਾਂਦੇ।
ਕੰਮਾਂ ਦੇ ਬੋਝੇ ਹੇਠਾਂ, ਆਪਾਂ ਦੱਬੀ ਹਾਂ ਜਾਂਦੇ।
ਬੜੇ ਹੀ ਮਜ਼ਬੂਰ ਹੋ ਗਏ, ਰੋਟੀ ਦੀ ਖ਼ਾਤਰ ਆਪਾਂ।
‘ਰਿਸ਼ੀ’, ਦੇਸੋ ਪ੍ਰਦੇਸ ਆ ਗਏ.....।
ਰੱਜ ਕੇ ਨਾ ਸੋਂ ਕੇ ਵੇਖਿਆ, ਨੀਂਦਰ ਟੁੱਟਦੀ ਅਧੂਰੀ।
ਫਿਕਰਾਂ ਨੇ ਮਾਰਿਐ ਐਸਾ, ਨੀਂਦਰ ਨਾ ਹੁੰਦੀ ਪੂਰੀ।
ਬੀਮਾਰੀ ਸਹੇੜ ਲਈ ਹੈ, ਰੋਟੀ ਦੀ ਖ਼ਾਤਰ ਆਪਾਂ।
‘ਰਿਸ਼ੀ’, ਦੇਸੋ ਪ੍ਰਦੇਸ ਆ ਗਏ.....।
ਘੜੀਆਂ ਨੂੰ ਵੇਖ ਵੇਖ ਕੇ, ਘੜੀਆਂ ਲੰਘਾਈ ਜਾਂਦੇ।
ਘੜੀਆਂ ਦੀ ਗੱਲ ਹੀ ਛੱਡੋ, ਉਮਰਾਂ ਲੰਘਾਈ ਜਾਂਦੇ।
ਉਮਰਾਂ ਦੇ ਚੋਰ ਹੋ ਗਏ, ਰੋਟੀ ਦੀ ਖ਼ਾਤਰ ਆਪਾਂ।
‘ਰਿਸ਼ੀ’, ਦੇਸੋ ਪ੍ਰਦੇਸ ਆ ਗਏ.....।
ਆਉਂਦੇ ਨੇ ਥੋੜ੍ਹੇ ਥੋੜ੍ਹੇ, ਜਾਂਦੇ ਨੇ ਬੁੱਕ ਬੁੱਕ ਡਾਲਰ।
ਪੈਨੀ ਨਹੀਂ ਜੁੜੀ ਇੱਥੇ, ਕਿੱਥੋਂ ਨੇ ਜੁੜਨੇ ਡਾਲਰ।
ਹੱਢਾਂ ਦੀ ਕਰ ਲਈ ਕੁਰਕੀ, ਰੋਟੀ ਦੀ ਖ਼ਾਤਰ ਆਪਾਂ।
‘ਰਿਸ਼ੀ’, ਦੇਸੋ ਪ੍ਰਦੇਸ ਆ ਗਏ.....।

00

ਛੱਡ ਗਿਆ ਸਾਡਾ ਲਾਲ....

ਕੌਣ ਕਿਸੇ ਦਾ ਮਾਂ-ਪਿਓ ਇੱਥੇ,
ਕੌਣ ਕਿਸੇ ਦਾ ਬਾਲ,
ਖੂਨ ਦੇ ਵਿਚ ਰਹਿ ਗਈ ਸਫ਼ੈਦੀ,
ਮੁੱਕ ਗਿਐ ਰੰਗ ਲਾਲ।।

ਉਹੀਓ ਮਾਂ, ਜਿਸ ਦੁੱਧ ਪਿਲਾਇਆ,
ਉਹੀਓ ਪਿਓ, ਜਿਸ ਹਿੱਕ ਨਾਲ ਲਾਇਆ।।
ਅੱਜ ਰੋ-ਰੋ ਕੇ ਦੋਵੇਂ ਕਹਿੰਦੇ,
ਛੱਡ ਗਿਐ ਸਾਡਾ ਲਾਲ...
ਕੌਣ ਕਿਸੇ ਦਾ ਮਾਂ-ਪਿਓ ਇੱਥੇ,
ਕੌਣ ਕਿਸੇ ਦਾ ਬਾਲ।

ਏਸੇ ਦੁਨੀਆਂ 'ਤੇ ਜਿਊਂਦੇ ਪਏ ਮਾਪੇ।
ਏਸੇ ਦੁਨੀਆਂ 'ਤੇ ਵਸਦੇ ਪਏ ਬੱਚੇ।।
ਨਜ਼ਰ ਮਿਲੇ ਤੇ ਨਜ਼ਰ ਚੁਰਾਉਂਦੇ,
ਵੇਖੇ ਮੈਂ ਨਜ਼ਰਾਂ ਨਾਲ.....
ਕੌਣ ਕਿਸੇ ਦਾ ਮਾਂ-ਪਿਓ ਇੱਥੇ,
ਕੌਣ ਕਿਸੇ ਦਾ ਬਾਲ।

ਦਿਲ ਵਿਚ ਬੱਚੜਾ ਨਾਲ ਰਹੇਗਾ,
ਮਨ ਵਿਚ ਸਦਾ ਮਲਾਲ ਰਹੇਗਾ।
ਮਾਸ ਨਹੁੰਆਂ ਤੋਂ ਵੱਖ ਨਾ ਹੋਵੇ,
ਨਾ ਨਿਖੜਨ ਸਾਂਝੀਵਾਲ...
ਕੌਣ ਕਿਸੇ ਦਾ ਮਾਂ-ਪਿਓ ਇੱਥੇ,
ਕੌਣ ਕਿਸੇ ਦਾ ਬਾਲ।

ਸਾਂਝੇ ਚੱਲਣ ਸਾਹ ਜਿਹਨਾਂ ਦੇ।
ਸਾਂਝੇ ਹੋਵਣ ਰਾਹ ਜਿਹਨਾਂ ਦੇ।।
ਜਿਉਂਦਿਆਂ ਦੀਆਂ ਨਾ ਟੁੱਟਣ ਸਾਂਝਾਂ,
ਨਿੱਭਣ ਹਜ਼ਾਰਾਂ ਸਾਲ.....
ਕੌਣ ਕਿਸੇ ਦਾ ਮਾਂ-ਪਿਓ ਇੱਥੇ,
ਕੌਣ ਕਿਸੇ ਦਾ ਬਾਲ।

ਰੱਬ ਤੋਂ ਮੰਗਦੇ 'ਰਿਸ਼ੀ' ਦੁਆਵਾਂ।
ਹੋਣ ਬੱਚਿਆਂ ਦੀਆਂ ਸੌਖੀਆਂ ਰਾਹਵਾਂ।।
ਸਾਡਾ ਕੀ, ਅਸੀਂ ਤੇ ਤੁਰ ਜਾਣੈ,
ਦੁੱਖ ਲੈਜਾਂਗੇ ਨਾਲ....
ਕੌਣ ਕਿਸੇ ਦਾ ਮਾਂ-ਪਿਓ ਇੱਥੇ,
ਕੌਣ ਕਿਸੇ ਦਾ ਬਾਲ।

00

ਆਪਣੇ ਰਾਹ ਮੈਂ ਆਪ ਬਣਾਵਾਂ

ਆਪਣੇ ਰਾਹ ਮੈਂ ਆਪ ਬਣਾਵਾਂ, ਕਿਸੇ ਨਾਲ ਨਾ ਕਦਮ ਮਿਲਾਵਾਂ।।
ਕਿਸੇ ਦੇ ਕਦਮ ਗਲਤ ਹੋ ਸਕਦੇ, ਕਿਉਂ ਮੈਂ ਗਲਤ ਰਾਹਾਂ ਤੇ ਜਾਵਾਂ।।

ਗਲਤ ਰਾਹ ਅਪਨਾਉਂਦੇ ਲੋਕੀ, ਗਲਤ ਰਾਹ ਵਿਖਾਉਂਦੇ ਲੋਕੀ।।
ਕਿਸੇ ਦੀ ਗੱਲ ਕਦੀ ਨਾ ਮੰਨਦੇ, ਆਪਣੀ ਗੱਲ ਮਨਵਾਉਂਦੇ ਲੋਕੀ।
ਆਪ ਤੇ ਖਿਸਕ ਜਾਂਦੇ ਚੁਪ ਕਰਕੇ, ਦੂਜਿਆਂ ਨੂੰ ਮਿਲ ਜਾਣ ਸਜਾਵਾਂ।।
ਆਪਣੇ ਰਾਹ ਮੈਂ ਆਪ ਬਣਾਵਾਂ, ਕਿਸੇ ਨਾਲ ਨਾ ਕਦਮ ਮਿਲਾਵਾਂ।।

ਸਜ਼ਾ ਦੁਆ ਕੇ ਖੁਸ਼ ਨੇ ਹੁੰਦੇ, ਨੱਚਦੇ ਟੱਪਦੇ ਗਾਉਂਦੇ ਲੋਕੀ।।
ਦੋਹੀਂ ਹੱਥੀਂ ਵੰਡਦੇ ਮਠਿਆਈਆਂ, ਦਾਰੂ ਦੇ ਘੁਟ ਲਾਉਂਦੇ ਲੋਕੀ।।
ਦਾਰੂ ਪੀ ਹੁੜਦੰਗ ਮਚਾਉਂਦੇ, ਪਾਉਂਦੇ ਦੂਜਿਆਂ ਗਲੇ ਬਲਾਵਾਂ।।
ਆਪਣੇ ਰਾਹ ਮੈਂ ਆਪ ਬਣਾਵਾਂ, ਕਿਸੇ ਨਾਲ ਨਾ ਕਦਮ ਮਿਲਾਵਾਂ।।

ਕੀ ਕਹਿਣਾ ਐਸੇ ਲੋਕਾਂ ਨੂੰ, ਉਨ੍ਹਾਂ ਦੀ ਫਿਤਰਤ ਹੈ ਏਹੀਓ।।
ਉਨ੍ਹਾਂ ਦੀ ਜ਼ਮੀਰ ਜੋ ਕਹਿੰਦੀ, ਉਨ੍ਹਾਂ ਨੇ ਕਰਨਾ ਹੈ ਓਹੀਓ।।
ਜਮੀਰ ਆਪਣੀ ਨੂੰ ਮਾਰ ਕੇ, ਦਿੰਦੇ ਰਹਿੰਦੇ ਗਲਤ ਸਲਾਹਵਾਂ।।
ਆਪਣੇ ਰਾਹ ਮੈਂ ਆਪਣ ਬਣਾਵਾਂ, ਕਿਸੇ ਨਾਲ ਨਾ ਕਦਮ ਮਿਲਾਵਾਂ।।

ਆਪਣੀ ਜਿੰਦਗੀ, ਰਾਹ ਵੀ ਆਪਣਾ, ਹਰ ਕਦਮ ਸੋਚ ਵਿਚਾਰ ਕੇ ਰੱਖਾਂ।।
ਅੱਖਾਂ ਤੇ ਕੰਨ ਖੋਹਲ ਤੁਰਾਂ ਮੈਂ, ਹਰ ਇਕ ਅੰਨ੍ਹੇ ਮੋੜ ਤੋਂ ਬਚਾਂ।।
ਕੀਮਤੀ ਦਿਮਾਗ ਦਿਤੈ ਰਿਸ਼ੀ, ਰਬ ਨੇ, ਕਿਉਂ ਨਾ ਚੰਗੇ ਪਾਸੇ ਲਾਵਾਂ।।
ਆਪਣੇ ਰਾਹ ਮੈਂ ਆਪ ਬਣਾਵਾਂ, ਕਿਸੇ ਨਾਲ ਨਾ ਕਦਮ ਮਿਲਾਵਾਂ।।

00

ਕਵਿਤਾ

ਹਰ ਪਾਸੇ ਸਾੜਾ ਹੀ ਸਾੜਾ
ਹਰ ਪਾਸੇ ਸਾੜਾ ਹੀ ਸਾੜਾ।
ਦੁਨੀਆ ਦਾ ਭਾਈ ਹਾਲ ਹੈ ਮਾੜਾ,
ਭਾਵੇਂ ਘਰ, ਭਾਵੇਂ ਗੁਰਦੁਆਰਾ,
ਬਣੀ ਜਾ ਰਿਹੈ ਵੱਡਾ ਅਖਾੜਾ।
ਲਗਦੈ ਬਿਨ ਸੜਿਆ, ਬਲਿਆਂ ਤੋਂ,
ਖੂਨ ਲੋਕਾਂ ਦਾ ਰਹਿੰਦਾ ਗਾੜ੍ਹਾ,
ਖੂਨ ਨੂੰ ਪਤਲਾ ਕਰਨ ਦੀ ਖਾਤਰ,
ਸਾੜੇ ਦਾ ਲੋਕੀ ਲੈਣ ਸਹਾਰਾ,
ਇੱਕ ਦੂਜੇ ਤੋਂ ਸੜਦੇ ਲੋਕੀ,
ਤਾਹੀਉਂ ਲੜ-ਲੜ ਮਰਦੇ ਲੋਕੀ,
ਮੂੰਹ ਤੇ ਗੱਲ ਕਰਨੋ ਨੇ ਡਰਦੇ,
ਪਿੱਠ ਪਿੱਛੇ ਗੱਲ ਕਰਦੇ ਲੋਕੀ,
ਨਾ ਜੀਉਂਦੇ ਨਾ ਜੀਉਣ ਹੀ ਦਿੰਦੇ,
ਕਹਾਉਂਦੇ ਨੇ ਦਿਲ ਵਾਲੇ ਲੋਕੀ,
ਚਿੱਟੇ ਕੱਪੜੇ, ਚਿੱਟੇ ਦਾਹੜੇ,
ਐਪਰ ਦਿਲ ਦੇ ਕਾਲੇ ਲੋਕੀ,
ਬਦਲੀ ਦੁਨੀਆ, ਇਹਨਾਂ ਬਦਲੇ,
ਨਾ ਬਦਲੇ ਕਿਰਦਾਰ ਇਹਨਾਂ ਦੇ,
ਨਾ ਬਦਲੀ ਇਹਨਾਂ ਦੀ ਫਿਤਰਤ,
ਨਾ ਬਦਲੇ ਵਿਵਹਾਰ ਇਹਨਾਂ ਦੇ
ਘਰ ਵੀ ਅਪਣਾ, ਬਾਹਰ ਵੀ ਅਪਣਾ
ਅਪਣਾ ਹੈ 'ਰਿਸ਼ੀ' ਆਲਮ ਸਾਰਾ
ਫਿਰ ਕਾਹਦਾ ਗੁੱਸਾ, ਕਾਹਦਾ ਸਾੜਾ
ਇਸ ਗੱਲ ਨੂੰ ਸੋ ਸੋ ਵਾਰ ਵੀਚਾਰਾਂ
ਇਸ ਗੱਲ ਨੂੰ ਕਈ ਕਈ ਵਾਰ ਵੀਚਾਰਾਂ।

00

ਭਲਾਈ ਸਾਰਿਆਂ ਦੀ ਕਰ....!

ਜੇ ਗੱਲ ਕਰਨੀ ਹੀ ਚਾਹੁੰਦੀ ਏਂ,
ਤਾਂ ਮਿੱਤਰ ਪਿਆਰਿਆਂ ਦੀ ਕਰ।
ਨਾ ਗੱਲ ਕਰ ਬੇਵਫਾਈ ਦੀ,
ਨਾ ਝੂਠੇ ਲਾਰਿਆਂ ਦੀ ਕਰ।।
ਜੇ ਗੱਲ ਕਰਨੀ ਹੀ ਚਾਹੁੰਦੀ ਏਂ,
ਤਾਂ ਚਮਕਦੇ ਸਿਤਾਰਿਆਂ ਦੀ ਕਰ।
ਨਾ ਟੁੱਟਦੇ ਤਾਰਿਆਂ ਦੀ ਕਰ,
ਨਾ ਦਿਲ ਤੋਂ ਹਾਰਿਆਂ ਦੀ ਕਰ।।
ਜੇ ਗੱਲ ਕਰਨੀ ਹੀ ਚਾਹੁੰਦੀ ਏਂ,
ਤਾਂ ਸੁੰਦਰ ਨਜ਼ਾਰਿਆਂ ਦੀ ਕਰ।
ਨਾ ਗੱਲ ਕਰ ਆਉਂਦੇ ਵਕਤਾਂ ਦੀ,
ਨਾ ਵਕਤ ਗੁਜ਼ਾਰਿਆਂ ਦੀ ਕਰ।।
ਜੇ ਗੱਲ ਕਰਨੀ ਹੀ ਚਾਹੁੰਦੀ ਏਂ,
ਤਾਂ ਪੰਜਾਂ ਪਾਣੀਆਂ ਦੀ ਕਰ।
ਨਾ ਗੰਧਲੇ ਪਾਣੀਆਂ ਦੀ ਕਰ,
ਨਾ ਪਾਣੀ ਖਾਰਿਆਂ ਦੀ ਕਰ।।
ਜੇ ਸਮੁੰਦਰ ਤਰਨਾ ਚਾਹੁੰਦੀ ਏਂ,
ਤਾਂ ਗੱਲ ਕਿਨਾਰਿਆਂ ਦੀ ਕਰ।
ਨਾ ਗੱਲ ਕਰ ਡੁੱਬਦੀ ਕਿਸ਼ਤੀ ਦੀ,
ਨਾ ਡੁੱਬਣ ਵਾਲਿਆਂ ਦੀ ਕਰ।
ਜੇ ਗੱਲ ਕਰਨੀ ਹੀ ਚਾਹੁੰਦੀ ਏ,
ਤਾਂ ਗੱਲ ਸਹਾਰਿਆਂ ਦੀ ਕਰ।
ਲੈਕੇ ਰੱਬ ਦਾ ਸਹਾਰਾ ਤੂੰ 'ਰਿਸ਼ੀ',
ਭਲਾਈ ਸਾਰਿਆਂ ਦੀ ਕਰ।।

00

ਨੀ ਘੜੀਏ ਕੀ ਟਿਕ-ਟਿਕ ਲਾਈਆ

ਨੀ ਘੜੀਏ ਕੀ ਟਿਕ-ਟਿਕ ਲਾਈ ਆ।।
ਨੀ ਘੜੀਏ ਕੀ ਟਿਕ-ਟਿਕ ਲਾਈ ਆ।।
ਸੋਨੇ ਚਾਂਦੀ ਹੀਰਿਆਂ ਜੜੀਏ, ਤੂੰ ਬੜਾ ਕੀਮਤੀ ਗਹਿਣਾ ਅੜੀਏ
ਅੜੇ ਕਦੀ ਨਾ ਸੂਈ ਤੇਰੀ, ਸੈਲਾਂ ਵਿਚ ਤੇਰੀ ਜਾਨ ਨੀ ਅੜੀਏ
ਕਿਸੇ ਨੇ ਕੰਧ ਤੇ ਟੰਗਿਆ ਤੈਨੂੰ, ਕਿਸੇ ਕਲਾਈ ਸਜਾਈ ਆ
ਨੀ ਘੜੀਏ ਕੀ.....
ਸਕਿੰਟ, ਮਿੰਟ, ਘੰਟੇ ਦੀਆਂ ਸੂਈਆਂ, ਆਪਣੀ-ਆਪਣੀ ਤੋਰ ਤੁਰਦੀਆਂ
ਤੁਰਦੀਆਂ-ਤੁਰਦੀਆਂ ਥੱਕਣ ਨਾ ਇਹ, ਲਾਕੇ ਪੂਰਾ ਜ਼ੋਰ ਤੁਰਦੀਆਂ
ਆਪਣਾ ਸਾਰਾ ਜ਼ੋਰ ਲਗਾਕੇ, ਸਾਰੀ ਦੁਨੀਆਂ ਮਗਰ ਦੁੜਾਈ ਆ
ਨੀ ਘੜੀਏ ਕੀ.....
ਸੱਤੇ ਦਿਨ ਤੇ ਚੌਵੀ ਘੰਟੇ, ਵਰ੍ਹਿਆਂ ਬੱਧੀ ਚਲਦੀ ਜਾਵੇ
ਇਕ ਪਲ ਦੀ ਵੀ ਵਿਹਲ ਨਾ ਤੈਨੂੰ, ਹਰਪਲ ਕੰਮ ਤੂੰ ਕਰਦੀ ਜਾਵੇਂ
ਨਹੀਂ ਰੀਸਾਂ ਬਈ ਤੇਰੀਆਂ ਘੜੀਏ, ਕੁੱਲ ਦੁਨੀਆਂ ਆਹਰੇ ਲਾਈ ਆ
ਨੀ ਘੜੀਏ ਕੀ.....
ਤੇਰੇ ਬਿਨ ਨਾ ਕਿਸੇ ਦਾ ਸਰਦਾ, ਘੜੀ-ਮੁੜੀ ਤੇਰੇ ਵੱਲ ਤੱਕਦਾ
ਹਰ ਕੋਈ ਤੇਰੇ ਵੱਸ ਵਿਚ ਘੜੀਏ, ਰੋਹਬ ਤੇਰੇ ਥੱਲੇ ਹੈ ਦੱਬਦਾ
ਮਿੱਥੀ ਘੜੀ ਤੇ ਹਰ ਕੰਮ ਹੋਵੇ, ਕੈਸੀ ਘੜੀਏ ਰੀਤ ਚਲਾਈ ਆ
ਨੀ ਘੜੀਏ ਕੀ.....
ਦਿਨੇ-ਰਾਤ ਕਦੀ ਚੈਨ ਨਾ ਤੈਨੂੰ, ਸੂਲੀ ਟੰਗੀ ਰਖੇਂ ਸਭਨੂੰ
ਜਾਗਣ-ਸੌਣ, ਖਾਣ-ਪੀਣ, ਕੰਮ ਦੇ ਵੇਲੇ, ਹਰ ਕੋਈ ਘੜੀਏ ਤੱਕੇ ਤੈਨੂੰ
'ਰਿਸ਼ੀ' ਸ਼ੁਕਰ ਮਨਾ ਨੀ ਰੱਬ ਦਾ ਘੜੀਏ, ਜੇਹਨੇ ਤੇਰੀ ਬੁੱਕਤ ਪਵਾਈ ਆ
ਨੀ ਘੜੀਏ ਕੀ.....

00

ਸੁਣ ਲੈ ਮਾਏਂ ਮੇਰੀਏ!

ਸੁਣ ਲੈ ਮਾਏ ਮੇਰੀਏ! ਅਜਬ ਤੈਨੂੰ ਬਾਤ ਸੁਣਾਵਾਂ।
ਪੱਥਰ ਦਿਲ ਦੀਆਂ ਹੋ ਗਈਆਂ, ਅੱਜ ਕੁਝ ਕੁ ਮਾਵਾਂ।
ਕੁੱਖ ਦੇ ਵਿਚ ਧੀ ਮਰਵਾਉਂਦੀਆਂ, ਖਾਣ ਤਰਸ ਨਾ ਭੋਰਾ,
ਗਲਤੀ ਨਾਲ ਧੀ ਜੇ ਜੰਮ ਪਵੇ, ਲਾ ਲੈਂਦੀਆਂ ਝੋਰਾ।
ਕੀ ਆਖਾਂ ਅਜਿਹੀਆਂ ਮਾਵਾਂ ਨੂੰ, ਕੀ ਦਿਆਂ ਸਲਾਹਵਾਂ
ਸੁਣ ਲੈ ਮਾਏ ਮੇਰੀਏ.....
ਨਵਜੰਮੀ ਧੀ ਆਪਣੀ, ਕੂੜੇ ਵਿਚ ਸੁੱਟਣ।
ਦੁੱਧ ਛੁਡਾ ਕੇ ਆਪਣਾ ਪੱਤਾ ਉਹਦਾ ਕੱਟਣ।
ਕੇਹੋ ਜਿਹੀਆਂ ਮਾਏ ਫੜ ਲਈਆਂ ਇਨ੍ਹਾਂ ਨੇ ਰਾਹਵਾਂ...
ਸੁਣ ਲੈ ਮਾਏ ਮੇਰੀਏ.....
ਮਾਂ ਦੇ ਪਵਿੱਤਰ ਨਾਮ ਨੂੰ, ਇਹ ਔਰਤ ਦਾਗ ਹੈ ਲਾਉਂਦੀ।
ਮੈਨੂੰ ਇਹ ਗੱਲ ਕਹਿੰਦੀ ਨੂੰ, ਬੜੀ ਲਾਜ ਹੈ ਆਉਂਦੀ।
ਇਹੋ ਜਿਹੀਆਂ ਮਾਵਾਂ ਨੂੰ, ਮੈਂ ਡੈਣਾਂ ਆਖ ਬੁਲਾਵਾਂ...
ਸੁਣ ਲੈ ਮਾਏ ਮੇਰੀਏ.....
ਮਾਂ ਵੀ ਹੈ ਇਕ ਔਰਤ ਤੇ ਧੀ ਵੀ ਹੈ ਔਰਤ
ਇਕ-ਦੂਜੇ ਦੀ ਫਿਰ ਕਿਉਂ ਦੱਸ, ਬਣਦੀ ਦੁਸ਼ਮਣ ਔਰਤ।
ਔਰਤ ਬਿਨ ਸੰਸਾਰ ਨਹੀਂ ਚੱਲਦਾ, ਸੱਚੀ ਗੱਲ ਦੱਸਣਾ ਚਾਹਵਾਂ..
ਸੁਣ ਲੈ ਮਾਏ ਮੇਰੀਏ.....
ਮਾਵਾਂ-ਧੀਆਂ ਦਾ ਰਿਸ਼ਤਾ ਤੇ ਹੁੰਦੈ ਬੜਾ ਹੀ ਪਿਆਰਾ।
ਸਭ ਰਿਸ਼ਤਿਆਂ ਤੋਂ ਉਪਰ ਤੇ ਸਭ ਰਿਸ਼ਤਿਆਂ ਤੋਂ ਨਿਆਰਾ।
ਕਾਤਲ ਮਾਵਾਂ ਨੂੰ ਮਿਲਣ 'ਰਿਸ਼ੀ' ਸਖਤ ਤੋਂ ਸਖਤ ਸਜ਼ਾਵਾਂ...
ਸੁਣ ਲੈ ਮਾਏ ਮੇਰੀਏ.....

00

ਤੈਨੂੰ ਹਾਲ ਸੁਣਾਵਾਂ ਦਿਲ ਦਾ ਮੈਂ

ਤੈਨੂੰ ਹਾਲ ਸੁਣਾਵਾਂ ਦਿਲ ਦਾ ਮੈਂ। ਚੱਲ ਛੱਡ ਤੂੰ ਸੁਣ ਕੇ ਕੀ ਲੈਣਾ।
ਤੈਨੂੰ ਹਾਲ ਸੁਣਾਵਾਂ ਦੁਨੀਆਂ ਦਾ। ਚੱਲ ਛੱਡ ਮੈਂ ਸੁਣਾ ਕੇ ਕੀ ਲੈਣਾ।

ਨਾ ਦਿਲ ਵੱਸ ਵਿੱਚ ਨਾ ਦੁਨੀਆਂ ਹੀ, ਦਸਤੂਰ ਦੋਹਾਂ ਦਾ ਇੱਕੋ ਏ।
ਪੈਰ ਪੈਰ ਤੇ ਧੋਖਾ ਦੇਣ ਦੋਵੇਂ, ਕਸੂਰ ਦੋਹਾਂ ਦਾ ਇੱਕੋ ਏ।
ਕਿਸ ਕਚਹਿਰੀ ਦੇ ਵਿਚ ਕੇਸ ਕਰਾਂ। ਚੱਲ ਛੱਡ ਮੈਂ ਫਸਾ ਕੇ ਕੀ ਲੈਣਾ।
ਤੈਨੂੰ ਹਾਲ ਸੁਣਾਵਾਂ ਦਿਲ ਦਾ ਮੈਂ।
ਨਾ ਦਿਲ ਰਾਜ਼ੀ ਨਾ ਦੁਨੀਆਂ ਹੀ, ਇਲਜ਼ਾਮ ਇਹੀ ਹੈ ਦੋਹਾਂ 'ਤੇ।
ਪਲ ਵਿੱਚ ਹੀ ਦੋਵੇਂ ਬਦਲ ਜਾਂਦੇ, ਵਿਸ਼ਵਾਸ ਨਹੀਂ ਹੈ ਦੋਹਾਂ 'ਤੇ।
ਬਿਨਾਂ ਗੱਲ ਤੋਂ ਦੋਵੇਂ ਹੀ ਰੁੱਸ ਜਾਂਦੇ, ਚੱਲ ਛੱਡ ਮੈਂ ਮਨਾ ਕੇ ਕੀ ਲੈਣਾ।
ਤੈਨੂੰ ਹਾਲ ਸੁਣਾਵਾਂ ਦਿਲ ਦਾ ਮੈਂ।
ਦਿਲ ਰੋਗੀ, ਦੁਨੀਆਂ ਵੀ ਰੋਗੀ, ਦੋਹਾਂ ਨੂੰ ਰੋਗ ਬਥੇਰੇ ਨੇ।
ਉਪਰੋ ਉਪਰੋ ਨੇ ਦੋਵੇਂ ਰੋਸ਼ਨ, ਅੰਦਰੋਂ ਤੇ ਘੁੱਪ ਹਨੇਰੇ ਨੇ।
ਹਨੇਰੇ ਵਿੱਚੋਂ ਚਾਨਣ ਲੱਭਣ ਪਏ, ਚੱਲ ਛੱਡ ਮੈਂ ਵਿੱਚੋਂ ਕੀ ਲੈਣਾ।
ਤੈਨੂੰ ਹਾਲ ਸੁਣਾਵਾਂ ਦਿਲ ਦਾ ਮੈਂ।
ਇਹਨਾਂ ਦੋਹਾਂ ਵਿੱਚ ਨੇ ਫਰਕ ਬੜੇ, ਪਰ ਦੋਹਾਂ ਦੀ ਇੱਕੋ ਮਰਜ਼ੀ ਏ।
ਦੋਵੇਂ ਹੀ ਸਿਆਣੇ ਬਣਨ ਬੜੇ, ਪਰ ਦੋਹਾਂ ਵਿਚ ਖੁਦਗਰਜ਼ੀ ਏ।
ਖੁਦਗਰਜ਼ੀ ਦਾ ਪਾਠ ਦੋਹਾਂ ਪੜਿਐ, ਚੱਲ ਛੱਡ ਮੈਂ ਦੋਹਾਂ ਤੋਂ ਕੀ ਲੈਣਾ।
ਤੈਨੂੰ ਹਾਲ ਸੁਣਾਵਾਂ ਦਿਲ ਦਾ ਮੈਂ।
ਦਿਲ ਦਰਿਆ ਤੇ ਦੁਨੀਆਂ ਹੈ ਸਾਗਰ, ਕਿਤੇ ਜਾ ਕੇ ਦੋਵੇਂ ਨੇ ਮਿਲ ਜਾਂਦੇ।
ਉਹੀਓ ਥਾਂ 'ਰਿਸ਼ੀ' ਦੱਸਣੀ ਔਖੀ ਏ, ਜਿੱਥੇ ਜਾ ਕੇ ਦੋਵੇਂ ਨੇ ਮਿਲ ਜਾਂਦੇ।
ਥਾਂ ਵੇਖਣ ਨੂੰ ਜੀਅ ਕਰਦਾ ਏ, ਚੱਲ ਛੱਡ ਮੈਂ ਵੇਖ ਕੇ ਕੀ ਲੈਣਾ।
ਤੈਨੂੰ ਹਾਲ ਸੁਣਾਵਾਂ ਦਿਲ ਦਾ ਮੈਂ।

00

ਨਾ ਮਾਰੋ!

ਨਾ ਮਾਰੋ! ਨਾ ਮਾਰੋ ਮੈਨੂੰ, ਮੈਂ ਵੀ ਜਿਊਣਾ ਚਾਹੁੰਦੀ ਹਾਂ,
ਇਸ ਦੁਨੀਆਂ ਦੇ ਉਤੇ ਆ ਕੇ, ਸਾਂਝ ਮੈਂ ਪਾਉਣਾ ਚਾਹੁੰਦੀ ਹਾਂ।।

ਮਾਂ ਆਪਣੀ ਦੀ ਕੁੱਖ ਵਿਚ ਰਹਿ ਕੇ, ਮੈਂ ਵੀ ਬੁਣ ਬੈਠੀ ਕੁਝ ਸੁਪਨੇ।
ਮਨ ਦੇ ਅੰਦਰ ਚਾਅ ਹੈ ਮੇਰੇ, ਮੈਂ ਵੀ ਵੇਖਾਂ ਜਾ ਕੇ ਆਪਣੇ।।
ਮੇਰੇ ਸੁਪਨਿਆਂ ਨੂੰ ਨਾ ਤੋੜੋ! ਸਾਕਾਰ ਮੈਂ ਕਰਨਾ ਚਾਹੁੰਦੀ ਹਾਂ...
ਨਾ ਮਾਰੋ! ਨਾ ਮਾਰੋ ਮੈਨੂੰ...
ਧੀਆਂ ਨੂੰ ਕਮਜ਼ੋਰ ਨਾ ਜਾਣੋ, ਪੁੱਤਰਾਂ ਦੇ ਬਰਾਬਰ ਧੀਆਂ ਹੁੰਦੀਆਂ।
ਭਾਵੇਂ ਅੰਬਰੀਂ ਲਾਉਣ ਉਡਾਰੀ, ਧਰਤੀ ਦੇ ਨਾਲ ਰਹਿੰਦੀਆਂ ਜੁੜੀਆਂ।
ਮੈਂ ਵੀ ਅੰਬਰੀਂ ਮਾਰ ਉਡਾਰੀ, ਨਾਮ ਕਮਾਉਣਾ ਚਾਹੁੰਦੀ ਹਾਂ...
ਨਾ ਮਾਰੋ! ਨਾ ਮਾਰੋ ਮੈਨੂੰ...
ਮੁੰਡੇ ਵਾਲਿਆਂ ਨੂੰ ਸਮਝਾਵੋ। ਧੀ ਵਾਲਿਆਂ ਦਾ ਕਰਨ ਸਤਿਕਾਰ।
ਧੀ ਵਾਲੇ ਕੋਈ ਘੱਟ ਨਹੀਂ ਹੁੰਦੇ। ਇਸ ਗੱਲ 'ਤੇ ਕਰਨ ਵਿਚਾਰ।
ਦਾਜ-ਦਹੇਜ ਲਈ ਤੰਗ ਕਰਨ ਨਾ, ਆ ਕੇ ਸਮਝਾਉਣਾ ਚਾਹੁੰਦੀ ਹਾਂ....
ਨਾ ਮਾਰੋ! ਨਾ ਮਾਰੋ ਮੈਨੂੰ...
ਸਮਾਜ ਆਪਣੇ ਵਿਚ ਹੋਕਾ ਦੇਵੋ, ਧੀਆਂ ਤੋਂ ਨਾ ਕਰੋ ਕਿਨਾਰਾ।
ਜਿਨ੍ਹਾਂ ਦੇ ਪੁੱਤਰ ਨਹੀਂ ਹੁੰਦੇ, ਧੀਆਂ ਉਨ੍ਹਾਂ ਦਾ ਬਣਨ ਸਹਾਰਾ।
ਸਮਾਜ ਆਪਣੇ ਦਾ ਅੰਗ ਮੈਂ ਬਣ ਕੇ, ਬਦਲਾਅ ਲਿਆਉਣਾ ਚਾਹੁੰਦੀ ਹਾਂ...
ਨਾ ਮਾਰੋ! ਨਾ ਮਾਰੋ ਮੈਨੂੰ...
ਧੀਆਂ ਦੀ ਜੋ ਕਦਰ ਨੇ ਕਰਦੇ, ਉਹ ਸਮਾਜ ਕਦੀ ਨਹੀਂ ਮਰਦੇ।
ਗੁਰੂਆਂ-ਪੀਰਾਂ ਵੀ ਇਹੋ ਸਮਝਾਇਆ, ਪਰ 'ਰਿਸ਼ੀ' ਅਮਲ ਫੇਰ ਨਹੀਂ ਕਰਦੇ।
ਧੀਆਂ ਦੀ ਦਰ ਘਟ ਰਹੀ ਹੈ। ਇਹ ਗੱਲ ਖਾਨੇ ਪਾਉਣਾ ਚਾਹੁੰਦੀ ਹਾਂ....
ਨਾ ਮਾਰੋ! ਨਾ ਮਾਰੋ ਮੈਨੂੰ, ਮੈਂ ਵੀ ਜਿਊਣਾ ਚਾਹੁੰਦੀ ਹਾਂ।

00

‘ਰਿਸ਼ੀ’ ਉਹਦੇ ਰੰਗ ਵੇਖੀ ਜਾਹ!

ਸਮੇਂ ਦੇ ਨਾਲ ਤੁਰਿਆ ਚੱਲ,
ਪਿਛਾਂਹ ਮੁੜ ਮੁੜ ਨਾ ਵੇਖੀ ਜਾਹ।।
ਕੀ ਕੀ ਹੋ ਰਿਹੈ ਜੱਗ ’ਤੇ,
ਤੂੰ ਗਹੁ ਦੇ ਨਾਲ ਵੇਖੀ ਜਾਹ।।
ਨਾ ਬੋਲੀ ਬੋਲ ਤੂੰ ਮੰਦੜੇ,
ਨਾ ਐਵੇਂ ਫੋਲ ਤੂੰ ਪਰਦੇ।।
ਹਰ ਇਕ ਦਾ ਰਾਹ ਹੈ ਵੱਖਰਾ,
ਜਿੱਧਰ ਜਾਂਦਾ ਹੈ ਵੇਖੀ ਜਾਹ।।
ਜੋ ਹੋਣਾ ਹੈ ਉਹ ਹੋ ਰਹਿਣੈ,
ਜੋ ਘਟਣਾ ਹੈ ਉਹ ਘਟ ਰਹਿਣੈ।।
ਇਹ ਚੱਕਰ ਚੱਲਦਾ ਹੀ ਰਹਿਣੈ,
ਤੂੰ ਚੱਕਰ ਆਪ ਵੇਖੀ ਜਾਹ।।
ਨਾ ਦਿਲ ਨੂੰ ਲਗਾਈ ਜਾਹ,
ਨਾ ਆਪਣਾ ਮਨ ਸਤਾਈ ਜਾਹ।।
ਬਦਲ-ਨਾ ਨਿਯਮ ਕੁਦਰਤ ਦਾ,
‘ਰਿਸ਼ੀ’ ਉਹਦੇ ਰੰਗ ਵੇਖੀ ਜਾਹ।।

00

ਗ਼ਜ਼ਲ

ਆਪਾਂ ਲੋਕਾਂ ਤੋਂ ਹੰਝੂ ਲਕੋਂਦੇ ਰਹੇ,
ਸ਼ੀਸ਼ੇ ਐਨਕ ਦੇ ਕੰਮ ਸਾਡੇ ਆਉਂਦੇ ਰਹੇ
ਝੜੀ ਸਾਵਣ ਦੀ ਲੱਗਦੀ ਰਹੀ ਨੈਣਾਂ ਵਿੱਚੋਂ,
ਨੈਣ ਰਾਤਾਂ ਤੇ ਰਾਤਾਂ ਜਗਾਉਂਦੇ ਰਹੇ।
ਨਜ਼ਰ ਧੁੰਦਲੀ ਜਦੋਂ ਹੋਣ ਲੱਗਦੀ ਮੇਰੀ,
ਪੱਲੂ ਚੁੰਨ੍ਹੀ ਦੇ ਹੰਝੂ ਸਕਾਉਂਦੇ ਰਹੇ।
ਪੁੱਛਿਆ ਜਾਂਦਾ ਸੀ ਕਾਰਨ ਜਦੋਂ ਰੋਣ ਦਾ,
ਪਲ ਪਲ ਝੂਠੀ ਕਹਾਣੀ ਬਣਾਉਂਦੇ ਰਹੇ।
ਕਹਾਣੀ ਵਿੱਚੋਂ ਕਹਾਣੀ ਬਣਦੀ ਗਈ,
ਮੁੱਢ ਕਹਾਣੀ ਦਾ ਆਪਾ ਸਜਾਉਂਦੇ ਰਹੇ।
ਹਰ ਕਹਾਣੀ ਇੱਕ ਕਵਿਤਾ ਬਣੀ ਜਾ ਰਹੀ,
ਵਾਰੀ ਵਾਰੀ ਉਹ ਆਪਾਂ ਸੁਣਾਉਂਦੇ ਰਹੇ।
ਕੀ ਪਤੈ ਕਦ ਕਹਾਣੀ ਤੇ ਕਵਿਤਾ ਮੁੱਕੂ,
ਖਿਆਲ ਦਿਲ ਵਿਚ ਆਉਂਦੇ ਤੇ ਜਾਂਦੇ ਰਹੇ।
ਕੋਸ਼ਿਸ਼ਾਂ ਤੇ ਮੈਂ ਜ਼ਾਰੀ ਰੱਖਾਂਗੀ ਸਦਾ,
ਇਨ੍ਹਾਂ ਸਦਕਾ ਹੀ ਦੁੱਖ ਸਾਰੇ ਜਾਂਦੇ ਰਹੇ।
ਓਹਦੀ ਨਜ਼ਰੇ ਇਨਾਇਤ ਗ਼ਜ਼ਲ ਬਣ ਗਈ,
ਮੌਕਾ ਮਿਲਦੇ ਹੀ ਗਜ਼ਲਾਂ ਨੂੰ ਗਾਉਂਦੇ ਰਹੇ।
ਗੀਤਾਂ, ਗ਼ਜ਼ਲਾਂ ਦੇ ਰਾਹੀਂ 'ਰਿਸ਼ੀ' ਰੱਬ ਪਾ ਲਿਐ,
ਗਿਲੇ ਸ਼ਿਕਵੇ ਵੀ ਰੱਬ ਨੂੰ ਲੁਭਾਉਂਦੇ ਰਹੇ।
ਆਪਾਂ ਲੋਕਾਂ ਤੋਂ ਹੰਝੂ ਲਕੋਂਦੇ ਰਹੇ,
ਸ਼ੀਸ਼ੇ ਐਨਕ ਦੇ ਕੰਮ ਸਾਡੇ ਆਉਂਦੇ ਰਹੇ

00

ਪੰਜਾਬੀ ਦੇ ਵਰਕੇ ਫੋਲ

ਆਪਣੀ ਬੋਲੀ ਬੋਲ ਨੀ ਭੈਣੇ, ਆਪਣੀ ਭਾਸ਼ਾ ਬੋਲ।
ਗੁਰੂਆਂ ਦੇ ਮੁੱਖ ਵਿਚੋਂ ਨਿਕਲੀ, ਗੁਰਮੁਖੀ ਅਨਮੋਲ।।
ਰੁਜ਼ਗਾਰ ਦੀ ਖਾਤਿਰ ਦੇਸ਼ ਤੂੰ ਛੱਡਿਐ, ਬੋਲੀ ਵੀ ਛੱਡੀ ਜਾਵੇ।
ਬੋਲੀਆਂ ਦਾ ਮਿਸ਼ਰਨ ਜੇਹਾ ਬਣਾ ਕੇ, ਫਾਹਾ ਜੇਹਾ ਵੱਢੀ ਜਾਵੇਂ।।
ਕਿਸੇ ਪਾਸੇ ਜੋਗੀ ਤੂੰ ਨਹੀਂ ਰਹਿਣਾ, ਜਦੋਂ ਨੰਬਰ ਮਿਲਣੇ ਗੋਲ...
ਆਪਣੀ ਬੋਲੀ ਬੋਲ ਨੀ ਭੈਣੇ.....
ਮਾਂ ਬੋਲੀ ਹੈ ਬੜੀ ਹੀ ਮਿੱਠੀ, ਜਿਉਂ ਮਿਸ਼ਰੀ ਦੀਆਂ ਡਲੀਆਂ।
ਸਿੱਖੀ ਤੂੰ ਆਪਣੀ ਮਾਂ ਦੇ ਕੋਲੋਂ, ਇਹ ਗੱਲ ਤੂੰ ਕਿਉਂ ਭੁੱਲ ਚਲੀਆਂ।।
ਮਾਂ ਬੋਲੀ ਹੁੰਦੀ ਜਾਨ ਤੋਂ ਪਿਆਰੀ, ਦਿੰਦੀ ਭੇਦ ਦਿਲਾਂ ਦੇ ਖੋਲ੍ਹ...
ਆਪਣੀ ਬੋਲੀ ਬੋਲ ਨੀ ਭੈਣੇ.....
ਆਪਣੀ ਬੋਲੀ ਹੀ ਆਪਣੀ ਹੁੰਦੀ, ਆਪਣੀ ਭਾਸ਼ਾ ਆਪਣੀ।
ਬੇਗਾਨੀ ਬੋਲੀ ਬੇਗਾਨੀ ਰਹਿੰਦੀ, ਕਦੀ ਨਾ ਬਣਦੀ ਆਪਣੀ।।
ਬੇਗਾਨੀ ਬੋਲੀ ਨੇ ਇਕ ਦਿਨ, ਸਾਨੂੰ ਸਭ ਨੂੰ ਦੇਣੈ ਰੋਲ...
ਆਪਣੀ ਬੋਲੀ ਬੋਲ ਨੀ ਭੈਣੇ.....
ਹਰ ਕੋਈ ਆਪਣੀ ਬੋਲੀ ਬੋਲੇ, ਫਿਰ ਤੂੰ ਕਿਉਂ ਸ਼ਰਮ ਹੈਂ ਕਰਦੀ।
ਆਪਣੀ ਬੋਲੀ ਨੂੰ ਸਾਂਭਣ ਲਈ, ਕਿਉਂ ਤੂੰ ਯਤਨ ਨਹੀਂ ਕਰਦੀ।।
ਮੈਂ ਹਾਂ ਪੰਜਾਬਣ, ਪੰਜਾਬੀ ਬੋਲੀ ਮੇਰੀ, ਕਹਿ ਕੇ, ਸ਼ੁੱਧ ਪੰਜਾਬੀ ਬੋਲ...
ਆਪਣੀ ਬੋਲੀ ਬੋਲ ਨੀ ਭੈਣੇ.....
ਤੇਰੇ ਤੋਂ ਹੀ ਬੱਚਿਆਂ ਨੇ ਸਿੱਖਣੀ, ਗਲਤ-ਮਲਤ ਕਿਉਂ ਬੋਲੇਂ
ਕਿਤਾਬਾਂ ਨੂੰ ਤੂੰ ਬੁੱਕਾਂ ਆਖੇਂ, ਜ਼ੁਰਾਬਾਂ ਨੂੰ ਸੌਕਸਾਂ ਬੋਲੇਂ।।
ਸਹੀ ਉਚਾਰਨ ਸਿੱਖ ਸ਼ਬਦਾਂ ਦਾ, ਪੰਜਾਬੀ ਦੇ ਵਰਕੇ ਫੋਲ..
ਸਹੀ ਉਚਾਰਨ ਕਰ ਸ਼ਬਦਾਂ ਦਾ, 'ਰਿਸ਼ੀ' ਲੋਕੀਂ ਨਾ ਕਰਨ ਮਖੌਲ...
ਆਪਣੀ ਬੋਲੀ ਬੋਲ ਨੀ ਭੈਣੇ.....

00

ਮੋਮੀ ਹਿਰਦਾ

ਨਾ ਕੋਈ ਹਿੰਦੂ, ਨਾ ਕੋਈ ਮੁਸਲਿਮ,
ਨਾ ਕੋਈ ਸਿੱਖ ਈਸਾਈ ਹੈ।
ਰੱਬ ਦੇ ਬਣਾਏ ਬੰਦੇ ਸਾਰੇ,
ਵਿਚ ਇਕੋ ਜੋਤ ਇਲਾਹੀ ਹੈ।
ਨਾ ਚੰਮ ਵੱਖਰੀ, ਨਾ ਅੰਗ ਵੱਖਰੇ,
ਨਾ ਖੂਨ ਦਾ ਰੰਗ ਹੀ ਵੱਖਰਾ ਹੈ।
ਨਾ ਹੀ ਕਿਸੇ ਦੀ ਜਾਨ ਹੀ ਵੱਖਰੀ,
ਨਾ ਆਉਣਾ ਜਾਣਾ ਹੀ ਵੱਖਰਾ ਹੈ।
ਗਮੀ 'ਚ ਰੋਂਦੇ, ਖੁਸ਼ੀ 'ਚ ਹੱਸਦੇ,
ਵੇਖੇ ਨੇ ਮੈਂ ਸਾਰੇ ਲੋਕੀਂ
ਪਰ ਪਤਾ ਨਹੀਂ ਕੁਝ ਲਗਦਾ ਮੈਨੂੰ,
ਕਿਉਂ ਹਉਮੈ ਨੇ ਮਾਰੇ ਲੋਕੀ
ਆਪਣੀ ਆਪਣੀ ਮੈਂ ਨੂੰ ਚੱਕੀ,
ਹਰ ਕੋਈ ਭੱਜਾ ਫਿਰਦਾ ਹੈ
ਝਾਤੀ ਮਾਰਕੇ ਅੰਦਰ ਵੇਖੋ!
ਹਰ ਇਕ ਦਾ ਮੋਮੀ ਹਿਰਦਾ ਹੈ
ਸੋਮ ਤੇ ਪਿਘਲ ਜਾਂਦਾ ਹੈ ਛੇਤੀ।
'ਰਿਸ਼ੀ' ਹਿਰਦੇ ਕਿਉਂ ਕਠੋਰ ਹੋ ਗਏ
ਧਰਮਾਂ ਦੇ ਨਾਂ ਤੇ ਪਾ ਪਾ ਵੰਡੀਆਂ,
ਕਿਉਂ ਇਕ ਦੂਜੇ ਤੋਂ ਦੂਰ ਹੋ ਗਏ।

00

ਬਾਬਾ ਬੰਦਾ ਸਿੰਘ ਬਹਾਦਰ

''ਸਿੱਖ ਇਤਿਹਾਸ 'ਤੇ ਜਦੋਂ ਵੀ ਨਜ਼ਰ ਮਾਰਾਂ, ਰੋਂਗਟੇ ਖੜ੍ਹ ਜਾਂਦੇ ਖ਼ੂਨ ਹੈ ਖੋਲ ਜਾਂਦਾ।
ਜਿਨ੍ਹਾਂ ਜ਼ੁਲਮ ਸਹਾਰਿਐ ਸਿੱਖ ਪੰਥ ਨੇ ਅੱਜ ਤਾਈਂ, ਪੜ੍ਹ ਸੁਣਕੇ ਦਿਲ 'ਚ ਹੈ ਹੋਲ ਪੈਂਦਾ।''

ਲਸ਼ਮਣ ਦਾਸ ਤੋਂ ਮਾਧੋ ਦਾਸ ਬੈਰਾਗੀ ਸੀ ਜੋ ਬਣਿਆ।
ਅੰਮ੍ਰਿਤ ਪੀਕੇ ਬਾਣੇ ਵਾਲਾ, ਬੈਰਾਗੀ ਤੋਂ ਸਿੰਘ ਉਹੋ ਸੱਜਿਆ।।
ਦਸ਼ਮੇਸ਼ ਪਿਤਾ ਜੀ ਨੇ ਖਿਤਾਬ ਦਿੱਤਾ ਸੀ ਵੀਰ ਬਹਾਦੁਰ ਦਾ।
ਮੁਗਲਾਂ ਨੂੰ ਚੰਗਾ ਸਬਕ ਸਿਖਾਉਣਾ ਸੀ ਕੰਮ ਬਹਾਦੁਰ ਦਾ।।
ਮੁਗਲ ਰਾਜ ਦੀਆਂ ਜੜ੍ਹਾਂ ਨੂੰ ਬੰਦੇ ਮੁੱਢ ਤੋਂ ਪੁੱਟ ਛੱਡਿਆ।।2
ਅੰਮ੍ਰਿਤ ਪੀ ਕੇ ਬਾਣੇ ਵਾਲਾ।।
ਸ਼ੇਰਾਂ ਦੀ ਕੌਮ ਦਾ ਆਗੂ, ਜੇਹਨੇ ਸਿੰਜਿਆ ਸਿੱਖੀ ਦਾ ਪੌਦਾ।
ਰੱਤ ਆਪਣੀ ਨੂੰ ਡੋਹਲ ਕੇ, ਕਰ ਗਿਆ ਸੱਚਾ ਉਹ ਸੌਦਾ।।
ਪੁੱਤਰ ਦਾ ਕਲੇਜਾ ਮੂੰਹ ਵਿਚ ਪਵਾਇਆ, ਦਮ ਫਿਰ ਵੀ ਨਾ ਅੜਿਆ।।2
ਅੰਮ੍ਰਿਤ ਪੀ ਕੇ ਬਾਣੇ ਵਾਲਾ।।
ਜ਼ੁਲਮਾਂ ਦੀ ਭਰਮਾਰ ਨਾ ਉਹਨੂੰ ਇੱਕ ਅੱਖ ਵੀ ਭਾਉਂਦੀ ਸੀ।
ਬਦਲਾ ਲੈਣ ਦੀ ਅੱਗ ਸੀ ਸੀਨੇ, ਉਹਨੂੰ ਨੀਂਦ ਨਾ ਆਉਂਦੀ ਸੀ।।
ਇੱਟ ਨਾਲ ਇੱਟ ਖੜਕਾ ਸਰਹੰਦ ਦੀ, ਰਣ ਵਿਚ ਰਿਹਾ ਉਹ ਡੱਟਿਆ।।2
ਅੰਮ੍ਰਿਤ ਪੀਕੇ ਬਾਣੇ ਵਾਲਾ।।
ਸ਼ਹੀਦੀ ਪਾਕੇ ਉਹਨਾਂ ਰਣ ਵਿਚ, ਲਾਜ ਰੱਖੀ ਸੀ ਸਿੱਖੀ ਦੀ।
ਸਿੱਧ ਕਰ ਗਏ ਜਾਂਦੇ ਜਾਂਦੇ, ਉਹਨਾਂ ਨੂੰ ਤਾਲੀਮ ਸੀ ਸਿੱਖੀ ਦੀ।।
ਹਿੰਦੁਸਤਾਨ ਦੇ ਵਿਚ ਸਿੱਖੀ ਦਾ ਉਹਨਾਂ ਨਿਸ਼ਾਨ ਝੁਲਾ ਧਰਿਆ।।2
ਅੰਮ੍ਰਿਤ ਪੀਕੇ ਬਾਣੇ ਵਾਲਾ।।
ਸਿੱਖ ਲਈਏ ਸਿੱਖੀ ਦਾ ਜਜ਼ਬਾ 'ਰਿਸ਼ੀ' ਅਸੀਂ ਬੰਦਾ ਬਹਾਦੁਰ ਤੋਂ।
ਕਿਵੇਂ ਬਣੀਏ ਅਸੀਂ ਬਹਾਦੁਰ, ਸਿੱਖੀਏ ਬੰਦਾ ਬਹਾਦੁਰ ਤੋਂ।।
ਜਿਹਨਾਂ ਆਪਣਾ ਆਪ ਲੁਟਾ ਕੇ, ਸਿੱਖਾਂ ਵਾਲਾ ਕੰਮ ਕਰਿਆ।।2
ਅੰਮ੍ਰਿਤ ਪੀਕੇ ਬਾਣੇ ਵਾਲਾ।।

00

ਬੋਲ ਤੂੰ ਮਿੱਠੜੇ ਬੋਲ

ਬੋਲ ਤੂੰ ਮਿੱਠੜੇ ਬੋਲ ਹਮੇਸ਼ਾ, ਬੋਲ ਤੂੰ ਮਿੱਠੜੇ ਬੋਲ।
ਮਿੱਠੜੇ ਬੋਲ ਨੇ ਦਿਲ ਜਿੱਤ ਲੈਂਦੇ, ਕੋੜੇ ਦਿੰਦੇ ਰੋਲ।।2
ਬੋਲ ਵੱਸਣ ਤੇਰੇ ਆਪਣੇ ਅੰਦਰ, ਲੈਣ ਕਿਤਿਉਂ ਨਹੀਂ ਜਾਣੇ।
ਮਿੱਠੇ ਬੋਲ ਤੇਰੇ ਓ ਬੰਦਿਆ। ਹਰ ਦਿਲ ਵਿਚ ਵਸ ਨੇ ਜਾਣੇ।।
ਕੋੜੇ ਬੋਲ ਜ਼ਹਿਰ ਦੀਆਂ ਪੁੜੀਆਂ, ਬੋਲਣ ਤੋਂ ਪਹਿਲਾਂ ਤੋਲ।।
ਬੋਲ ਤੂੰ ਮਿੱਠੜੇ ਬੋਲ ਹਮੇਸ਼ਾ।।
ਮਿੱਠੇ ਬੋਲ ਨੇ ਸਭ ਨੂੰ ਭਾਉਂਦੇ, ਕੀ ਛੋਟਾ ਕੀ ਵੱਡਾ।
ਮਿੱਠੇ ਬੋਲਾਂ ਨਾਲ ਸਭ ਕੰਮ ਬਣਦੇ, ਕਦੇ ਨਾ ਅੜਦਾ ਗੱਡਾ।।
ਮਿੱਠੇ ਬੋਲ ਮਿੱਠੀ ਯਾਦ ਨੇ ਛੱਡਦੇ, ਸੁਣ ਲੈ ਕੰਨ ਤੂੰ ਖੋਹਲ।।
ਬੋਲ ਤੂੰ ਮਿੱਠੜੇ ਬੋਲ ਹਮੇਸ਼ਾ।।
ਤਿੰਨ ਤਾਲੇ ਤੇਰੀ ਜ਼ੁਬਾਨ ਨੂੰ ਲੱਗੇ, ਫਿਰ ਵੀ ਬੜ-ਬੜ ਬੋਲੇਂ।
ਦੂਜੇ ਦੀ ਤੂੰ ਕਰੇਂ ਬੁਰਾਈ, ਆਪਣੇ ਗਾਵੇਂ ਸੋਹਲੇ।।
ਦਿਮਾਗ, ਬੁੱਲਾਂ ਤੇ ਦੰਦਾਂ ਦੇ ਤਾਲਿਆਂ ਦੀ, ਰੱਖ ਚਾਬੀ ਆਪਣੇ ਕੋਲ।।
ਬੋਲ ਤੂੰ ਮਿੱਠੜੇ ਬੋਲ ਹਮੇਸ਼ਾ।।
ਚਾਬੀ ਨੂੰ ਤੂੰ ਰੱਖ ਲਾਕਰ ਵਿਚ, ਮਤੇ ਕੋਈ ਚੁਰਾ ਲੈ ਜਾਵੇ।
ਦਿਮਾਗ ਤੇਰੇ ਨੂੰ ਚਾਬੀ ਲਾ ਕੇ, ਤੈਨੂੰ ਗਲਤ ਗੱਲਾਂ ਸਿਖਾਵੇ।।
ਹੁਸ਼ਿਆਰੀ ਨਾਲ ਵਿਚਰ ਤੂੰ ਏਥੇ, ਲੋਕੀ ਕਰ ਲੈਂਦੇ ਸਭ ਗੋਲ।।
ਬੋਲ ਤੂੰ ਮਿੱਠੜੇ ਬੋਲ ਹਮੇਸ਼ਾ।।
ਬੋਲ ਹਸਾਉਂਦੇ, ਬੋਲ ਰੁਆਉਂਦੇ, ਬੋਲ ਪਵਾਉਂਦੇ ਜੁੱਤੀਆਂ।
ਬੋਲਾਂ ਦਾ ਹੀ ਲੈ ਸਹਾਰਾ, ਲੋਕੀ ਲਾਉਂਦੇ ਲੁੱਤੀਆਂ।।
ਲੁੱਤੀਆਂ ਲਾ-ਲਾ ਸਿਰ ਪੜਵਾਉਂਦੇ, 'ਰਿਸ਼ੀ' ਫਸ ਜਾਂਦੇ ਅਣਭੋਲ।।
ਬੋਲ ਤੂੰ ਮਿੱਠੜੇ ਬੋਲ ਹਮੇਸ਼ਾ।।

00

ਰੱਬ ਤੋਂ ਪਿਆਰਾ ਕੋਈ ਸੰਗ ਨਹੀਂ ਮੈਂ ਵੇਖਿਆ

ਰੱਬ ਤੋਂ ਪਿਆਰਾ ਕੋਈ ਸੰਗ ਨਹੀਂ ਮੈਂ ਵੇਖਿਆ
ਹਰ ਪਲ ਉਹਨੂੰ ਅੰਗ ਸੰਗ 'ਰਿਸ਼ੀ' ਵੇਖਿਆ।
ਉਹਨੇ ਧਰਤੀ ਬਣਾਈ, ਬਣਾਇਆ ਨੀਲਾ ਅਸਮਾਨ ਉਹਨੇ।
ਚੰਦ ਸੂਰਜ ਬਣਾਏ ਨਾਲੇ ਤਾਰਿਆਂ ਦੀ ਖਾਨ ਉਹਨੇ।।
ਥਾਹੋਂ ਥਾਹੀਂ ਨੇ ਟਿਕਾਏ, ਕੋਈ ਸੰਦ ਨਹੀਂ ਮੈਂ ਵੇਖਿਆ।।
ਰੱਬ ਤੋਂ ਪਿਆਰਾ ਕੋਈ ਸੰਗ ਨਹੀਂ ਮੈਂ ਵੇਖਿਆ

ਜੀਵ-ਜੰਤ ਬਣਾਏ ਤੇ ਬਣਾਇਆ ਇਨਸਾਨ ਉਹਨੇ।
ਹਰ ਜੀਵ ਵਿੱਚ ਫਿਰ, ਪਾਈ ਜਿੰਦ-ਜਾਨ ਉਹਨੇ।।
ਕਿਵੇਂ ਹੱਡ-ਮਾਸ ਜੋੜੇ ਕੋਈ ਤੰਦ ਨਹੀਂ ਮੈਂ ਵੇਖਿਆ।।
ਰੱਬ ਤੋਂ ਪਿਆਰਾ ਕੋਈ ਸੰਗ ਨਹੀਂ ਮੈਂ ਵੇਖਿਆ

ਡੂੰਘੇ ਸਾਗਰ ਬਣਾਏ, ਉੱਚੇ ਪਹਾੜ ਵੀ ਬਣਾਏ।
ਪਹਾੜਾਂ ਤੇ ਮੈਦਾਨਾਂ 'ਚ ਘਰ-ਬਾਹਰ ਸਜਾਏ।।
ਮਹਿਕਾਂ ਫੁੱਲਾਂ ਦੀਆਂ ਵੰਡੇ, ਐਸਾ ਢੰਗ ਨਹੀਂ ਮੈਂ ਵੇਖਿਆ...
ਰੱਬ ਤੋਂ ਪਿਆਰਾ ਕੋਈ ਸੰਗ ਨਹੀਂ ਮੈਂ ਵੇਖਿਆ

ਸਾਹ ਲੈਣ ਲਈ ਹਵਾ, ਪਾਣੀ ਪੀਣ ਲਈ ਦੇਵੇ।
ਖਾਣ-ਪੀਣ ਲਈ ਵਾਹਵਾ ਸਾਨੂੰ ਜੀਣ ਲਈ ਦੇਵੇ।
ਖੁਲ੍ਹੇ ਭਰੇ ਨੇ ਭੰਡਾਰੇ, ਕੋਈ ਤੰਗ ਨਹੀਂ ਮੈਂ ਵੇਖਿਆ..
ਰੱਬ ਤੋਂ ਪਿਆਰਾ ਕੋਈ ਸੰਗ ਨਹੀਂ ਮੈਂ ਵੇਖਿਆ

ਮਨ-ਰੂਹ ਦੀ ਖੁਰਾਕ ਲਈ ਕਿਤਾਬਾਂ ਉਹਨੇ ਦਿੱਤੀਆਂ।
ਤਨ ਨੂੰ ਢੱਕਣ ਲਈ ਪੁਸ਼ਾਕਾਂ ਉਹਨੇ ਦਿੱਤੀਆਂ।
ਉਹਦੀ ਸ੍ਰਿਸ਼ਟੀ ਦੇ 'ਚ ਕੋਈ ਨੰਗ ਨਹੀਂ ਮੈਂ ਵੇਖਿਆ...
ਰੱਬ ਤੋਂ ਪਿਆਰਾ ਕੋਈ ਸੰਗ ਨਹੀਂ ਮੈਂ ਵੇਖਿਆ

ਰੋਜ਼ੀ-ਰੋਟੀ ਨੂੰ ਕਮਾਉਣ ਲਈ, ਆਹਰੇ ਸਾਨੂੰ ਲਾਇਐ।
ਮਨੋਰੰਜਨ ਕਰਾਉਣ ਲਈ, ਸੰਗੀਤ ਤੇ ਨਚਾਇਐ।
ਉਹਦੀ ਪਾਠ ਪੂਜਾ ਵਰਗਾ ਅਨੰਦ ਨਹੀਂ ਮੈਂ ਵੇਖਿਆ...
ਰੱਬ ਤੋਂ ਪਿਆਰਾ ਕੋਈ ਸੰਗ ਨਹੀਂ ਮੈਂ ਵੇਖਿਆ

ਰਿਸ਼ਤੇ ਨਾਤੇ ਬਣਾਏ, ਸੰਗੀ-ਸਾਥੀ ਵੀ ਬਣਾਏ।
ਸੁੱਖ-ਦੁੱਖ ਵੰਡਾਉਣ ਲਈ, ਉਹਨੇ ਸਾਰੇ ਜੀਅ ਬਣਾਏ।
ਪਰ ਉਹਦੇ ਨਾਲੋਂ ਗਹਿਰਾ ਕੋਈ ਸਬੰਧ ਨਹੀਂ ਮੈਂ ਵੇਖਿਆ...
ਰੱਬ ਤੋਂ ਪਿਆਰਾ ਕੋਈ ਸੰਗ ਨਹੀਂ ਮੈਂ ਵੇਖਿਆ

ਉਹਦੇ ਰੰਗ ਨੇ ਨਿਆਰੇ, ਉਹਤੋਂ ਜਾਈਏ ਬਲਿਹਾਰੇ।
ਉਹਦੀ ਰੀਸ ਨਹੀਂ ਹੈ ਕੋਈ, ਸਾਨੂੰ ਉਹਦੇ ਨੇ ਸਹਾਰੇ,
ਰਬ ਦਾ ਦੁਆਰਾ ਕਦੀ ਬੰਦ ਨਹੀਂ ਮੈਂ ਵੇਖਿਆ,
ਰਬ ਤੋਂ ਪਿਆਰਾ ਕੋਈ ਸੰਗ ਨਹੀਂ ਮੈਂ ਵੇਖਿਆ
ਹਰ ਪਲ ਉਹਨੂੰ ਅੰਗ-ਸੰਗ 'ਰਿਸ਼ੀ' ਵੇਖਿਆ।

00

ਉਹ ਉਹ ਗਿਆ!

ਉਹ ਉਹ ਗਿਆ
ਉਹ ਉਹ ਗਿਆ
ਸੱਧਰਾਂ ਦੇ ਦੀਵੇ ਬਾਲ ਕੇ, ਉਹ ਉਹ ਗਿਆ!
'ਰਿਸ਼ੀ' ਵੇਖਦੀ ਹੀ ਰਹਿ ਗਈ, 'ਪ੍ਰੀਤ' ਉਹ ਗਿਆ। ਉਹ ਉਹ ਗਿਆ।

ਰਿਸ਼ਤੇ ਬਣੇ ਬੁਨਿਆਦ 'ਤੇ, ਬੁਨਿਆਦ ਹੀ ਕੰਬਦੀ ਰਹੀ।
ਕੰਬਦੀ ਹੋਈ ਬੁਨਿਆਦ ਛੱਡ, ਉਹ ਉਹ ਗਿਆ। ਉਹ ਉਹ ਗਿਆ।

ਮੇਰੇ ਖ਼ਿਆਲਾਂ ਦੀ ਲੜੀ, ਜੁੜਦੀ ਰਹੀ, ਟੁੱਟਦੀ ਰਹੀ।
ਖਿਆਲਾਂ ਦੀ ਲੜੀ ਨੂੰ ਤੋੜ ਕੇ, ਉਹ ਉਹ ਗਿਆ। ਉਹ ਉਹ ਗਿਆ।

ਕਿਵੇਂ ਕੱਟੇਗੀ ਜਿੰਦਗੀ, ਸੋਚਾਂ ਨੇ ਘੇਰਾ ਪਾ ਲਿਆ।
ਸੋਚਾਂ ਦਾ ਘੇਰਾ ਛੋੜ ਕੇ, ਉਹ ਉਹ ਗਿਆ। ਉਹ ਉਹ ਗਿਆ।

ਮੇਰੀ ਤੇ ਕੀ ਮਜ਼ਾਲ ਸੀ, ਕਿ ਮੈਂ ਰੋਕ ਲੈਂਦੀ ਉਸ ਨੂੰ
ਫਿਰ ਮਿਲਾਂਗੇ ਆਖ ਕੇ, ਉਹ ਉਹ ਗਿਆ। ਉਹ ਉਹ ਗਿਆ।

ਜੀਵਨ ਹਨ੍ਹੇਰਾ ਹੋ ਗਿਆ, ਸੂਰਜ 'ਤੇ ਚੰਨ ਚੜ੍ਹਦੇ ਰਹੇ।
ਸਭ ਰੋਸ਼ਨੀ ਸਮੇਟ ਕੇ, ਉਹ ਉਹ ਗਿਆ। ਉਹ ਉਹ ਗਿਆ।
ਸੱਧਰਾਂ ਦੇ ਦੀਵੇ ਬਾਲ ਕੇ....

00

ਬਾਬਲ ਤੇ ਅੰਮੜੀ ਦਾ ਵੇਹੜਾ

ਹੱਸਦਾ ਰਹੇ, ਹੱਸਦਾ ਰਹੇ ਤੇਰਾ ਵੇਹੜਾ ਬਾਬਲਾ ਹੱਸਦਾ ਰਹੇ।
ਵੱਸਦਾ ਰਹੇ, ਵੱਸਦਾ ਰਹੇ ਤੇਰਾ ਵੇਹੜਾ ਅੰਮੜੀਏ ਵੱਸਦਾ ਰਹੇ।

ਬਾਬਲ ਤੇ ਅੰਮੜੀ ਦੇ ਵੇਹੜੇ ਨੂੰ ਛੱਡਿਆਂ ਅੱਜ ਹੋ ਗਏ ਸਾਲ ਅੱਠਾਈ।
ਐਹੋ ਜਿਹਾ ਇਕ ਪਲ ਨਾ ਲੰਘਿਆ, ਜਦੋਂ ਵੇਹੜੇ ਦੀ ਯਾਦ ਨਾ ਆਈ।
ਯਾਦ ਆਉਂਦੀਆਂ ਬਾਬਲ ਦੀਆਂ ਗਲੀਆਂ, ਦਿਲ ਦੂਰ ਬੈਠਾ ਹੀ ਤਰਸਦਾ ਰਹੇ–
ਹੱਸਦਾ ਰਹੇ, ਹੱਸਦਾ ਰਹੇ.....
ਰਾਤ ਦੀ ਰਾਣੀ, ਫੁੱਲ ਦੁਪਹਿਰ ਖਿੜੀ ਦੇ, ਉਦਾਂ ਹੀ ਖਿੜਦੇ ਹੋਣੇਂ ਨੇ,
'ਰਿਸ਼ੀ' ਮਹਿਲ ਦੀ ਸੁੰਦਰਤਾ ਨੂੰ ਚਾਰ ਚੰਨ ਲਗਾਉਂਦੇ ਹੋਣੇ ਨੇ।
ਖੁਸ਼ਬੂ ਫੁੱਲਾਂ ਦੀ ਜੇਹਨ 'ਚ ਮੇਰੇ, ਖੁਸ਼ਬੂ ਨਾਲ ਜ਼ੇਹਨ ਮਹਿਕਦਾ ਰਹੇ–
ਹੱਸਦਾ ਰਹੇ, ਹੱਸਦਾ ਰਹੇ.....
ਵੇਹੜੇ ਵਿਚਲਾ ਅੰਬ ਦਾ ਬੂਟਾ, ਅੰਬਾਂ ਨਾਲ ਲੱਦਦਾ ਹੋਣਾ ਏ।
ਮੌਸਮ ਨਾਲ ਅੰਬ ਪੱਕਦੇ ਨੇ ਹੋਣੇ, ਸੂਹਾ ਰੰਗ ਸੰਧੂਰੀ ਹੋਣਾ ਏ।
ਮਿਠਾਸ ਅੰਬਾਂ ਦੀ ਕਦੀ ਨਾ ਭੁੱਲੀ, ਸਵਾਦ ਜੀਭ ਦਾ ਦਸਦਾ ਰਹੇ।
ਹੱਸਦਾ ਰਹੇ, ਹੱਸਦਾ ਰਹੇ.....
ਛੁੱਟੀਆਂ 'ਚ ਲੱਗਦੀ ਹੋਣੀ ਏ ਰੌਣਕ, ਵੇਹੜੇ 'ਚ ਪਹਿਲਾਂ ਵਾਂਙੂੰ ਹੀ।
ਦੀਵਾਲੀ ਤੇ ਚਲਦੇ ਹੋਣੇ ਨੇ ਪਟਾਕੇ, ਲੋਹੜੀ ਬਲਦੀ ਹੋਣੀ ਏ ਪਹਿਲਾਂ ਵਾਂਙੂੰ ਹੀ।
ਕੁੱਝ ਵੀ ਤੇ ਨਹੀਂ ਬਦਲਿਆ ਹੋਣਾ, ਸ਼ਾਲਾ! ਏਦਾਂ ਹੀ ਚਲਦਾ ਰਹੇ।
ਹੱਸਦਾ ਰਹੇ, ਹੱਸਦਾ ਰਹੇ.....
ਧੀਆਂ ਤੋਰ ਦਿੱਤੀਆਂ ਤੁਸੀਂ ਸਹੁਰੇ, ਪੁੱਤਰ ਵਿਆਹੇ ਆ ਗਈਆਂ ਵਹੁਟੀਆਂ।
ਵੇਹੜੇ ਤੁਹਾਡੇ ਨੂੰ ਭਾਗ ਲੱਗ ਗਏ, ਛੰਮ-ਛੰਮ ਕਰਦੀਆਂ ਤੁਰਨ ਵਹੁਟੀਆਂ।
ਪੋਤੇ-ਪੋਤੀਆਂ ਨਾਲ ਖੁਸ਼ੀਆਂ ਮਾਣੋ, ਪਰਿਵਾਰ ਫੁੱਲਦਾ ਤੇ ਫਲਦਾ ਰਹੇ।
ਹੱਸਦਾ ਰਹੇ, ਹੱਸਦਾ ਰਹੇ.....

00

ਸਤਿਆਨਾਸ

ਇਹ ਹੈ ਦੁਨੀਆਂ ਰੰਗ ਬਿਰੰਗੀ, ਕਿਤੇ ਹੈ ਭੈੜੀ ਕਿਤੇ ਹੈ ਚੰਗੀ।ਕਿਸੇ ਕੋਲ ਬਹੁਤ ਕਿਸੇ
ਕੋਲ ਤੰਗੀ, ਕਿਸੇ ਦੀ ਜਾਨ ਛਿੱਕੇ ਹੈ ਟੰਗੀ।
ਫਿਰ ਵੀ ਮੌਜਾਂ ਕਰਦੇ ਨੇ, ਜੇਹੜੀ ਵੀ ਚੀਜ਼ ਨਵੀਂ ਹੈ ਚਲਦੀ,
ਉਹਦੇ ਪਿੱਛੇ ਭੱਜਦੇ ਨੇ, ਉਹਨੂੰ ਜੱਫੇ ਪਾਉਂਦੇ ਨੇ।।

ਹਰ ਪਾਸੇ ਹੋਈ ਮਹਿੰਗਾਈ, ਸਭ ਦੀ ਜਾਨ ਮੁੱਠੀ ਵਿਚ ਆਈ।
ਸੰਜਮ ਨਾ ਵਰਤਣ ਕਾਈ, ਫੋਕੀ ਹੀ ਪਾਉਣ ਦੁਹਾਈ।।
ਮਹਿੰਗੇ ਕੱਪੜੇ ਪਾਉਂਦੇ ਨੇ, ਸੋਨੇ ਦੀ ਗੱਲ ਤੇ ਛੱਡੋ,
ਅੱਜਕੱਲ੍ਹ ਹੀਰੇ ਪਾਉਂਦੇ ਨੇ, ਵਿਆਹਾਂ ਤੇ ਲੱਖਾਂ ਲਾਉਂਦੇ ਨੇ।।

ਮੇਰੀ ਤੇ ਸਮਝ ਵਿਚ ਨਾ ਆਈ, ਮੈਂ ਤੇ ਐਵੇਂ ਜੱਗ ਤੇ ਆਈ।
ਮੇਰੀ ਨਾ ਹੋਈ ਸੁਣਵਾਈ, ਸਭ ਨੇ ਆਪਣੀ ਬੀਨ ਬਜਾਈ।
ਲੋਕ ਤੇ ਲੁੱਡੀਆਂ ਪਾਉਂਦੇ ਨੇ, ਦੂਜੇ ਦੀ ਲੁੱਟ ਕੇ ਡੋਰ,
ਆਪਣੀ ਗੁੱਡੀ ਚੜ੍ਹਾਉਂਦੇ ਨੇ, ਦੂਜੇ ਦਾ ਦਿਲ ਦੁਖਾਉਂਦੇ ਨੇ।।

ਜੇ ਏਹੀਓ ਹਾਲ ਰਿਹਾ ਤਾਂ ਔਖਾ ਹੋ ਜਾਉਗਾ ਜੀਣਾ।
ਪੀਂਦੇ ਜੇ ਰਹੇ ਸ਼ਰਾਬਾਂ, ਘਰ ਦਾ ਕੱਖ ਨਹੀਂ ਰਹਿਣਾ।
ਖਾਕੇ ਨਸ਼ੇ ਦੀ ਗੋਲੀ ਜੇ ਗੱਭਰੂ ਏਦਾਂ ਹੀ ਸੌਂਦੇ ਰਹੇ।
ਮਾੜੇ ਬੋਲਾਂ ਵਾਲੇ ਗੀਤ ਜੇ ਗਵੱਈਏ ਏਦਾਂ ਹੀ ਗਾਉਂਦੇ ਰਹੇ।

ਜੇ ਧੀਆਂ ਨੂੰ ਮਾਪੇ ਕੁੱਖਾਂ 'ਚ ਹੀ ਮਰਵਾਉਂਦੇ ਰਹੇ।
ਨੂੰਹਾਂ ਨੂੰ ਮਾਰ ਕੇ ਸਹੁਰੇ ਜੇਲ੍ਹਾਂ ਵਿਚ ਜੇ ਜਾਂਦੇ ਰਹੇ।
ਮਾਪਿਆਂ ਨੂੰ ਮਾਰਕੇ ਬੱਚੇ ਜੇ ਜ਼ਮੀਨਾਂ ਹਥਿਆਉਂਦੇ ਰਹੇ।
ਲੈ ਕੇ ਰਿਸ਼ਵਤ ਸ਼ਰੇਆਮ ਜੇ ਅਫਸਰ ਕੰਮ ਕਰਵਾਉਂਦੇ ਰਹੇ।

ਦੁਨੀਆਂ ਦਾ ਸਤਿਆਨਾਸ ਤੇ ਫਿਰ ਆਪੇ ਹੀ ਹੋ ਜਾਣਾ
ਕੱਢੀਏ ਹੱਲ ਸਭ ਮਿਲਕੇ ਨਹੀਂ ਤਾਂ ਔਖਾ ਹੋ ਜਾਣਾ।
ਸਾਂਭੀਏ ਸਮਾਂ! ਵਰਤੀਏ ਸੰਜਮ, ਦੁਨੀਆਂ ਜੇ ਬਚਾਉਣੀ ਏ।
'ਰਿਸ਼ੀ' ਰਲਮਿਲ ਆਪਾਂ ਸਭਨੇ ਇਹ ਦੁਨੀਆ ਜੇ ਚਲਾਉਣੀ ਏ।

00

ਰੱਖੜੀ ਦਾ ਤਿਉਹਾਰ

ਰੱਖੜੀ 'ਚ ਤੱਕੀਂ ਮੇਰਾ ਮੁੱਖ ਵੀਰਾ ਮੇਰਿਆ।
ਰੱਖੜੀ 'ਚ ਰੱਬ ਦੀ ਏ ਰੱਖ ਵੀਰਾ ਮੇਰਿਆ।

ਦਿਨ ਰੱਖੜੀ ਦਾ ਆਵੇ, ਭੈਣ ਫੁੱਲੀ ਨਾ ਸਮਾਵੇ।
ਲੈ ਕੇ ਨਿੱਕੀ ਜਿਹੀ ਥਾਲੀ, ਟਿੱਕਾ-ਰੱਖੜੀ ਸਜਾਵੇ।
ਆਖੇ, ''ਪਲ-ਪਲ ਮੰਗਾਂ ਤੇਰੀ ਸੁੱਖ ਵੀਰਾ ਮੇਰਿਆ''
ਰੱਖੜੀ 'ਚ ਤੱਕੀਂ ਮੇਰਾ ਮੁੱਖ ਵੀਰਾ ਮੇਰਿਆ.....
ਹਰ ਭੈਣ ਏਹੀਉ ਚਾਹਵੇ, ਵੀਰਾ ਰੱਖੜੀ ਬੰਨਾਵੇ।
ਫੇਰ ਲਾਡ ਨਾਲ ਭੈਣ ਨੂੰ ਉਹ ਗਲੇ ਨਾਲ ਲਾਵੇ।
ਭੈਣ ਕਹੇ, ਮੇਰੀ ''ਝੋਲੀ ਪਾਦੇ ਸਾਰੇ ਦੁੱਖ ਵੀਰਾ ਮੇਰਿਆ''....
ਰੱਖੜੀ 'ਚ ਤੱਕੀਂ ਮੇਰਾ ਮੁੱਖ ਵੀਰਾ ਮੇਰਿਆ.....
ਭੈਣ ਤੋਂ ਬਗੈਰ ਵੀਰੇ ਰੋਂਦੇ ਕੁਰਲਾਉਂਦੇ ਅੱਜ।
ਕਾਸ਼! ''ਸਾਡੀ ਵੀ ਕੋਈ ਭੈਣ ਹੁੰਦੀ'', ਦਿਲੋਂ ਪਏ ਚਾਹੁੰਦੇ ਅੱਜ।
ਮਨੋ ਵੀਰ ਨੂੰ ਜੋ ਕਹਿੰਦੀ,''ਵੰਡੀਏ, ਸੁੱਖ-ਦੁੱਖ ਵੀਰਾ ਮੇਰਿਆ''
ਰੱਖੜੀ 'ਚ ਤੱਕੀਂ ਮੇਰਾ ਮੁੱਖ ਵੀਰਾ ਮੇਰਿਆ.....
ਮੇਰੇ ਮਾਪਿਆਂ ਦੇ ਜਾਏ, ਭੈਣ-ਵੀਰੇ ਹਮਸਾਏ
ਪਿਆਰੇ ਜਾਨ ਤੋਂ ਵੀ ਵੱਧ, ਪਰਿਵਾਰ ਮੇਰੇ ਹਿੱਸੇ ਆਏ।
ਵਧੇ ਆਪਸੀ ਪਿਆਰ, ਵਧਾਈਆਂ ਲੱਖ ਵੀਰਾ ਮੇਰਿਆ...
ਰੱਖੜੀ 'ਚ ਤੱਕੀਂ ਮੇਰਾ ਮੁੱਖ ਵੀਰਾ ਮੇਰਿਆ.....
ਰੱਖੜੀ ਦਾ ਤਿਉਹਾਰ ਸਾਰੇ ਤਿਉਹਾਰਾਂ ਨਾਲੋਂ ਵੱਖਰੈ....
ਭੈਣਾਂ ਵੀਰਾਂ ਦਾ ਪਿਆਰ ਸਾਰੇ ਜੱਗ 'ਤੇ ਵੱਖਰੈ
ਭੇਜ ਕੇ ਡਾਕ ਰਾਹੀਂ ਰੱਖੜੀ, ਹੋਈ ਨਮ-ਅੱਖ ਵੀਰਾ ਮੇਰਿਆ
ਰੱਖੜੀ 'ਚ ਤੱਕੀਂ ਮੇਰਾ ਮੁੱਖ ਵੀਰਾ ਮੇਰਿਆ....

00

ਐਵੇਂ ਨਹੀਂ ਕਵਿਤਾ ਲਿਖ ਹੁੰਦੀ

ਐਵੇਂ ਨਹੀਂ ਕਵਿਤਾ ਲਿਖ ਹੁੰਦੀ, ਫੱਟ ਜਿਗਰ 'ਤੇ ਖਾਣੇ ਪੈਦੇ ਨੇ।
ਐਵੇਂ ਨਹੀਂ ਗੀਤ ਨੂੰ ਗਾ ਹੁੰਦਾ, ਉਹਦੇ ਬੋਲ ਹੰਢਾਉਣੇ ਪੈਦੇ ਨੇ।।
ਫੱਟ ਹੋਰ ਵੀ ਫੱਟ-2 ਜਾਂਦੇ ਨੇ, ਜਦੋਂ ਕੋਸ਼ਿਸ਼ ਕਰਦੀ ਹਾਂ ਸੀਣੇ ਦੀ।
ਜ਼ਿੰਦਗੀ ਤੇ ਮੂੰਹ ਚਿੜਾਉਂਦੀ ਹੈ, ਪਰ ਹਿੰਮਤ ਰੱਖਦੀ ਹਾਂ ਜੀਣੇ ਦੀ।।
ਕਿਸ਼ਤੀ ਨੂੰ ਚਲਦਾ ਰੱਖਣ ਲਈ, ਚੱਪੂ ਤੇ ਚਲਾਉਣੇ ਪੈਦੇ ਨੇ...
ਐਵੇ ਨਹੀਂ ਕਵਿਤਾ ਲਿਖ ਹੁੰਦੀ.....
ਸਦੀਆਂ ਤੋਂ ਹੀ ਰੀਤ ਚਲੀ ਆਈ, ਤਕੜਾ-ਮਾੜੇ ਨੂੰ ਢਾਉਂਦਾ ਹੈ।
ਦੂਜੇ ਦੀ ਪਿੱਠ ਲਾ ਕੇ ਥੱਲੇ, ਜੇਤੂ ਖੁਦ ਬਣਨਾ ਚਾਹੁੰਦਾ ਹੈ।।
ਐਵੇਂ ਤੇ ਤਕੜਾ ਨਹੀਂ ਜਿੱਤਦਾ, ਘਸੁੰਨ ਮਾੜੇ ਨੂੰ ਖਾਣੇ ਪੈਦੇ ਨੇ....
ਐਵੇ ਨਹੀਂ ਕਵਿਤਾ ਲਿਖ ਹੁੰਦੀ.....
ਤੀਰਾਂ ਦੀ ਵਰਖਾ ਜਦ ਹੁੰਦੀ, ਪੰਛੀ ਤੇ ਤਿਲਮਿਲਾਉਂਦਾ ਹੈ।
ਹੱਥ ਪੈਰ ਮਾਰਕੇ ਉਹ ਆਪਣੀ, ਜਿੰਦ-ਜਾਨ ਬਚਾਉਣੀ ਚਾਹੁੰਦਾ ਹੈ।
ਬਿਨਾਂ ਯਤਨਾਂ ਦੇ ਜਿੰਦ ਨਹੀਂ ਬਚਦੀ, ਯਤਨ ਤੇ ਕਰਨੇ ਪੈਦੇ ਨੇ...
ਐਵੇ ਨਹੀਂ ਕਵਿਤਾ ਲਿਖ ਹੁੰਦੀ.....
ਕਹਿੰਦੇ ''ਇਕ ਹੱਥ ਨਾਲ ਤਾੜੀ ਨਹੀਂ ਵੱਜਦੀ, ਦੋਵੇਂ ਹੱਥ ਹੀ ਜ਼ਿੰਮੇਵਾਰ ਹੁੰਦੇ।''
ਪਰ ਇਕ ਹੱਥ ਨਾਲ ਵੀ ਕਈ ਵਜਾ ਲੈਦੇ, ਹੱਦੋਂ ਵੱਧ ਨੇ ਜੋ ਹੁਸ਼ਿਆਰ ਹੁੰਦੇ।।
ਐਸੇ ਲੋਕਾਂ ਨਾਲ ਨਜਿੱਠਣ ਲਈ, ਸ਼ਬਦ ਹਥਿਆਰ ਵਰਤਦੇ ਪੈਦੇ ਨੇ...
ਐਵੇ ਨਹੀਂ ਕਵਿਤਾ ਲਿਖ ਹੁੰਦੀ.....
ਕਵਿਤਾ ਨੂੰ ਲਿਖ ਤੇ ਗਾਕੇ, 'ਰਿਸ਼ੀ' ਮਨ ਹਲਕਾ-ਫੁਲਕਾ ਹੋ ਜਾਂਦੈ।
ਗ਼ਮ ਵੀ ਕਿੱਧਰੇ ਨੇ ਉੱਡ ਜਾਂਦੇ, ਦਿਲ ਸ਼ੀਸ਼ੇ ਵਰਗਾ ਹੋ ਜਾਂਦੈ।
ਤੰਦਰੁਸਤ ਦੋਹਾਂ ਨੂੰ ਰੱਖਣ ਲਈ, ਇਜ਼ਹਾਰ ਤੇ ਕਰਨੇ ਪੈਦੇ ਨੇ.....
ਫਿਰ ਵੀ ਜੇ ਪ੍ਰਸ਼ਨ ਕਰੇ ਦੁਨੀਆ, ਉੱਤਰ ਤੇ ਘੜਨੇ ਪੈਦੇ ਨੇ।
ਫਿਰ ਵੀ ਜੇ ਸਵਾਲ ਕਰੇ ਦੁਨੀਆ, ਜਵਾਬ ਤੇ ਦੇਣੇ ਪੈਦੇ ਨੇ।
ਐਵੇ ਨਹੀਂ ਕਵਿਤਾ ਲਿਖ ਹੁੰਦੀ.....

00

ਪਲਾਨ

ਇਕ ਪਲ ਦਾ ਭਰੋਸਾ ਨਹੀਂ ਬੰਦਿਆ, ਸੱਤ ਪੁਸ਼ਤਾਂ ਬਾਰੇ ਸੋਚੇ ਕਿਉਂ।
ਤੇਰੇ ਸੋਚਣ ਨਾਲ ਕੁਝ ਨਹੀਂ ਹੋਣਾ, ਸੋਚਾਂ ਦੇ ਬੋਝੇ ਪਾਵੇ ਕਿਉਂ!
ਲੰਮੇ ਚੌੜੇ ਪਲਾਨ ਬਣਾਉਨਾ ਏਂ, ਸਭ ਛਿੰਨ 'ਚ ਢੇਰੀ ਹੋ ਜਾਣੈ!
ਮੰਜ਼ੂਰ ਜੋ ਹੁੰਦੈ ਕੁਦਰਤ ਨੂੰ, ਬਿਨ ਸੋਚਿਆਂ ਉਹ ਕੰਮ ਹੋ ਜਾਣੈ!
ਜੋ ਮਿਲਿਐ ਓਸ ਦਾ ਸ਼ੁਕਰ ਮਨਾ, ਫਜ਼ੂਲ ਦੀਆਂ ਚੀਜ਼ਾਂ ਲੋਚੇ ਕਿਉਂ!
ਇਕ ਪਲ ਦਾ ਭਰੋਸਾ ਨਹੀਂ ਬੰਦਿਆ.....!
ਹਰ ਇਕ ਦਾ ਫਿਕਰ ਏ ਦਾਤੇ ਨੂੰ, ਕਿਉਂ ਫਿਕਰ ਕਿਸੇ ਦਾ ਕਰਦੈ ਤੂੰ!
ਜੋ ਅਜੇ ਹੋਇਆ ਹੀ ਨਹੀਂ ਨਾ ਹੀ ਹੋਵੇਗਾ, ਉਹਦੀ ਚਿੰਤਾ ਕਿਉਂ ਕਰਦੈ ਤੂੰ!
ਆਪਣੇ ਮਨ ਨੂੰ ਕਲਪਾਉਣ ਲਈ, ਨਵੇਂ ਨਵੇਂ ਬਹਾਨੇ ਖੋਜੇ ਕਿਉਂ!
ਇਕ ਪਲ ਦਾ ਭਰੋਸਾ ਨਹੀਂ ਬੰਦਿਆ.....!

ਜਦੋਂ ਆਇਆ ਸੀ ਸੋਹਣਿਆਂ ਜੱਗ 'ਤੇ, ਦੋਵੇਂ ਹੀ ਹੱਥ ਤੇਰੇ ਖਾਲੀ ਸੀ!
ਆਪਣਿਆਂ ਨੇ ਦੇਕੇ ਸ਼ਗਨ ਤੈਨੂੰ, ਪੈਸੇ ਦੀ ਸ਼ਕਲ ਵਿਖਾਲੀ ਸੀ।
ਉਹੀਓ ਭਾਜ਼ੀ ਤੂੰ ਹੁਣ ਮੋੜ ਰਿਹੈਂ, ਮੋੜਨ ਲੱਗਿਆਂ ਅੱਖਾਂ ਵਿਖਾਲੇ ਕਿਉਂ!
ਇਕ ਪਲ ਦਾ ਭਰੋਸਾ ਨਹੀਂ ਬੰਦਿਆ.....!

ਬੇਸ਼ੱਕ ਉੱਚੀ ਗੇਂਦ ਉਛਾਲ ਲੈ ਤੂੰ, ਮੁੜ ਧਰਤੀ 'ਤੇ ਡਿੱਗਣੀ ਉਹ!
ਇਸ 'ਚ ਤੇ ਕੋਈ ਸ਼ੱਕ ਨਹੀਂ, ਅਸਮਾਨ 'ਤੇ ਨਹੀਂ ਟਿਕਣੀ ਉਹ!
ਉਹਦੀ ਰਜ਼ਾ 'ਚ ਰਹਿਣਾ ਸਿੱਖ ਬੰਦਿਆ, ਉਹਦੀ ਰਜ਼ਾ ਤੋਂ ਬਾਹਰ ਖਿਆਲੇ ਕਿਉਂ!
ਇਕ ਪਲ ਦਾ ਭਰੋਸਾ ਨਹੀਂ ਬੰਦਿਆ.....!

ਤੂੰ ਸਾਂਭ ਕੇ ਰੱਖ ਚਤੁਰਾਈਆਂ ਨੂੰ, ਬਹੁਤਾ ਨਾ ਸਿਆਣਾ ਬਣ ਬੰਦਿਆ!
ਸਿਆਣਪ ਧਰੀ ਦੀ ਧਰੀ ਤੇਰੀ ਰਹਿ ਜਾਣੀ, ਜਦੋਂ ਫੂਕ ਨਿਕਲ ਜਾਣੀ ਬੰਦਿਆ!
ਉਹਦੀ ਸ਼ਕਤੀ ਤੋਂ 'ਰਿਸ਼ੀ' ਵਾਕਿਫ ਏ, ਆਪਣੇ ਦਿਲ ਦੀ ਧੂਣੀ ਬਾਲੇਂ ਕਿਉਂ!
ਇਕ ਪਲ ਦਾ ਭਰੋਸਾ ਨਹੀਂ ਬੰਦਿਆ.....!

00

ਟੈਂਸ਼ਨ ਦੀ ਮਾਰੀ ਦੁਨੀਆ ਨੂੰ

ਟੈਂਸ਼ਨ ਦੀ ਮਾਰੀ ਦੁਨੀਆਂ ਨੂੰ ਮੈਂ ਦਿਆਂ ਸਲਾਹਵਾਂ
ਛੱਡ ਕੇ ਝੂਠੀਆਂ ਰਾਹਵਾ ਫੜ ਲੈਣ ਸੱਚੀਆਂ ਰਾਹਵਾਂ
ਗੱਲ ਗੱਲ ਤੇ ਮੈਂ ਵੇਖਿਆ, ਦੁਨੀਆਂ ਝੂਠ ਬੋਲਦੀ
ਝੂਠ ਦੇ ਹੁੰਦੇ ਪੈਰ ਨਾ ਫਿਰ ਵੀ ਕੁਫ਼ਰ ਤੋਲਦੀ
ਸੱਚੇ ਰਾਹਾਂ ਤੇ ਜੇ ਚਲੇ, ਗਲੇ ਨਾ ਪੈਣ ਬਲਾਵਾਂ

ਟੈਂਸ਼ਨ ਦੀ ਮਾਰੀ ਦੁਨੀਆਂ ਨੂੰ
ਨਸ਼ਿਆਂ ਨੇ ਪੱਟੇ ਗੱਭਰੂ, ਪੱਟੀਆਂ ਮੁਟਿਆਰਾਂ
ਜਵਾਨੀ ਨੂੰ ਖੋਰਾ ਲਾ ਰਹੀਆਂ, ਡਾਰਾਂ ਦੀਆਂ ਡਾਰਾਂ
ਖਾ ਲਓ ਕਸਮਾਂ ਸੋਹਣਿਉ, ਕਹੋ,'ਨਾਂ ਜਿੰਦ ਗਵਾਵਾਂ',
ਟੈਂਸ਼ਨ ਦੀ ਮਾਰੀ ਦੁਨੀਆਂ ਨੂੰ.....
ਹੇਰਾਫ਼ੇਰੀ ਕਰਨ ਤੋਂ ਦੁਨੀਆਂ ਬਾਜ ਨਾ ਆਵੇ
ਚੋਰ ਬਜਾਰੀ ਦੇ ਚੱਕਰਾਂ ਵਿਚ ਇਹ ਫਸਦੀ ਜਾਵੇ
ਨਿਕਲੋ ਭਾਈ! ਇਹਨਾਂ ਚੱਕਰਾਂ 'ਚੋਂ ਵਾਰ ਵਾਰ ਬੋਲੀ ਜਾਵਾਂ
ਟੈਂਸ਼ਨ ਦੀ ਮਾਰੀ ਦੁਨੀਆਂ ਨੂੰ.....
ਵਿਖਾਵੇ ਵਾਲੀ ਜਿੰਦਗੀ ਹਰ ਇਕ ਨੇ ਅਪਣਾ ਲਈ।
ਸਿੱਧੀ ਸਾਦੀ ਜਿੰਦਗੀ ਛੱਡ ਹੋਸ਼ ਭੁਲਾ ਲਈ
ਮੁੜ ਜਾਓ! ਪਹਿਲੇ ਦੌਰ ਵਿਚ, ਸੋਖੀਆਂ ਲੈ ਲਓ ਸਾਹਵਾਂ
ਟੈਂਸ਼ਨ ਦੀ ਮਾਰੀ ਦੁਨੀਆਂ ਨੂੰ.....

ਕੰਪਿਊਟਰ ਟੀ.ਵੀ. ਤੇ ਬਹਿ ਬਹਿ ਦੁਨੀਆਂ ਵਕਤ ਗਵਾਉਂਦੀ
ਮਾੜੀਆਂ ਗੱਲ੍ਹਾ ਸਿਖਦੀ, ਮਾੜੇ ਰਾਹ ਅਪਣਾਉਂਦੀ
ਚੰਗੀ ਮੱਤ ਲਵੇ ਇਹਨਾਂ ਦੋਹਾਂ ਤੋਂ 'ਰਿਸ਼ੀ' ਏਹੀਓ ਦਿਲ ਤੋਂ ਚਾਹਵਾਂ
ਟੈਂਸ਼ਨ ਦੀ ਮਾਰੀ ਦੁਨੀਆਂ ਨੂੰ ਮੈਂ ਦਿਆਂ ਸਲਾਹਵਾਂ..

00

ਰਿਸ਼ਤਾ

ਰਿਸ਼ਤਾ ਹੈ ਬੜਾ ਹੀ ਪਿਆਰਾ, ਭੈਣਾ ਵੀਰਾਂ ਦਾ।
ਰਿਸ਼ਤਾ ਹੈ ਜਗ ਤੇ ਨਿਆਰਾ, ਭੈਣਾ ਵੀਰਾਂ ਦਾ।।
ਬਾਬਲ ਦੇ ਵੇਹੜੇ, ਵੀਰ ਜਦੋਂ ਉਹਦਾ ਹੋਇਆ ਸੀ।
ਉਹਦੇ ਦਿਲ ਨੂੰ ਕਹਿੰਦੇ, ਚਾਅ ਬਥੇਰਾ ਹੋਇਆ ਸੀ।।
ਪਾ ਗਿੱਧਾ ਭੰਗੜਾ ਸਭ ਨੂੰ, ਦੱਸਦੀ ਫਿਰਦੀ ਸੀ।
''ਮਾਂ ਨੇ ਜਣਿਐ ਲਾਲ'', ਉਹ ਕਹਿੰਦੀ ਫਿਰਦੀ ਸੀ
ਵੱਡੇ ਹੋ ਕੇ ਮੇਰੀ, ਵੀਰ ਨੇ, ਰਾਖੀ ਕਰਨੀ ਹੈ।।
ਮੇਰੇ ਮਾਪਿਆਂ ਦੀ ਵੀ ਸੇਵਾ, ਇਹਨੇ ਹੀ ਕਰਨੀ ਹੈ।
ਹਰ ਸਾਲ ਜਦੋਂ, ਰੱਖੜੀ ਦਾ ਦਿਨ ਬਈ ਆਉਂਦਾ ਹੈ।
ਖੁਸ਼ੀਆਂ ਬੜੀਆਂ, ਇਹ ਨਾਲ ਹੀ ਲੈ ਕੇ ਆਉਂਦਾ ਹੈ।।
ਭੈਣਾਂ ਨੂੰ ਚੜ੍ਹਦੈ ਚਾਅ, ਤੇ ਵੀਰੇ ਨੱਚਦੇ ਨੇ।
ਖੁਸ਼ੀਆਂ ਦੋਹਾਂ ਨੂੰ ਚੜ੍ਹੀਆਂ, ਦੋਵੇਂ ਟੱਪਦੇ ਨੇ।
ਰੱਖੜੀ, ਮਿੱਠਾ ਤੇ ਟਿੱਕਾ, ਥਾਲ ਦੇ ਵਿਚ ਸਜਾਉਂਦੀ ਹੈ।
ਮੱਥੇ ਨੂੰ ਚੁੰਮ ਕੇ ਵੀਰ ਦੇ, ਫਿਰ ਉਹ ਗਾਉਂਦੀ ਹੈ।
''ਵੀਰਾ ਅੱਜ ਭੈਣ ਤੋਂ ਬੰਨ੍ਹਾ ਲੈ ਰੱਖੜੀ,
ਸੋਹਣੇ ਜਿਹੇ ਗੁੱਟ 'ਤੇ ਸਜਾ ਲੈ ਰੱਖੜੀ।
ਏਹਦੇ ਵਿਚ ਮੇਰੀਆਂ ਮੁਰਾਦਾਂ ਵੀਰ ਵੇ,
ਏਹਦੇ ਵਿਚ ਜੁੜੀਆਂ ਨੇ ਯਾਦਾਂ ਵੀਰ ਵੇ,
ਤੱਤੀ ਨਾ ਲੱਗੇ ਤੈਨੂੰ ਵਾ ਵੀਰ ਵੇ,
ਦਿਲ ਵਿਚ ਮੇਰੇ ਤੇਰੀ ਥਾਂ ਵੀਰ ਵੇ।''
ਵੀਰੇ ਕਰਦੇ ਭੈਣ ਨੂੰ ਪਿਆਰ, ਤੇ ਤੋਹਫਾ ਦਿੰਦੇ ਨੇ।
ਖੁਸ਼ ਰਹੋ ਭੈਣ ਤੂੰ ਸਦਾ, ਇਹੋ ਵੀਰੇ ਕਹਿੰਦੇ ਨੇ।
ਦੋਵੇਂ ਮਿਲਦੇ ਨੇ ਗਲ ਲੱਗ ਕੇ, ਫਿਰ ਇਕ ਦੂਜੇ ਨੂੰ।
ਮਿੱਠਾ ਨੇ ਮੂੰਹ ਕਰਾਉਂਦੇ, ਫਿਰ ਇਕ ਦੂਜੇ ਨੂੰ।
'ਰਿਸ਼ੀ' ਨਹੀਓਂ ਰਿਸ਼ਤੇ ਲੱਭਣੇ ਮੁੜ ਕੇ, ਭੈਣਾਂ-ਵੀਰਾਂ ਦੇ।
ਜੇ ਕੁੱਖ ਵਿਚ ਅੰਮੀ ਧੀ ਨੂੰ ਮਾਰ ਮੁਕਾਉਂਦੀ ਹੈ।।
ਜੇ ਕੁੱਖ ਵਿਚ ਅੰਮੀ ਧੀ ਨੂੰ ਮਾਰ ਮੁਕਾਉਂਦੀ ਹੈ।।

00

ਸੱਚ-ਸੱਚ ਦਸ ਮਾਏ ਮੇਰੀਏ!
(ਸੱਚੀ ਘਟਨਾ)

ਸੱਚ ਸੱਚ ਦਸ ਮਾਏ ਮੇਰੀਏ, ਮੇਰਾ ਅਸਲੀ ਘਰ ਹੈ ਕੇਹੜਾ?
ਸਹੁਰਾ ਘਰ ਹੈ ਮੇਰਾ ਮਾਏ, ਯਾ ਕਿ ਬਾਬਲ ਵਾਲਾ ਵੇਹੜਾ?

ਬਾਬਲ ਮੈਨੂੰ ਲਾਡ ਲਡਾਇਆ, ਬਣਕੇ ਰਹੀ ਰਾਜੇ ਦੀ ਬੇਟੀ।
ਭੈਣ ਆਪਣੀ ਦਾ ਪਿਆਰ ਮੈਂ ਪਾਇਆ, ਵੀਰਾਂ ਨਾਲ ਮੈਂ ਹੱਸੀ ਖੇਡੀ।
ਹਰ ਕੋਈ ਮੇਰਾ ਆਪਣਾ ਸੀ ਪੇਕੇ, ਸਹੁਰੇ ਕੋਈ ਨਾ ਬਣਿਆ ਮੇਰਾ...
ਸੱਚ-2 ਦਸ ਮਾਏ ਮੇਰੀਏ.....

ਅਣਮੁੱਲੇ ਹੰਝੂ ਕੇਰ-2 ਕੇ ਪੇਕਿਆਂ ਮੈਨੂੰ ਵਿਦਾ ਸੀ ਕੀਤਾ।
ਸੱਸ-ਮਾਂ ਨੇ ਵੀ ਵਾਰਕੇ ਪਾਣੀ ਮੇਰੇ ਸਿਰ ਉਤੋਂਸੀ ਪੀਤਾ।।
ਗਲ ਨਾਲ ਮੈਨੂੰ ਨਨਾਣ ਨੇ ਲਾਕੇ ਕੀਤਾ ਸੀ ਚਾਅ ਬਥੇਰਾ...
ਸੱਚ-2 ਦਸ ਮਾਏ ਮੇਰੀਏ.....

ਮਗਰੋਂ ਪਤਾ ਨਹੀਂ ਕੀ ਹੋ ਗਿਆ, ਵੱਗਣ ਲੱਗ ਪਈ ਉਲਟੀ ਗੰਗਾ।
ਮੇਰਾ ਕੀਤਾ ਕੰਮ ਕੋਈ ਵੀ, ਉਨ੍ਹਾਂ ਨੂੰ ਨਾ ਲੱਗਦਾ ਚੰਗਾ।
ਪੈਣ ਲੱਗ ਪਏ ਪੰਗੇ ਮਾਏ, ਕਰਾਇਆ ਨਾ ਕਿਸੇ ਨਬੇੜਾ...
ਸੱਚ-2 ਦਸ ਮਾਏ ਮੇਰੀਏ.....

ਬਚਪਨ ਵਿਚ ਜਦੋਂ ਸੱਟ ਮੈਨੂੰ ਲੱਗਦੀ, ਭੱਜੀ-ਭੱਜੀ ਸੀ ਤੂੰ ਆਉਂਦੀ।
''ਮੇਰੀ ਸੋਹਣੀ ਮੀਨਾ ਬੇਟੀ'', ਕਹਿ-ਕਹਿ ਸੀ ਮੈਨੂੰ ਚੁੱਪ ਕਰਾਉਂਦੀ।
ਸਹੁਰਿਆਂ ਅੱਗ ਲਾ ਦਿੱਤੀ ਮੈਨੂੰ, ਮਾਏ! ਵੇਖ ਉਨ੍ਹਾਂ ਦਾ ਜੇਰਾ...
ਸੱਚ-2 ਦਸ ਮਾਏ ਮੇਰੀਏ.....

ਵਿਆਹ ਦੇ ਪਿੱਛੋਂ ਪੇਕੇ ਆਖਣ,''ਧੀਏ! ਸਹੁਰਾ ਘਰ ਹੀ ਘਰ ਹੁਣ ਤੇਰਾ।''
''ਭਾਵੇਂ ਹੱਸ ਤੇ ਭਾਵੇ ਰੋ ਤੂੰ, ਉਥੋਂ ਹੀ ਨਿਕਲੂ ਜਨਾਜ਼ਾ ਤੇਰਾ।।''
ਇਹ ਕੀ ਗੱਲ ਬਣੀ! ਦਸ ਮਾਏ! ਧੀਆਂ ਦਾ ਕਿਉਂ ਜੱਗ ਹਨ੍ਹੇਰਾ...
ਸੱਚ-2 ਦਸ ਮਾਏ ਮੇਰੀਏ.....

ਧੀ ਨਾ ਹੋਈ ਫੁੱਟਬਾਲ ਹੋ ਗਿਆ, ਦੋਹਾਂ ਧਿਰਾਂ ਤੋਂ ਠੁੱਡੇ ਖਾਵੇ।
ਯਾ ਫਿਰ ਚਿੜੀ ਤੇ ਛਿੱਕੇ ਵਾਂਙੂੰ, ਦੋਹਾਂ ਛਿੱਕਿਆਂ ਤੋਂ ਚੋਟਾਂ ਖਾਵੇ।।
ਦੋਹਾਂ ਪੁੜਾਂ 'ਚ ਧੀ ਕਿਉਂ ਪਿੱਸਦੀ, 'ਰਿਸ਼ੀ' ਦੇ ਦੇ ਜਵਾਬ ਇਕੇਰਾਂ...
ਸੱਚ-2 ਦਸ ਮਾਏ ਮੇਰੀਏ.....

00

ਫੇਸ ਬੁੱਕ ਬਣੀ ਫੇਸ ਬੁੱਕ

ਫੇਸ ਬੁੱਕ ਬਣੀ! ਫੇਸ ਬੁੱਕ, ਫੇਸ ਬੁੱਕ ਬਣੀ! ਫੇਸ ਬੁੱਕ, ਫੇਸ ਬੁੱਕ ਦੇ ਚਰਚੇ ਹੋਣ।
ਹਰ ਕੋਈ ਦੀਵਾਨੈ ਬਸ ਫੇਸ ਬੁੱਕ ਦਾ, ਦੂਜੀ ਬੁੱਕ ਹੁਣ ਪੜ੍ਹਦੈ ਕੌਣ।।

ਜਦੋਂ ਦੀ ਫੇਸ ਬੁੱਕ ਹੈ ਆਈ, ਮੁੰਡੇ-ਕੁੜੀਆਂ ਦੀ ਨੀਂਦ ਉਡਾਈ।
ਹਰ ਵੇਲੇ ਫੇਸ ਬੁੱਕ ਤੇ ਰਹਿੰਦੇ, ਨਾ ਸੌਣ ਦਿੰਦੇ ਨਾ ਸੌਣ.....
ਫੇਸ ਬੁੱਕ ਬਣੀ!.....
ਕਿਤਾਬਾਂ ਨੂੰ ਤੇ ਹੱਥ ਨਾ ਲਾਉਂਦੇ, ਯੂ-ਟਿਊਬ-ਗੂਗਲ ਤੋਂ ਉੱਤਰ ਚਾਹੁੰਦੇ।
ਮਾਪਿਆਂ ਨੂੰ ਹੁੱਬ-ਹੁੱਬ ਕੇ ਕਹਿੰਦੇ,''ਸਾਡੀ ਟੈਂਸ਼ਨ ਇਹ ਘਟਾਉਣ....''
ਫੇਸ ਬੁੱਕ ਬਣੀ!.....
ਫੇਸ ਬੁੱਕ ਨਾਲ ਦਿਲ ਲੱਗ ਜਾਂਦੈ, ਵੱਡੇ-ਛੋਟੇ ਏਹੀਉ ਕਹਿੰਦੇ।
ਏਹਦੇ ਜੋਗੇ ਹੋ ਕੇ ਰਹਿ ਗਏ, ਭਾਵੇਂ ਦੁੱਖਦੀ ਰਹਿੰਦੀ ਧੋਣ....
ਫੇਸ ਬੁੱਕ ਬਣੀ!.....
ਇਹ ਤਾਂ ਗੱਲ ਹੋਈ ਹਾਸੇ ਦੀ, ਹੁਣ ਪਤੇ ਦੀ ਗੱਲ ਵੀ ਕਰੀਏ।
ਗ਼ਲਤ ਲੋਕਾਂ ਤੋਂ ਬਚ ਕੇ ਰਹੀਏ, ਜੇਹੜੇ ਉਲਟੇ ਚੱਕਰ ਚਲਾਉਣ....
ਫੇਸ ਬੁੱਕ ਬਣੀ!.....
ਦੇਖ-ਪਰਖ ਕੇ ਮਿੱਤਰ ਬਣਾਈਏ, ਸੈਂਕੜਿਆਂ ਤਾਈਂ ਨਾ ਗਿਣਤੀ ਵਧਾਈਏ।
ਕਿਤਾਬਾਂ ਨੂੰ ਅਸਲ 'ਚ ਮਿੱਤਰ ਬਣਾਈਏ, ਜੋ ਜ਼ਿੰਦਗੀ 'ਚ ਕੰਮ ਆਉਣ....
ਫੇਸ ਬੁੱਕ ਬਣੀ!.....
ਸ਼ੌਂਕ-ਸ਼ੌਂਕ ਵਿਚ ਆਦਤ ਪੈਂਦੀ, ਇਸ ਗੱਲ ਨੂੰ ਸਦਾ ਚੇਤੇ ਰੱਖੀਏ।
ਆਦਤ ਤੋੜਨੀ 'ਰਿਸ਼ੀ' ਔਖੀ ਹੁੰਦੀ, ਸਿਆਣੇ ਗੱਲ ਏਹੀਉ ਸਮਝਾਉਣ
ਫੇਸ ਬੁੱਕ ਬਣੀ!.....

00

ਏਕ ਪਿਤਾ ਏਕਸ ਕੇ ਹਮ ਬਾਰਿਕ

''ਓਕ ਕਰੀਕ/ਵਿਸ਼ਕਾਂਸਨ ਗੁਰਦੁਆਰਾ ਸਾਹਿਬ ਜੀ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ''

ਮੁਲਖ ਬੇਗਾਨਾ, ਲੋਕ ਬੇਗਾਨੇ, ਵੇਖ ਤੂੰ ਬੰਦਿਆ ਵੇਖ।
ਆਪਣੇ ਮੁਲਖ ਤੋਂ ਟੁੱਟ ਕੇ ਆਇਐਂ, ਏਥੇ ਵੀ ਟੁੱਟ ਰਿਹੈਂ ਵੇਖ।

5 ਅਗਸਤ, 2012 ਦਿਨ ਐਤਵਾਰ ਦਾ ਚੜ੍ਹਿਆ ਕੈਸਾ।
ਰੱਬ ਦੇ ਘਰ ਹੀ ਜੁਰਮ ਕਰ ਗਿਐ, ਬੰਦੇ ਦੀ ਨਫਰਤ ਵੇਖ।

ਮੱਥਾ ਟੇਕਣ ਆਏ ਰੱਬ ਦੇ ਦਰ 'ਤੇ, ਰੱਬ ਦੇ ਘਰ ਦੇ ਹੋਕੇ ਰਹਿ ਗਏ।
ਤੜ-ਤੜ, ਤੜ-ਤੜ ਚੱਲੀਆਂ ਗੋਲੀਆਂ,ਬੇਦੋਸ਼ੇ ਸਿੰਘ ਖਾ ਗਏ ਵੇਖ!

ਸੀਨੇ ਗੋਲੀਆਂ ਖਾਕੇ ਤੁਰ ਗਏ, ਤੂੰ ਵੇਖ ਉਨ੍ਹਾਂ ਦੇ ਲੇਖ।
ਕੀ ਖੱਟਣ ਕੀ ਕਮਾਉਣ ਸੀ ਆਏ, ਜਸ ਖੱਟ ਕੇ ਲੈ ਗਏ ਵੇਖ।

ਧਰਤੀ ਖੂਨ ਨਾਲ ਗਈ ਰੰਗੀ, ਹਰ ਪਾਸੇ ਸੀ ਖੂਨ ਦੇ ਛਿੱਟੇ।
ਨਿੱਕੇ-ਵੱਡੇ ਰੋ ਪਏ ਸਾਰੇ, ਰੋ ਪਿਐ ਰੱਬ ਵੀ ਵੇਖ!

ਕਿਸੇ ਗੁਰੂ ਘਰ 'ਚ ਆਪਣੇ ਲੜਦੇ, ਕਿਸੇ 'ਚ ਆਣ ਬੇਗਾਨੇ ਵੜਦੇ।
ਆਪੋ ਵਿੱਚੀ ਲੜਨ ਦਾ ਸਿੱਟਾ, ਤੂੰ ਆਪਣੀ ਅੱਖੀਂ ਵੇਖ।

ਇਕਮੁੱਠ ਹੋ ਕੇ 'ਰਿਸ਼ੀ' ਸਾਰੇ ਰਹੀਏ, ਇਕਜੁੱਟ ਹੋ ਕੇ ਸਾਰੇ ਕਹੀਏ।
''ਏਕ ਪਿਤਾ ਏਕਸ ਕੇ ਹਮ ਬਾਰਿਕ'', ਸੱਚ ਬਾਣੀ ਜੋ ਕਹਿੰਦੀ ਵੇਖ!

ਮੁਲਖ ਬੇਗਾਨਾ, ਲੋਕ ਬੇਗਾਨੇ, ਵੇਖ ਤੂੰ ਬੰਦਿਆ ਵੇਖ,
ਆਪਣੇ ਮੁਲਖ ਤੋਂ ਟੁੱਟ ਕੇ ਆਇਐਂ, ਏਥੇ ਵੀ ਟੁੱਟ ਰਿਹੈਂ ਵੇਖ!

00

ਗ਼ਜ਼ਲ

ਕੁੱਝ ਕੁ ਪਲਾਂ ਦਾ ਸਾਥ ਹੀ,
ਦਿਲ ਨੂੰ ਸਹਾਰਾ ਦੇ ਗਿਆ।
ਸੀ ਡੁੱਬ ਰਹੀ ਕਿਸ਼ਤੀ ਮੇਰੀ,
ਉਸ ਨੂੰ ਕਿਨਾਰਾ ਦੇ ਗਿਆ।
ਕਿਨਾਰਿਆਂ 'ਤੇ ਖੜ੍ਹ ਕੇ ਮੈਂ,
ਉਹਨੂੰ ਦੂਰ ਤੱਕ ਤੱਕਦੀ ਰਹੀ।
ਤੁਰਨ ਲੱਗਿਆਂ ਉਹ ਮੈਨੂੰ,
ਇਕ ਖਤ ਪਿਆਰਾ ਦੇ ਗਿਆ।
ਸਾਂਭੇ ਪਏ ਸਨ ਖਤ ਕਈ,
ਐਪਰ ਇਹ ਖ਼ਤ ਕੁਝ ਖਾਸ ਸੀ।
ਇਸ ਖ਼ਤ ਦੇ ਰਾਹੀਂ ਆਪਣਾ,
ਪੈਗ਼ਾਮ ਨਿਆਰਾ ਦੇ ਗਿਆ।
ਜਦੋਂ ਖ਼ਤ ਮੈਂ ਪੜ੍ਹ ਕੇ ਵੇਖਿਆ,
ਪੈਗ਼ਾਮ ਹੋਰ ਵੀ ਖਾਸ ਸੀ।
''ਮੈਨੂੰ ਆਖ ਆਪਣੀ ਜ਼ਿੰਦਗੀ'',
ਜਿੰਦ ਦਾ ਨਜ਼ਾਰਾ ਦੇ ਗਿਆ।
ਦਿੱਤੀ ਹੋਈ ਉਹਦੀ ਜ਼ਿੰਦਗੀ ਵਿਚ,
ਜਾਨ ਮੈਂ ਫਿਰ ਪਾ ਲਈ।
ਉਸੇ ਜਾਨ ਨਾਲ ਜਹਾਨ ਹੈ,
ਉਹ ਜਹਾਨ ਸਾਰਾ ਦੇ ਗਿਆ।
'ਖੁਸ਼ ਤੂੰ ਰਹੇਂ ਖੁਸ਼ ਮੈਂ ਰਹਾਂ'',
ਖੁਸ਼ ਹੋ ਕੇ ਉਹ ਸੀ ਆਖਦਾ
'ਰਿਸ਼ੀ' 'ਪ੍ਰੀਤ' ਇਕ ਦੂਜੇ ਦੇ ਨੇ,
ਕਹਿਕੇ ਮੈਨੂੰ ਬਹਾਰਾਂ ਦੇ ਗਿਆ।

00

ਪੁਰਾਣਾ ਸਾਥ

‘ਕਕੇ’ ਅਤੇ ਕੁੜੀਆਂ ਦਾ ਸਾਥ ਪੁਰਾਣਾ ਸਾਥ ਨਾ ਉਨ੍ਹਾਂ ਦਾ ਛੱਡੇ।
ਕੈਸੇ ਕਰਮ ਲਿਖਾ ਕੇ ਉਹ ਆਈਆਂ, ਉਹਨਾਂ ਦੇ ਲੇਖਾਂ ’ਤੇ ਧੱਬੇ।
ਕੀ ਕੀ ਕਹਿਰ ਕੁੜੀਆਂ ’ਤੇ ਢਹਿੰਦੇ, ਕੀ ਕੀ ਬਣਨ ਕਹਾਣੇ।
ਕੀ ਕੀ ਜ਼ੁਲਮ ਉਹਨਾ ’ਤੇ ਹੁੰਦੇ, ਜੇਹਨਾਂ ਜਨਮੇ ਰਾਜੇ ਰਾਣੇ।
ਵੇਖ ਰਹੀ ਹੈ ਦੁਨੀਆਂ ਸਾਰੀ, ਵੇਖ ਵੇਖ ਦੂਰ ਨੱਸੇ
‘ਕਕੇ’ ਅਤੇ ਕੁੜੀਆਂ ਦਾ ਸਾਥ.....।

ਕੀ ਕੀ ਉਨ੍ਹਾਂ ਨੂੰ ਸੁਨਣਾ ਪੈਦੈ, ਕੀ ਕੀ ਉਹਨਾਂ ਨੂੰ ਸਹਿਣਾ ਪੈਦੈ।
ਕੀ ਕੀ ਮੈਂ ਗਿਣਾਵਾਂ ਤੁਹਾਨੂੰ, ਕੀ ਕੀ ਉਹਨਾਂ ਨੂੰ ਕਰਨਾ ਪੈਦੈ।
ਦਿੰਦੀ ਹੈ ਬਲਿਦਾਨ ਉਹ ਹਰਪਲ, ਤਾਹੀਓ, ਦੁਨੀਆਂ ਵਿੱਚ ਵੱਸੇ।
‘ਕਕੇ’ ਅਤੇ ਕੁੜੀਆਂ ਦਾ ਸਾਥ.....।

ਕੁੜੀਏ! ਤੂੰ ਕਿੱਥੇ ਚੱਲੀ? ਕੇਹਦੇ ਨਾਲ ਤੂੰ ਨੀ ਚੱਲੀ?
ਕਦੋਂ ਤਾਈਂ ਆਵੇਗੀ ਮੁੜਕੇ? ਕੀ ਏ ਤੂੰ ਕਰਨ ਨੀ ਚੱਲੀ?
ਇਕ ਕੁੜੀ ਤੇ ਸਵਾਲ ਅਨੇਕਾਂ, ਕੀ ਕੀ ਵੀਚਾਰੀ ਦੱਸੇ।
‘ਕਕੇ’ ਅਤੇ ਕੁੜੀਆਂ ਦਾ ਸਾਥ.....।

ਕੁੜੀ ਦੇ ਨਾਲ ਵਤੀਰਾ ਵੱਖਰੈ, ਵੱਖਰੀ ਹੈ ਉਹਦੇ ਲਈ ਸੋਚ।
ਫਿਰਨ ਦਰਿੰਦੇ ਚਾਰੇ ਹੀ ਪਾਸੇ, ਲੈਦੇ ਨੇ ਉਹਨੂੰ ਉਹ ਨੋਚ।
ਸੋ ਸੋ ਲੋਕੀਂ ਗੱਲਾਂ ਕਰਦੇ, ਮਾੜਾ ਜੇਹਾ ਜੇ ਹੱਸੇ।
‘ਕਕੇ’ ਅਤੇ ਕੁੜੀਆਂ ਦਾ ਸਾਥ.....।

ਚੰਨ ਉਤੇ ਪਹੁੰਚ ਚੁੱਕੀ ਉਹ, ਥਾਂਹ ਫਿਰਵੀ ਉਹਦੀ ਥੱਲੇ।
ਕਦਰ ਨਹੀਂ ਉਹਦੀ ਪੈਂਦੀ ਕੋਈ, ਨਾ ਹੁੰਦੀ ਉਹਦੀ ਬੱਲੇ ਬੱਲੇ।
ਮੇਹਣੇ ਮਾਰ ਮਾਰ ਉਹਨੂੰ ਮਾਰਨ, ਤੀਰ ਸਾਰਾ ਜ਼ਮਾਨਾ ਕੱਸੇ।
‘ਕਕੇ’ ਅਤੇ ਕੁੜੀਆਂ ਦਾ ਸਾਥ.....।

ਕੁੜੀ ਦੀ ਕਹਿੰਦੇ ਜ਼ਾਤ ਹੀ ਐਸੀ, ਵੱਸ ਨਹੀਂ ਚਲਦਾ ਉਹਦਾ।
ਆਪਾ ਵਾਰ ਭਾਵੇਂ ਉਹ ਦੇਵੇ, ਪਰ ਕੋਈ ਨਹੀਂ ਬਣਦਾ ਓਹਦਾ।
ਸੱਪ ਦੀ ਖੁੱਡ ਵਿੱਚ ਹੈ ਰਹਿੰਦੀ, ਮਲੋਮੱਲੀ ਜੋ ਉਹਨੂੰ ਡੱਸੇ।
'ਕਕੇ' ਅਤੇ ਕੁੜੀਆਂ ਦਾ ਸਾਥ.....।

ਸਮਾਜ ਸਾਡੇ ਦੀ ਰੀਤ ਹੈ ਏਹੀਓ, ਕੁੜੀਆਂ ਨੂੰ ਬੋਝ ਸਮਝਦੈ।
ਮਰਦ ਪ੍ਰਧਾਨ ਕਹਾਉਂਦਾ ਹੈ ਇਹ, ਕੁੜੀਆਂ ਨੂੰ ਹੀਣ ਸਮਝਦੇ।
ਹਾੜੇ! ਹਾੜੇ ਬਦਲੋ ਸਮਾਜ ਨੂੰ 'ਰਿਸ਼ੀ', ਕੁੜੀਆਂ ਦਾ ਪੱਖ ਦੱਸੇ
'ਕਕੇ' ਅਤੇ ਕੁੜੀਆਂ ਦਾ ਸਾਥ.....।

00

ਅਨਮੋਲ ਸ਼ਹੀਦੀ

ਗੁਰੂ ਅਰਜਨ ਹੋਏ ਸ਼ਹੀਦ ਜਦੋਂ, ਸਾਰਾ ਆਲਮ ਤੇ ਰੋਇਆ ਸੀ।
ਧਰਤੀ ਦਾ ਸੀਨਾ ਪਾਟਾ ਸੀ ਅਤੇ ਅੰਬਰ ਵੀ ਖੁੱਲ ਰੋਇਆ ਸੀ।

ਮਾੜੀ ਸੋਚ ਸੀ ਜ਼ਾਲਿਮ ਮੁਗ਼ਲਾਂ ਦੀ, ਉਹਨਾਂ ਭਟਕੇ ਹੋਏ ਇਨਸਾਨਾਂ ਦੀ।
ਹੱਕ ਸੱਚ ਦੀ ਕਦਰ ਨਹੀਂ ਸੀ ਓਦੋਂ, ਬਸ ਕਦਰ ਤੇ ਸੀ ਬੇਈਮਾਨਾਂ ਦੀ।।
ਗੁਰੂ ਅਰਜਨ ਹੋਏ ਸ਼ਹੀਦ ਜਦੋਂ.....
ਅੱਤਾਂ ਦੀ ਗਰਮੀ ਪੈਂਦੀ ਸੀ, ਲੂਆਂ ਨੇ ਪਿੜ ਵੀ ਮੱਲੇ ਸੀ।
ਪਰ ਬਹਿ ਕੇ ਤੱਤੀ ਤਵੀ ਉੱਤੇ, ਗੁਰੂ ਅਰਜਨ ਨੇ ਤਸੀਹੇ ਝੱਲੇ ਸੀ।।
ਗੁਰੂ ਅਰਜਨ ਹੋਏ ਸ਼ਹੀਦ ਜਦੋਂ.....
ਨਾ ਸੀ ਕੀਤੀ ਸੀ ਉਹਨਾਂ ਨੇ, ਬਾਣੀ ਹੀ ਉਚਾਰੀ ਜਾਂਦੇ ਸੀ।
''ਤੇਰਾ ਭਾਣਾ ਮੀਠਾ ਲਾਗੇ'' ਕਹਿ, ਸਿਰ ਰੇਤ ਪਵਾਈ ਜਾਂਦੇ ਸੀ।।
ਗੁਰੂ ਅਰਜਨ ਹੋਏ ਸ਼ਹੀਦ ਜਦੋਂ.....
ਕਿੰਨੇ ਸੀ ਮਹਾਨ, ਸਾਡੇ ਤਾਂ ਗੁਰੂ, ਹਰ ਗੱਲ ਸਿਰ 'ਤੇ ਲੈ ਲੈਂਦੇ ਸੀ।
ਸੁੱਤੀ ਹੋਈ ਕੌਮ ਜਗਾਵਣ ਲਈ, ਆਪਣੀਆਂ ਜਾਨਾਂ 'ਤੇ ਖੇਡੇ ਸੀ।।
ਗੁਰੂ ਅਰਜਨ ਹੋਏ ਸ਼ਹੀਦ ਜਦੋਂ.....
ਜੋ ਉਹਨਾਂ ਕੀਤਾ, ਇਸ ਦੁਨੀਆਂ ਲਈ, ਉਹ ਹੋਰ ਕਿਸੇ ਨਾ ਕਰਨਾ ਹੈ।
ਨਾ ਹੋਇਆ ਕੋਈ ਉਹਨਾਂ ਵਰਗਾ, ਨਾ ਹੋਰ ਕਿਸੇ ਨੇ ਜੰਮਣਾ ਹੈ।।
ਗੁਰੂ ਅਰਜਨ ਹੋਏ ਸ਼ਹੀਦ ਜਦੋਂ.....
ਹਰ ਸਾਲ ਤੇ ਇਹ ਦਿਨ ਆਏਗਾ, ਅਤੇ ਯਾਦ ਤੁਹਾਡੀ ਫਿਰ ਲਿਆਏਗਾ।
'ਸੁਖਮਨੀ' ਦਾ ਪਾਠ ਹਰ ਕੋਈ ਕਰਕੇ, ਗੁਣ ਸਦਾ ਆਪਦੇ ਗਾਏਗਾ।।
ਗੁਰੂ ਅਰਜਨ ਹੋਏ ਸ਼ਹੀਦ ਜਦੋਂ.....
'ਰਿਸ਼ੀ' ਅਸੀਂ ਤੇ ਕਰਮਾਂ ਵਾਲੇ ਹਾਂ, ਸਿੱਖਾਂ ਦੇ ਘਰ ਵਿੱਚ ਜਨਮ ਲਿਐ।
ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਕੇ, ਆਪਣਾ ਅਸੀਂ ਜਨਮ ਸੰਵਾਰ ਲਿਐ।।
ਆਪਣਾ ਅਸੀਂ ਜਨਮ ਸੰਵਾਰ ਲਿਐ।
ਗੁਰੂ ਅਰਜਨ ਹੋਏ ਸ਼ਹੀਦ ਜਦੋਂ.....

00

ਲੜ ਪੰਜਾਬੀ ਦਾ ਅਸੀਂ ਫੜੀਏ

ਆਓ ਵੀਰੋ! ਆਓ ਭੈਣੋ! ਰਲ ਮਿਲ ਕੰਮ ਇਕ ਭਲੇ ਦਾ ਕਰੀਏ।
ਮਾਂ ਬੋਲੀ ਨੂੰ ਉੱਚਾ ਚੁੱਕਣ ਖਾਤਿਰ, ਖਾਲਸਾ ਸਕੂਲ ਸਥਾਪਿਤ ਕਰੀਏ।
ਤੋਤੇ ਵਾਂਙੂੰ ਰੱਟ ਲਈ ਅੰਗਰੇਜੀ, ਯੈਸ, ਨੋ, ਥੈਂ ਯੂ ਕਹਿਣਾ ਸਿੱਖ ਲਿਐ।
ਮਾਫ ਕਰੋ ਜੀ! ਕਹਿਣਾ ਛੱਡ ਕੇ, ਆਈ.ਐਮ. ਸਾਰੀ ਕਹਿਣਾ ਸਿੱਖ ਲਿਐ।
ਅੰਗਰੇਜੀ ਸਿੱਖਣਾ ਗਲਤ ਨਹੀਂ ਹੈ ਪਰ ਗੱਲ ਪੰਜਾਬੀ ਵਿੱਚ ਹੀ ਕਰੀਏ।
ਆਓ ਵੀਰੋ! ਆਓ ਭੈਣੋ....!
ਬੱਚਿਆਂ ਦੇ ਮਨਾਂ ਵਿਚ ਗਲ ਬਿਠਾਈ, ਅੰਗਰੇਜੀ ਬੋਲਣ ਨਾਲ ਮਿਲੇ ਵਡਿਆਈ।
ਏਸੇ ਲਈ ਉਹ ਬੋਲਣ ਅੰਗਰੇਜੀ, ਪੰਜਾਬੀ ਬੋਲੀ ਉਹਨਾਂ ਨਾ ਅਪਣਾਈ।
ਕਸੂਰ ਹੈ ਸਾਡਾ ਸਾਰਾ ਆਪਣਾ, ਦੋਸ਼ ਨਾ ਬੱਚਿਆਂ ਦੇ ਸਿਰ ਧਰੀਏ।
ਆਓ ਵੀਰੋ! ਆਓ ਭੈਣੋ....!
ਪੰਜਾਬ ਸਰਕਾਰ ਸੀ ਕਾਨੂੰਨ ਬਣਾਇਆ, ਦਫ਼ਤਰੀ ਕੰਮਾਂ ਲਈ ਵਰਤੋਂ ਪੰਜਾਬੀ।
ਸਖ਼ਤ ਕਾਰਵਾਈ ਕੀਤੀ ਜਾਵੇਗੀ, ਜੇ ਨਾ ਵਰਤੋਗੇ ਤੁਸੀਂ ਪੰਜਾਬੀ।
ਪਰ ਕਾਨੂੰਨ ਦੀਆਂ ਉਡਾ ਕੇ ਧੱਜੀਆਂ, ਕੰਮ ਅੰਗਰੇਜੀ ਵਿੱਚ ਹੀ ਕਰੀਏ।
ਆਓ ਵੀਰੋ! ਆਓ ਭੈਣੋ....!
ਦੁਸ਼ਮਣ ਨੇ ਜੋ ਮਾਂ ਬੋਲੀ ਦੇ, ਪੰਜਾਬੀ ਉਹਨਾਂ ਨੂੰ ਰਾਸ ਨਾ ਆਈ।
ਖ਼ਤਮ ਹੋ ਜਾਣੀ ਪੰਜਾਬੀ ਭਾਸ਼ਾ, ਉਹਨਾਂ ਨੇ ਹੀ ਅਫਵਾਹ ਫੈਲਾਈ।
ਆਪਾ ਆਪਣਾ ਜ਼ੋਰ ਲਗਾਈਏ, ਅਫਵਾਹਾਂ ਤੋਂ ਕਿਉਂ ਪਏ ਡਰੀਏ।
ਆਓ ਵੀਰੋ! ਆਓ ਭੈਣੋ....!
ਪੰਜਾਬੀ ਗੀਤਾਂ ਦੇ ਬੋਲਾਂ ਉੱਤੇ, ਨੱਚਦੇ ਕਾਲੇ ਗੋਰੇ ਵੇਖੇ।
ਬਾਹਰ ਦੇ ਮੁਲਖ਼ਾਂ ਦੇ ਵਿੱਚ ਵੀ, ਵੱਜਦੇ ਢੋਲ ਨਗਾਰੇ ਵੇਖੇ।
ਹੋਰ ਵੀ ਵਧੇਗੀ ਫੁਲੇਗੀ ਪੰਜਾਬੀ, ਗੱਲ ਚੜ੍ਹਦੀਕਲਾ ਦੀ ਹੀ ਕਰੀਏ।
ਆਓ ਵੀਰੋ! ਆਓ ਭੈਣੋ....!
ਭਾਵੇਂ ਅਮਰੀਕਾ ਭਾਵੇਂ ਕੈਨੇਡਾ ਤੇ ਭਾਵੇਂ ਲੰਡਨ ਵਰਗੇ ਦੇਸ਼ ਹੋਣਗੇ।
ਦੁਨੀਆਂ ਦੇ ਕੋਨੇ-ਕੋਨੇ ਵਿੱਚ ਐਪਰ, ਬਸ ਪੰਜਾਬੀ ਬੋਲ ਹੋਣਗੇ।
ਇਸ ਭਵਿੱਖਬਾਣੀ ਨੂੰ ਸਿੱਧ ਕਰਨ ਲਈ, ਲੜ ਪੰਜਾਬੀ ਦਾ 'ਰਿਸ਼ੀ' ਫੜੀਏ।
ਆਓ ਵੀਰੋ! ਆਓ ਭੈਣੋ....!

00

ਫੁੱਲਾਂ ਦੀ ਕਿਆਰੀ

ਫੁੱਲ ਨੇ ਰੰਗ ਬਿਰੰਗੇ ਪਿਆਰੇ, ਫੁੱਲਾਂ ਦੇ ਨਾਲ ਸਜੇ ਕਿਆਰੀ।
ਫੁੱਲ ਨੇ ਹੱਸਦੇ ਖਿੜ-ਖਿੜ ਵੇਖੋ! ਹਸੀ ਉਹਨਾਂ ਦੀ ਲੱਗੇ ਪਿਆਰੀ।।
ਫੁੱਲ ਨੇ ਛੋਟੇ-ਵੱਡੇ ਸੋਹਣੇ, ਦਿਲ ਉਹਨਾਂ ਤੋਂ ਜਾਂਦੈ ਵਾਰੀ।
ਫੁੱਲ ਨੇ ਮੋਹ ਲੈਂਦੇ ਮਨ ਨੂੰ, ਖਿੜਦੇ-ਝੜਦੇ ਵਾਰੋ ਵਾਰੀ।।
ਫੁੱਲਾਂ ਦੀ ਜ਼ੁਬਾਨ ਕੋਈ ਵਿਰਲਾ ਸਮਝੇ, ਬੋਲੀ ਬੋਲਣ ਉਹ ਨਿਆਰੀ।।
ਫੁੱਲ ਟੁੱਟਦੇ ਜਦੋਂ ਡਾਲੀ ਨਾਲੋਂ, ਰੋਂਦੇ ਨੇ ਉਹ ਜ਼ਾਰੋ ਜ਼ਾਰੀ।।
ਫੁੱਲ ਵਾਲਾਂ ਦਾ ਸ਼ਿੰਗਾਰ ਨੇ ਬਣਦੇ, ਕੋਟ ਤੇ ਲਗਦੇ ਫੁੱਲ ਪਿਆਰੇ।
ਫੁੱਲ ਚੜ੍ਹਦੇ ਨੇ ਮੰਦਿਰ ਵੇਖੇ, ਚੜ੍ਹਦੇ ਨੇ ਇਹ ਵਿਚ ਗੁਰੂਦੁਆਰੇ।।
ਫੁੱਲਾਂ ਦੇ ਹਾਰ ਵਿਆਹਾਂ ਵਿਚ ਪੈਂਦੇ, ਮੇਲ ਦਿੰਦੇ ਇਹ ਦੋ ਕਿਨਾਰੇ।
ਫੁੱਲਾਂ ਦੀ ਵਰਖਾ ਉਹਨਾਂ ਤੇ ਹੁੰਦੀ, ਦੁਨੀਆਂ ਜੋ ਛੱਡ ਜਾਣ ਵਿਚਾਰੇ।।
ਫੁੱਲਾਂ ਨਾਲ ਬਣਦੀਆਂ ਕੀਮਤੀ ਦਵਾਈਆਂ, ਜੀਵਨ ਦਿੰਦੀਆਂ ਜੋ ਤੈਨੂੰ ਮੈਨੂੰ।
ਫੁੱਲਾਂ ਨਾਲ ਬਣਦੇ ਨੇ ਗੁਲਦਸਤੇ, ਸੁੱਖ ਦਿੰਦੇ ਜੋ ਤੈਨੂੰ ਮੈਨੂੰ।।
ਫੁੱਲਾਂ ਦੀ ਸੇਵਾ ਕਰਦੈ ਮਾਲੀ, ਫੁੱਲਾਂ ਦਾ ਹੈ ਉਹੀਓ ਵਾਲੀ।
ਫੁੱਲਾਂ ਦੀ ਹਰ ਸਿਫਤ ਨਿਰਾਲੀ, ਫੁੱਲਾਂ ਨਾਲ ਮਹਿਕੇ ਹਰ ਡਾਲੀ।।
ਫੁੱਲਾਂ ਨਾਲ ਬਾਗਾਂ ਵਿਚ ਬਹਾਰਾਂ, ਫੁੱਲਾਂ ਨਾਲ ਸਜਦੀ ਦੁਨੀਆਂ ਸਾਰੀ।
ਫੁੱਲਾਂ ਨਾਲ ਕੀਤੈ ਪ੍ਰੇਮ ਉਹਨਾਂ ਨੇ, ਜੇਹਨਾਂ ਨੂੰ ਹੈ ਕੁਦਰਤ ਪਿਆਰੀ।।
'ਰਿਸ਼ੀ' ਫੁੱਲਾਂ ਦੇ ਨਾਲ ਕਰੀਏ 'ਪ੍ਰੀਤ', ਖਿੜ-ਖਿੜ ਹੱਸੀਏ ਫੁੱਲਾਂ ਵਾਂਗੂੰ।
ਨਫਰਤ ਕੱਢ ਕੇ ਦਿਲਾਂ ਦੇ ਵਿੱਚੋਂ, ਖੁਸ਼ੀਆਂ ਵੰਡੀਏ ਫੁੱਲਾਂ ਵਾਂਗੂੰ।।

00

ਵੇ ਬਾਬਲਾ! ਧੀਆਂ ਕਿਉਂ ਵਿਆਹੀਆਂ ਪ੍ਰਦੇਸ?

ਵੇ ਬਾਬਲਾ! ਧੀਆਂ ਕਿਉਂ ਵਿਆਹੀਆਂ ਪ੍ਰਦੇਸ?
ਨੀ ਅੰਮੀਏ! ਧੀਆਂ ਕਿਉਂ ਵਿਆਹੀਆਂ ਪ੍ਰਦੇਸ?
ਨਾ ਧੀਆਂ ਜਾ ਸਕਣ ਪੇਕੇ, ਨਾ ਪੇਕੇ ਧੀਆਂ ਕੋਲ ਆ ਸਕਦੇ।
ਤੜਪ ਹੁੰਦੀ ਹੈ ਦੋਵੇਂ ਪਾਸੇ, ਨਾ ਦੁੱਖ-ਸੁੱਖ ਦੋਵੇਂ ਸੁਣਾ ਸਕਦੇ।
ਵਾਟ ਲੰਮੇਰੀ, ਲੰਮੇ ਪੈਂਡੇ, ਰਹਿ ਗਏ ਦੂਰ ਨੇ ਦੇਸ-
ਵੇ ਬਾਬਲਾ! ਧੀਆਂ ਕਿਉਂ ਵਿਆਹੀਆਂ ਪ੍ਰਦੇਸ-

ਹਾਲ ਦਿਲਾਂ ਦੇ ਕੋਈ ਨਾ ਪੁੱਛੇ, ਨਾ ਕੋਈ ਆਪਣਾ ਹਾਲ ਸੁਣਾਵੇ।
ਹੰਝੂ ਵਗਦੇ ਕੋਈ ਨਾ ਪੂੰਝੇ, ਨਾ ਕੋਈ ਸੁਨੇਹਾ ਲੈ ਕੇ ਜਾਵੇ।
ਕੀ ਮੈਂ ਦੱਸਾਂ! ਹਾਲ ਦਿਲਾਂ ਦੇ, ਬੈਠੀ ਹਾਂ ਵਿੱਚ ਵਿਦੇਸ਼
ਵੇ ਬਾਬਲਾ! ਧੀਆਂ ਕਿਉਂ ਵਿਆਹੀਆਂ ਪ੍ਰਦੇਸ-

ਚਿੱਠੀ ਲਿਖਣ ਦਾ ਵਕਤ ਨਾ ਲੱਗੇ, ਓਵਰਟਾਈਮ ਕੰਮਾਂ ਤੇ ਲੱਗੇ।
ਦਿਨ ਬੀਤਦਿਆਂ ਪਤਾ ਨਹੀਂ ਲੱਗਦਾ, ਨਾ ਹੀ ਸਾਲਾਂ ਦਾ ਪਤਾ ਲੱਗੇ।
ਸੱਚੀ ਗੱਲ ਹੈ ਝੂਠ ਨਹੀਂ ਕੋਈ, ਮੈਂ ਫਸ ਗਈ ਵਿੱਚ ਪ੍ਰਦੇਸ-
ਵੇ ਬਾਬਲਾ! ਧੀਆਂ ਕਿਉਂ ਵਿਆਹੀਆਂ ਪ੍ਰਦੇਸ-

ਨਾ ਕੋਈ ਆਪਣਾ ਬਣਦੈ ਏਥੇ, ਨਾ ਆਪਣਾ ਆਪਣੇ ਵੱਲ ਵੇਖੇ।
ਕੰਮਾਂ ਲਈ ਬੱਸ ਦੌੜ ਲੱਗੀ ਹੈ, ਹਰ ਕੋਈ ਘੜੀਆਂ ਦੇ ਵੱਲ ਵੇਖੇ।
ਫਿਰ ਵੀ ਖਰਚ ਨਾ ਹੁੰਦੇ ਪੂਰੇ, ਏਨੇ ਮਹਿੰਗੇ ਇਹ ਦੇਸ਼-
ਵੇ ਬਾਬਲਾ! ਧੀਆਂ ਕਿਉਂ ਵਿਆਹੀਆਂ ਪ੍ਰਦੇਸ-

ਆਪਣੇ ਦੇਸ਼ ਦੀ ਅੱਧੀ ਚੰਗੀ, ਕੱਟ ਲੈਂਦੀ ਮੈਂ ਬਾਬਲਾ ਤੰਗੀ।
ਦੁੱਖ ਸੁੱਖ ਦੇ ਵਿੱਚ ਸ਼ਾਮਲ ਹੁੰਦੀ, ਸੁਬਾਹ-ਸ਼ਾਮ ਨਾ ਰੋਂਦੀ ਹੁੰਦੀ।
ਆਪਣਾ ਦੇਸ਼ ਤੇ ਆਪਣਾ ਹੀ ਹੁੰਦੈ, ਏਹੀਉ 'ਰਿਸ਼ੀ' ਮੇਰਾ ਸੰਦੇਸ਼।
ਵੇ ਬਾਬਲਾ! ਧੀਆਂ ਕਿਉਂ ਵਿਆਹੀਆਂ ਪ੍ਰਦੇਸ-

00

ਨਿੱਕੀ ਜੇਹੀ ਧੀ ਸਾਡੀ!

ਨਿੱਕੀ ਜਿਹੀ ਧੀ ਸਾਡੀ, ਅੱਜ ਕਿੱਡੀ ਵੱਡੀ ਹੋ ਗਈ।।
ਗੋਦੀ ਵਿਚ ਖੇਡਦੀ ਸੀ, ਅੱਜ ਡੋਲੀ ਜੋਗੀ ਹੋ ਗਈ।

ਕੱਲ ਦੀ ਇਹ ਗੱਲ, ਜਦੋਂ ਸਾਡੇ ਵੇਹੜੇ ਆਈ ਸੀ।।
ਰਿਸ਼ੀ ਤੇ ਪ੍ਰੀਤ ਲਈ, ਲੱਖਾਂ ਖੁਸ਼ੀਆਂ ਲਿਆਈ ਸੀ।।
ਪਤਾ ਵੀ ਨਾ ਲੱਗਾ ਕਦੋਂ ਕੋਠੇ ਜਿੱਡੀ ਹੋ ਗਈ।।
ਨਿੱਕੀ ਜਿਹੀ ਧੀ ਸਾਡੀ, ਅੱਜ ਕਿੱਡੀ ਵੱਡੀ ਹੋ ਗਈ।।

ਪਾਇਆ ਸੀ ਸਕੂਲ ਤੈਨੂੰ, ਚਾਈਂ ਚਾਈਂ ਦੋਹਾਂ ਅਸੀਂ।।
ਤੇਰੇ ਸਾਰੇ ਕੈਦਿਆਂ ਤੇ, ਲਿਖਿਆ ਸੀ ਨਾਮ ਅਸੀਂ।।
ਪਾਸ ਕਰ ਗਈ ਸਕੂਲ, ਯੂਨੀਵਰਸਿਟੀ ਵੀ ਹੋ ਗਈ।।
ਨਿੱਕੀ ਜਿਹੀ ਧੀ ਸਾਡੀ, ਅੱਜ ਕਿੱਡੀ ਵੱਡੀ ਹੋ ਗਈ।।

ਤੂੰ ਗੁੱਡੀਆਂ ਪਟੋਲੇ ਖੇਡੀ, ਖੇਡੀ ਚੋਰ ਸਿਪਾਹੀ ਤੂੰ।।
ਪਿੱਛੇ ਪਿੱਛੇ ਅਸੀਂ ਦੌੜੇ, ਅੱਗੇ ਅੱਗੇ ਦੌੜੀ ਤੂੰ।
ਅੱਜ ਸਾਡੀ ਧੀ ਰਾਣੀ ਵਿਆਹੁਣ ਜੋਗੀ ਹੋ ਗਈ।।
ਨਿੱਕੀ ਜਿਹੀ ਧੀ ਸਾਡੀ, ਅੱਜ ਕਿੱਡੀ ਵੱਡੀ ਹੋ ਗਈ।।

ਭੈਣ ਤੇ ਵੀਰਿਆਂ ਦੀ, ਭੈਣ ਸੀ ਤੂੰ ਸਾਡੀ ਲਾਡਲੀ।।
ਸਖੀਆਂ ਤੇ ਸਹੇਲੀਆਂ ਦੀ, ਸਖੀ ਸੀ ਤੂੰ ਸਾਡੀ ਲਾਡਲੀ।।
ਅੱਜ ਸਹੁਰਿਆਂ ਦੇ ਰਿਸ਼ਤੇ, ਨਿਭਾਉਣ ਜੋਗੀ ਹੋ ਗਈ।।
ਨਿੱਕੀ ਜਿਹੀ ਧੀ ਸਾਡੀ, ਅੱਜ ਕਿੱਡੀ ਵੱਡੀ ਹੋ ਗਈ।।

ਪਰਿਵਾਰ ਦੇ ਰਿਹੈ ਅਸੀਸਾਂ, ਤੱਤੀ ਵਾ ਨਾ ਲੱਗੇ ਤੈਨੂੰ।।
ਘਰ ਸਹੁਰਿਆਂ ਦੇ ਚੱਲੀ, ਢੇਰ ਸਾਰਾ ਪਿਆਰ ਮਿਲੇ ਤੈਨੂੰ।।
ਹਸਾਉਂਦੀ ਸੀ ਤੂੰ ਸਾਨੂੰ, ਅੱਜ ਅੱਖ ਨਮ ਹੋ ਗਈ।।
ਨਿੱਕੀ ਜਿਹੀ ਧੀ ਸਾਡੀ, ਅੱਜ ਕਿੱਡੀ ਵੱਡੀ ਹੋ ਗਈ।।

00

ਕੁਝ ਕੁ ਸਵਾਲ!

ਦੁਨੀਆਂ ਛੱਡਣ ਤੋਂ ਪਹਿਲਾਂ ਮਾਂਏ, ਕੁਝ ਕੁ ਸਵਾਲ ਹਾਂ ਕਰਨ ਲੱਗੀ।
ਕੁੱਝ ਪੁੱਛੂਗੀ ਕੁਝ ਦੱਸੂਗੀ, ਦਿਲ ਦਾ ਭਾਰ ਹੌਲਾ ਹਾਂ ਕਰਨ ਲੱਗੀ।
ਬੋਝ ਲੈ ਕੇ ਨਹੀਂ ਜਾਣਾ ਚਾਹੁੰਦੀ, ਏਸੇ ਲਈ ਤੈਨੂੰ ਹਾਂ ਪੁੱਛਣ ਲੱਗੀ।
ਮਾਵਾਂ ਧੀਆਂ ਦਾ ਕਾਹਦਾ ਓਹਲਾ, ਸੱਚ ਸੱਚ ਦੱਸੀਂ ਮੈਂ ਹਾਂ ਤੁਰਨ ਲੱਗੀ।
ਦੱਸ ਕੀ ਤੇਰੀ ਮਜ਼ਬੂਰੀ ਮਾਏ, ਮਗਰ ਹੋਰਾਂ ਦੇ ਕਿਉਂ ਤੂੰ ਲੱਗੀ।
ਕਿਉਂ ਨਾ ਸਮਝ ਤੂੰ ਵਰਤੀ ਆਪਣੀ, ਮਗਰ ਪਤੀ ਦੇ ਕਿਉਂ ਤੂੰ ਲੱਗੀ।
ਦਿਲ ਦੇ ਵਿਚ ਵਸਾ ਲੈ ਮੈਨੂੰ, ਦਿਲ ਤੋਂ ਦੂਰ ਕਿਉਂ ਕਰਨ ਤੂੰ ਲੱਗੀ।
ਤੂੰ ਤੇ ਪਿਆਰ ਦੀ ਮੂਰਤ ਮਾਏ, ਕਿਉਂ ਮੈਨੂੰ ਪਿੱਠ ਵਿਖਾਉਣ ਤੂੰ ਲੱਗੀ।
ਮੋਮ ਦੀ ਤਰ੍ਹਾਂ ਪਿਘਲ ਸੀ ਜਾਂਦੀ, ਕਿਉਂ ਪੱਥਰ ਬਣ ਵਿਖਾਉਣ ਤੂੰ ਲੱਗੀ।
ਪੀਂਘ ਝੁਟਾਉਣੀ ਸੀ ਪਿਆਰ ਦੀ ਮੈਨੂੰ, ਕਿਉਂ ਆਸਮਾਨ ਤੋਂ ਹੇਠਾਂ ਗਿਰਾਉਣ ਤੂੰ ਲੱਗੀ।
ਸਹੇਲੀ ਮੇਰੀ ਬਣਨਾ ਸੀ ਪੱਕੀ, ਕਿਉਂ ਦੁਸ਼ਮਣ ਬਣ ਵਿਖਾਉਣ ਤੂੰ ਲੱਗੀ।
ਆਪਣੀ ਜਿੰਦਗੀ ਸੋਹਣੀ ਕੱਟ ਲਈ ਮਾਏ, ਕਿਉਂ ਜਿੰਦਗੀ ਮੇਰੀ, ਲੈਣ ਤੂੰ ਲੱਗੀ।
ਤੂੰ ਵੀ ਤੇ ਕਿਸੇ ਦੀ ਧੀ ਸੀ ਹੁੰਦੀ, ਕਿਉਂ ਧੀ ਨੂੰ ਗਲੋ ਲਾਹੁਣ ਤੂੰ ਲੱਗੀ।
ਕਲੀਆਂ ਤੋਂ ਵੱਧ ਕੋਮਲ ਹਾਂ ਮੈਂ, ਕਿਉਂ ਡਾਲੀ ਨਾਲੋਂ ਤੋੜਨ ਤੂੰ ਲੱਗੀ।
ਤੇਰੇ ਹੀ ਜ਼ਿਗਰ ਦਾ ਟੁਕੜਾ ਹਾਂ ਮੈਂ, ਕਿਉਂ ਆਪਣੇ ਨਾਲੋਂ ਵਿਛੋੜਨ ਤੂੰ ਲੱਗੀ।
ਬੇਝਿਝਕ ਹੋ ਕੇ ਦਸ ਮੈਨੂੰ ਮਾਏ, ਕੇਹਦੇ ਦਬਾਅ ਦੇ ਹੇਠ ਇਹ ਕਰਨ ਤੂੰ ਲੱਗੀ।
ਜਨਮ ਤੋਂ ਪਹਿਲਾਂ ਮਾਰ ਕੇ ਮੈਨੂੰ, ਜਿਊਣ ਦਾ ਹੱਕ ਕਿਉਂ ਖੋਹਣ ਤੂੰ ਲੱਗੀ।
ਔਰਤ ਏਨੀ ਵੀ ਕਮਜ਼ੋਰ ਨਹੀਂ ਹੈ, ਕਮਜ਼ੋਰ ਕਿਉਂ ਮਾਏ ਬਣਨ ਤੂੰ ਲੱਗੀ।
ਔਰਤ ਦੀ ਕਮਜ਼ੋਰੀ ਦਾ ਫਾਇਦਾ ਚੁੱਕ ਕੇ, ਦੁਨੀਆਂ ਧੀਆਂ ਦੇ ਘਾਣ ਵਿਚ ਲੱਗੀ।
ਦਮ ਰੱਖ ਮਾਏ ਬਣ ਜਾ ਸ਼ੇਰਨੀ, ਅਣਜੰਮੀ ਧੀ ਕਹਿਣ ਤੈਨੂੰ ਲੱਗੀ।
ਕਰਕੇ ਹੌਸਲਾ ਜਨਮ ਦੇਹ ਮੈਨੂੰ, ਗੋਲੀ ਨਹੀਂ ਕੋਈ ਚੱਲਣ ਲੱਗੀ।
ਸਵਾਲ ਮੈਂ ਤੈਥੋਂ ਪੁੱਛ ਲਏ ਮਾਏ, ਹੁਣ ਸਾਹ ਆਖਰੀ ਲੈਣ ਹਾਂ ਲੱਗੀ।
ਤੂੰ ਤੇ ਚੁੱਪ ਵੱਟੀ ਹੈ ਬੈਠੀ, ਲਗਦੈ ਜਵਾਬ ਨਾ ਕੋਈ ਵੀ ਦੇਣ ਤੂੰ ਲੱਗੀ।
ਖੈਰ! ਖੁਸ਼ ਰਹਿਓ ਤੁਸੀਂ ਮੇਰੇ ਮਗਰੋਂ, 'ਰਿਸ਼ੀ' ਸਦਾ ਦੀ ਨੀਂਦ ਸੌਣ ਹੈ ਲੱਗੀ।
ਯਾਦ ਕਰੋਗੇ ਤੁਸੀਂ ਵੀ ਮੈਨੂੰ, ਪਰ ਮੁੜਕੇ ਕਦੀ ਮੈਂ ਆਉਣ ਨਹੀਂ ਲੱਗੀ।
– ਪਰ ਮੁੜਕੇ ਕਦੀ ਮੈਂ ਆਉਣ ਨਹੀਂ ਲੱਗੀ–

00

ਮੁਬਾਰਕ! ਜਨਮ ਦਿਨ ਖਾਲਸੇ ਦਾ

ਖ਼ਾਲਸਾ ਹੈ ਦਸ਼ਮੇਸ਼ ਪਿਤਾ ਦਾ, ਦਸ਼ਮੇਸ਼ ਪਿਤਾ ਖ਼ਾਲਸੇ ਦਾ।
ਜਦੋਂ ਜ਼ੁਲਮ ਦੀ ਚੱਲੀ ਹਨ੍ਹੇਰੀ, ਹੋਇਆ ਪ੍ਰਵੇਸ਼ ਖਾਲਸੇ ਦਾ।।
ਕੋਈ ਨਹੀਂ ਹੈ ਸਾਨੀ ਜੱਗ 'ਤੇ ਏਸ ਖ਼ਾਲਸੇ ਦਾ।
ਹਰ ਇਕ ਦੇਸ਼ ਹੈ ਬਣਿਆ ਅੱਜਕਲ ਦੇਸ਼ ਖ਼ਾਲਸੇ ਦਾ।
ਵੇਖੋ! ਲਾਜਵਾਬ ਅਤੇ ਬੇਮਿਸਾਲ ਹੈ ਤੇਜ ਖ਼ਾਲਸੇ ਦਾ
ਖ਼ਾਲਸਾ ਹੈ ਦਸ਼ਮੇਸ਼ ਪਿਤਾ ਦਾ.....

ਸਵਾ ਲੱਖ ਨਾਲ ਇਕ ਲੜਾਕੇ, ਮੁਗਲਾਂ ਦੀ ਫੌਜ ਹਰਾਈ।
ਫ਼ਰਕ ਨਾ ਕੀਤਾ ਨਾਲ ਕਾਫਰਾਂ, ਜਖ਼ਮਾਂ ਉਤੇ ਮੱਲ੍ਹਮ ਲਾਈ।
ਜੁਲਮ ਨਾ ਕਰੀਏ, ਜੁਲਮ ਨਾ ਸਹੀਏ, ਏਹੀਓ ਸੰਦੇਸ਼ ਖ਼ਾਲਸੇ ਦਾ।
ਖ਼ਾਲਸਾ ਹੈ ਦਸ਼ਮੇਸ਼ ਪਿਤਾ ਦਾ.....

ਵੈਰ ਵਿਰੋਧ ਨਾ ਕਦੀ ਕਮਾਉਂਦੇ, ਪ੍ਰੇਮ ਨਾਲ ਮਿਲ ਬਹਿੰਦੇ।
ਸੇਵਾ ਮਾਨਵਤਾ ਦੀ ਕਰਦੇ ਤਨ ਮਨ ਧੰਨ ਨਾਲ ਰਹਿੰਦੇ।
ਸਭੇ ਧਰਮਾਂ ਦੀ ਰਾਖੀ ਕਰਨਾ, ਹੈ ਧਰਮ ਖ਼ਾਲਸੇ ਦਾ।
ਖ਼ਾਲਸਾ ਹੈ ਦਸ਼ਮੇਸ਼ ਪਿਤਾ ਦਾ.....

ਢਾਉਣ ਵਾਲੇ ਤੁਰ ਗਏ ਜੱਗੋਂ, ਏਹਦਾ ਵਾਲ ਨਾ ਵਿੰਗਾ ਹੋਇਆ।
ਚੜ੍ਹਦੀ ਕਲਾ ਵਿੱਚ ਰਿਹੈ ਖ਼ਾਲਸਾ, ਸਦਾ ਰਹੇਗਾ ਨਵਾਂ ਨਰੋਆ।
ਬਸ ਪੰਜ ਕੱਕਿਆਂ ਦਾ ਰਹੇ ਧਾਰਨੀ, ਏਹੀਓ ਭੇਸ ਖਾਲਸੇ ਦਾ।
ਖ਼ਾਲਸਾ ਹੈ ਦਸ਼ਮੇਸ਼ ਪਿਤਾ ਦਾ.....

ਬਾਣੀ ਨਾਲ ਜੁੜਿਆ ਰਹੇ ਹਮੇਸ਼ਾ, ਏਹੀਓ ਅਸਲੀ ਹੈ ਬੰਦਗੀ।
ਨਸ਼ਿਆਂ ਅਤੇ ਭਰਮਾਂ ਵਿੱਚ ਪੈ ਕੇ, ਨਾ ਬਰਬਾਦ ਕਰੇ ਇਹ ਜ਼ਿੰਦਗੀ।
ਅੱਜ ਪ੍ਰਣ ਲਈਏ 'ਰਿਸ਼ੀ' ਮਿਲਕੇ ਸਾਰੇ, ਮੁਬਾਰਕ! ਜਨਮ ਦਿਨ ਖ਼ਾਲਸੇ ਦਾ।
ਖ਼ਾਲਸਾ ਹੈ ਦਸ਼ਮੇਸ਼ ਪਿਤਾ ਦਾ.....

00

ਖਿੱਚ

ਧੀਆਂ ਪੁੱਤਰਾਂ ਬਾਝ ਨਾ ਸੋਹਣ ਮਾਪੇ,
ਹਰ ਪਲ ਸੁੱਖ ਉਹ ਉਹਨਾਂ ਦੀ ਲੋੜਦੇ ਨੇ।।
ਦੁਨੀਆ ਵਿਚ ਰਹਿ ਜਾਵੇ ਨਿਸ਼ਾਨ ਸਾਡਾ,
ਦੋਵੇਂ ਵੇਲੇ ਉਹ ਹੱਥ ਵਿਚ ਜੋੜਦੇ ਨੇ।।
ਧੀਆਂ ਪੁੱਤਰ ਵੀ ਹੁੰਦੇ ਨੇ ਨੇਕ ਵੇਖੇ,
ਦਿਲ ਦੇ ਨੇੜੇ ਸਦਾ ਮਾਪਿਆਂ ਨੂੰ ਰੱਖਦੇ ਨੇ।।
ਜਾਨ ਵਾਰਨ ਲਈ ਸਦਾ ਤਿਆਰ ਰਹਿੰਦੇ,
ਕਹਿਣ ਮਾਪੇ ਨਾ ਜੱਗ ਤੇ ਲੱਭਦੇ ਨੇ।।
ਇਕ ਦੂਜੇ ਤੇ ਜਿੰਦ ਉਹ ਵਾਰ ਦਿੰਦੇ,
ਅੱਖਾਂ ਤੋਂ ਦੂਰ ਨਾ ਉਹ ਰਹਿ ਸਕਦੇ ਨੇ।।
ਰਿਸ਼ਤੇ ਕਿਵੇਂ ਨਿਭਾਉਣੇ ਨੇ ਉਨ੍ਹਾਂ ਹੁੰਦੇ,
ਨਿੱਕੀ ਨਿੱਕੀ ਗੱਲ ਦਾ ਖਿਆਲ ਉਹ ਰੱਖਦੇ ਨੇ।।
ਬੁਝ ਲੈਦੇ ਨੇ ਦਿਲਾਂ ਦੀਆਂ ਚਿਹਰਿਆਂ ਤੋਂ,
ਤੁਸੀਂ ਕੁਦਰਤ ਦਾ ਇਹ ਕਮਾਲ ਵੇਖੋ।।
ਦਿਲ ਦੀਆਂ ਤਾਰਾਂ ਨੇ ਖੜਕਦੀਆਂ ਹਰ ਵੇਲੇ,
ਜ਼ਿੰਦਗੀ ਭਰ ਉਹ ਰਹਿੰਦੇ ਨੇ ਨਾਲ ਵੇਖੋ।।
ਦੋਹਾਂ ਪਾਸਿਆਂ ਤੋਂ ਹੁੰਦੀ ਹੈ ਖਿੱਚ ਜਿੱਥੇ,
ਪਰਿਵਾਰ ਰਹਿੰਦੇ ਨੇ ਸੁਖੀ ਸੰਸਾਰ ਉਤੇ।।
ਕੱਟ ਲੈਦੇ ਨੇ ਸੁੱਖ-ਦੁੱਖ ਰਲ ਮਿਲ ਕੇ ਤੇ,
ਕਮੀ ਰਹਿੰਦੀ ਨਾ ਕੋਈ ਸੰਸਾਰ 'ਤੇ।।
'ਰਿਸ਼ੀ' ਭਾਗਾਂ ਵਾਲੇ ਉਹ ਪਰਿਵਾਰ ਹੁੰਦੇ,
ਇੱਜ਼ਤ ਪਿਆਰ ਨਾਲ ਜ਼ਿੰਦਗੀ ਜੋ ਕੱਟਦੇ ਨੇ।।
ਰੱਖਣ ਦਿਲ ਦੇ ਵਿਚ ਨਾ ਲਕੋ ਕੋਈ,
ਹਾਲ ਖੋਲ੍ਹ ਕੇ ਦਿਲਾਂ ਦਾ ਦਸਦੇ ਨੇ।।

00

ਅਠਾਈ ਸਾਲ

ਗੱਲ ਹੈ ਇਹ, ਜੂਨ ਚੁਰਾਸੀ ਦੀ,
ਹਰਿਮੰਦਿਰ ਸਾਹਿਬ ਤੇ, ਹਮਲਾ ਹੋਇਆ।
ਦੇਖ-ਸੁਣ ਕੇ ਕਹਾਣੀ ਦਰਦ ਭਰੀ,
ਹਰ ਅੱਖ ਰੋਈ, ਹਰ ਦਿਲ ਰੋਇਆ।।

ਪਾਕੇ ਜੁੱਤੀਆਂ ਅਤੇ ਜੋੜੇ,
ਫੌਜਾਂ ਹਰਿਮੰਦਿਰ ਦੇ ਵਿਚ ਵੜੀਆਂ ਸੀ।
ਉਨ੍ਹਾਂ ਦਾਗ਼ ਦਿੱਤੇ ਤੋਪਾਂ ਅਤੇ ਗੋਲੇ,
ਤਲਵਾਰਾਂ ਵੀ ਚੱਲ ਪਈਆਂ ਸੀ।।
ਗੱਲ ਹੈ ਇਹ ਜੂਨ ਚੁਰਾਸੀ ਦੀ...

ਭੋਲੀ ਭਾਲੀ ਫਿਰ ਸੰਗਤ ਉੱਤੇ,
ਪ੍ਰਹਾਰ ਸੀ ਉਹਨਾਂ ਕਰ ਦਿੱਤਾ।
ਜਲ ਦੇ ਪਵਿੱਤਰ ਸਰੋਵਰ ਨੂੰ,
ਲਾਸ਼ਾਂ ਦੇ ਨਾਲ ਸੀ ਭਰ ਦਿੱਤਾ...
ਗੱਲ ਹੈ ਇਹ ਜੂਨ ਚੁਰਾਸੀ ਦੀ...

ਅਕਾਲ ਤਖ਼ਤ ਨੂੰ ਢਾਹ ਕੇ ਤੇ,
ਮਿੱਟੀ ਦਾ ਢੇਰ ਬਣਾ ਦਿੱਤਾ।
ਸਾਂਭੇ ਹੋਏ ਸ਼ਸਤਰ ਸੀ ਜਿਹੜੇ,
ਉਹਨਾਂ ਨੂੰ ਵੀ ਤਬਾਹ ਕਰਵਾ ਦਿੱਤਾ...
ਗੱਲ ਹੈ ਇਹ ਜੂਨ ਚੁਰਾਸੀ ਦੀ...

ਕਰਫਿਊ ਲੱਗ ਗਏ ਸੀ ਸਾਰੇ ਪਾਸੇ,
ਬਜ਼ਾਰ ਸੀ ਹੋ ਵੀਰਾਨ ਗਏ।
ਭੋਲੇ ਭਾਲੇ ਲੋਗ ਜੋ ਦਿਸਦੇ ਸੀ,
ਬਣ ਸੀ ਉਹ ਵੀ ਸ਼ੈਤਾਨ ਗਏ...

ਗੱਲ ਹੈ ਇਹ ਜੂਨ ਚੁਰਾਸੀ ਦੀ...
ਦਿਲ ਵੀ ਲੰਘੇ ਅਤੇ ਸਾਲ ਲੰਘੇ,
ਅਠਾਈਆਂ ਸਾਲਾਂ ਦੀ ਗੱਲ ਹੋਈ।
ਪਰ ਜ਼ਖ਼ਮ ਦਿਲਾਂ ਦੇ ਅੱਲੇ ਨੇ,
ਅੱਜ ਫਿਰ ਤੋਂ ਹੈ ਖ਼ਲਕਤ ਰੋਈ...
ਗੱਲ ਹੈ ਇਹ ਜੂਨ ਚੁਰਾਸੀ ਦੀ...

ਅਰਦਾਸ ਕਰੇ 'ਰਿਸ਼ੀ' ਰੱਬ ਮੋਹਰੇ,
ਮੁੜ ਕੇ ਨਾ ਐਸਾ ਹਾਲ ਹੋਵੇ।
ਦਰਸ਼ਨ ਕਰਕੇ ਹਰਿਮੰਦਿਰ ਦੇ।
ਹਰ ਇੱਕ ਪ੍ਰਾਣੀ ਨਿਹਾਲ ਹੋਵੇ...
ਸਾਰੀ ਸੰਗਤ ਨਿਹਾਲ ਹੋਵੇ...
ਗੱਲ ਹੈ ਇਹ ਜੂਨ ਚੁਰਾਸੀ ਦੀ...

00

ਸਰਦਾਰ ਊਧਮ ਸਿੰਘ ਜੀ ਸ਼ਹੀਦ

ਨਾ ਉਹ ਸੁਨਾਮ ਦਾ ਪੁੱਤਰ ਸੀ, ਨਾ ਪੰਜਾਬ ਦੇ ਪੁੱਤਰ ਸੀ,
ਊਧਮ ਸਿੰਘ ਸੀ ਸ਼ੇਰ, ਪੂਰੇ ਹਿੰਦੁਸਤਾਨ ਦੇ ਪੁੱਤਰ ਸੀ।
ਮਾਪੇ ਸੀ ਗੁਜ਼ਰ ਗਏ, ਉਹਨਾ ਦੇ ਬਚਪਨ ਵਿੱਚ,
ਦੋ ਵੀਰ ਜੋ ਰਹਿ ਗਏ ਸੀ, ਪਲੇ ਬੜੇ ਅੰਮ੍ਰਿਤਸਰ ਵਿੱਚ।
ਨਾਂ ਸ਼ੇਰ ਸਿੰਘ ਸੀ ਊਧਮ ਦਾ, ਪਹਿਲਾਂ ਮਾਪਿਆਂ ਜੋ ਸੀ ਰੱਖਿਆ,
ਸਕੂਲੇ ਸੀ ਜਦੋਂ ਪਾਇਆ, ਉਹਨਾਂ ਊਧਮ ਸੀ ਰੱਖਿਆ।
ਅੱਖੀਂ ਉਹਨੇ ਡਿੱਠਾ ਸੀ, ਜੋ ਹਾਲ ਡਾਇਰ ਕੀਤਾ,
ਜਲ੍ਹਿਆਂ ਵਾਲੇ ਬਾਗ਼ ਦੇ ਵਿੱਚ, ਫਾਇਰ ਸੀ ਜੋ ਕੀਤਾ।
1919 ਦੀ ਵਿਸਾਖੀ ਨੂੰ, ਭਾਰਾ ਸੀ ਇਕੱਠ ਹੋਇਆ,
ਦਰਵਾਜ਼ਾ ਵੀ ਇੱਕੋ ਸੀ, ਲੋਕਾਂ ਤੋਂ ਨੱਠ ਵੀ ਨਾ ਹੋਇਆ।
ਕਈਆਂ ਨੇ ਛਾਲ ਮਾਰੀ, ਤੇ ਖੂਹ ਵਿੱਚ ਡਿੱਗੇ ਸੀ,
ਐਸੀ ਭਾਜੜ ਸੀ ਪਈ, ਕਈ ਭੀੜ ਨੇ ਮਿੱਧੇ ਸੀ।
ਦਿਲ ਦੇ ਵਿੱਚ ਵੱਸ ਗਿਆ ਸੀ, ਊਧਮ ਸਿੰਘ ਦੇ ਇਹ ਸਾਰਾ।
ਉਹ ਸੋਚੀਂ ਪੈ ਗਿਆ ਸੀ, ਡਾਇਰ ਨੂੰ ਕਿੰਝ ਮਾਰਾਂ।
ਬੜਾ ਦੇਸ਼ ਭਗਤ ਸੀ ਉਹ, ਪਿਆਰ ਉਹ ਦੇਸ਼ ਨੂੰ ਕਰਦਾ ਸੀ,
ਸ਼ਹੀਦ ਭਗਤ ਸਿੰਘ ਦੀ, ਗੁਰੂ ਵਾਂਗ ਪੂਜਾ ਕਰਦਾ ਸੀ।
ਵੀਹਾਂ ਵਰ੍ਹਿਆਂ ਦਾ ਹੋਇਆ, ਅਮਰੀਕਾ ਪਹੁੰਚ ਗਿਆ,
ਜਦ ਜਾਣ ਲੱਗਿਆ ਇੰਡੀਆ ਰਿਵਾਲਵਰ ਵੀ ਸੀ ਲੈ ਗਿਆ।
ਆਖ਼ਿਰ ਨੂੰ ਪਹੁੰਚ ਗਿਆ, ਉਹ ਲੰਡਨ ਸੀ ਜਾ ਕੇ,
ਜਿੱਥੋਂ ਲੈਣਾ ਬਦਲਾ ਸੀ, ਉੱਥੇ ਸਾਹ ਲਿਆ ਜਾ ਕੇ।
ਕਾਕਸਟਨ ਹਾਲ ਦੇ ਵਿੱਚ, ਹੋਇਆ ਸੀ ਇਕੱਠ ਭਾਰਾ,
ਸ਼ੇਰ ਊਧਮ ਨੇ ਮਾਰਿਆ, ਜਾਂਦੇ ਨੇ ਸੀ ਲਲਕਾਰਾ।
ਕਹਿੰਦਾ ਮੈਂ ਪਹੁੰਚ ਗਿਆ, ਅੱਜ ਬਦਲਾ ਲੈਣ ਲਈ,
ਕਰ ਕੇ ਸਿੱਧਾ ਫਾਇਰ, ਉਸ ਡਾਇਰ ਦੀ ਜਾਨ ਲਈ।
ਮੈਨੂੰ ਫੜ ਲਓ ਲੰਡਨ ਵਾਸੀਓ, ਹੁਣ ਲਾਉ ਨਾ ਦੇਰੀ,
ਮੇਰੇ ਦਿਲ ਠੰਡ ਅੱਜ ਪੈ ਗਈ, ਪੁਗ ਗਈ ਹੈ ਮੇਰੀ।
ਫਾਂਸੀ ਦਾ ਰੱਸਾ ਚੁੰਮ ਕੇ, ਊਧਮ ਸਿੰਘ ਸੀ ਹੱਸਦਾ,
ਕਹਿੰਦਾ ਮੈਂ ਚੱਲਿਆਂ ਹਾਂ ਜੱਗ ਤੋਂ, ਰਹੇ ਹਰ ਕੋਈ ਵੱਸਦਾ।
ਕਹਿੰਦਾ ਮੈਂ ਚੱਲਿਆਂ ਹਾਂ 'ਰਿਸ਼ੀ' ਜੱਗ ਤੋਂ, ਰਹੇ ਹਰ ਕੋਈ ਹਸਦਾ-ਵਸਦਾ।

ਪੱਗ ਹੈ ਇੱਜ਼ਤ ਹਰੇਕ ਸਿੰਘ ਦੀ

ਜਿਹਨੇ ਇਕ ਸਿੰਘ ਦੀ ਪੱਗ ਉਤਾਰੀ,
ਲਗਦੈ ਉਹਨੂੰ ਜ਼ਿੰਦਗੀ ਨਹੀਂ ਪਿਆਰੀ।
ਪੱਗ ਹੈ ਇੱਜ਼ਤ ਹਰੇਕ ਸਿੰਘ ਦੀ,
ਇਹ ਗੱਲ ਉਹਨੇ ਮਨੋ ਵਿਸਾਰੀ।।
ਇੱਜ਼ਤ ਨੂੰ ਹੱਥ ਪਾ ਕੇ ਉਹਨੇ,
ਦਸ਼ਮੇਸ਼ ਪਿਤਾ ਦੇ ਸ਼ੇਰਾਂ ਨੂੰ ਲਲਕਾਰਿਐ।
ਜੇਹੜੇ ਮਰ ਮਿਟਦੇ ਨੇ ਦੂਜਿਆਂ ਖਾਤਿਰ,
ਉਹਨਾਂ ਦੀ ਅਣਖ ਨੂੰ ਵੰਗਾਰਿਐ।।
ਪਤਾ ਨਹੀਂ ਕੀ ਸੋਚ ਕੇ ਉਹਨੇ,
ਕੀਤਾ ਇਹ ਮਾੜਾ ਕਾਰਾ ਹੋਊ।
ਰੱਬਾ! ''ਮੈਥੋਂ ਵੱਡੀ ਭੁੱਲ ਹੋ ਗਈ'',
ਮਗਰੋਂ ਪਛਤਾਉਂਦਾ ਜਰੂਰ ਵੀਚਾਰਾ ਹੋਊ।।
ਮਾਫੀ ਮੰਗ ਲਵੇ ਕੌਮ ਦੇ ਕੋਲੋਂ,
ਉਹਦੇ ਲਈ ਏਹੀਉ ਚੰਗਾ ਹੋਊ।
ਨਹੀਂ ਤੇ ਹਸ਼ਰ ਬੜਾ ਭੈੜਾ ਹੋਣੈ,
ਬੈਠਾ ਜੇਲ੍ਹ ਵਿਚ ਇਕੱਲਾ ਰੋਊ।।
'ਰਿਸ਼ੀ' ਸਬਕ ਲੈਣ ਹੋਰ ਵੀ ਲੋਕੀਂ,
ਜੇ ਉਹਨਾਂ ਦੀ ਜਾਗਦੀ ਜ਼ਮੀਰ ਹੈ।
ਪੱਗ ਨਹੀਂ ਕੋਈ ਮਾਮੂਲੀ ਜੇਹਾ ਵਸਤਰ,
ਪੱਗ ਸਿੰਘਾਂ ਦੀ ਕੀਮਤੀ ਜਗੀਰ ਹੈ।।

00

ਵੀਜ਼ਾ

ਕਿਉਂ ਲੱਕ ਬੰਨ੍ਹ ਲਿਆ ਧੀਆਂ ਨੂੰ ਮਾਰਨ ਲਈ, ਧੀਆਂ ਤੋਂ ਬਗੈਰ ਹੀ ਸਾਰਨ ਲਈ?
ਕਈ ਤੇ ਪਾਖੰਡ ਤੁਸੀਂ ਕਰਦੇ ਓ, ਪੁੱਤਰਾਂਦੀਆਂ ਦਾਤਾਂ ਪਾਵਣ ਲਈ।
''ਮੈਨੂੰ ਵੀ ਤੇ ਤੁਸੀਂ ਸੀ ਮਾਰ ਦਿੱਤਾ, ਆਪਣਾ ਤੇ ਦਿਲ ਸੀ ਠਾਰ ਲਿੱਤਾ।''
''ਮੇਰੀ ਮਾਂ ਨੂੰ ਆਪਣੇ ਪਿੱਛੇ ਲਾ, ਮਾਂ ਧੀ ਦਾ ਤੋੜ ਸੀ ਪਿਆਰ ਦਿੱਤਾ।''
''ਮੈਂ ਵੀ ਪੰਜਾਬੀ ਬੱਚੀ ਸੀ, ਭਾਵੇਂ ਉਮਰ ਦੀ ਹਾਲੇ ਕੱਚੀ ਸੀ।''
ਪਰ ਸੋਚ ਲਿਆ ਸੀ ਆਵਾਂਗੀ, ਉਸੇ ਧਰਤੀ 'ਤੇ ਪੈਰ ਟਿਕਾਵਾਂਗੀ।।
ਰੱਬ ਨੂੰ ਫਰਿਆਦ ਸੁਣਾਵਾਂਗੀ, ਉਹਦੇ ਅੱਗੇ ਤਰਲੇ ਪਾਵਾਂਗੀ।
ਮੈਨੂੰ ਵੀਜ਼ਾ ਦਿਓ, ਅਮਰੀਕਾ ਦਾ, ਉਥੇ ਅਗਲੇ ਜਨਮ ਵਿਚ ਜਾਵਾਂਗੀ
'ਉਥੇ ਨਾ ਮਾਰਨ ਧੀਆਂ ਨੂੰ, ਪੁੱਤਰਾਂ ਵਾਗੂ ਉਹ ਰੱਖਦੇ ਨੇ।
ਨਾ ਫਰਕ ਦੋਹਾਂ ਵਿਚ ਕਰੇ ਕੋਈ, ਨਾ ਹੱਕ ਧੀਆਂ ਦਾ ਰੱਖਦੇ ਨੇ।।
''ਮੈਂ ਵੀ ਤੇ ਪੜ੍ਹ ਲਿਖ ਜਾਊਂਗੀ, ਕਾਨੂੰਨ ਦੀ ਸਿੱਖਿਆ ਪਾਊਂਗੀ।
ਫਿਰ ਗੇੜਾ ਮਾਰਨ ਭਾਰਤ ਦਾ, ਇਕ ਵਾਰ ਜ਼ਰੂਰ ਮੈਂ ਆਊਂਗੀ।
ਇਕ ਇਕ ਨੂੰ ਆ ਕੇ ਵੇਖੂੰਗੀ, ਜਿਨ੍ਹਾਂ ਕਤਲ ਕੀਤਾ ਹੋਊ ਧੀਆਂ ਦਾ।
ਜਿਹੜੇ ਪੁੱਤਰਾਂ ਦਾ ਮਾਣ ਤੇ ਕਰਦੇ ਨੇ, ਅਪਮਾਨ ਕੀਤਾ ਹੋਊ ਧੀਆਂ ਦਾ।।
ਦਿਲ ਮੇਰਾ ਹੈ ਕਮਜ਼ੋਰ ਬੜਾ, ਪਰ ਜਿਗਰਾ ਤੇ ਕਰਨਾ ਪੈਣਾ ਹੈ।
ਜੇ ਪਿਆਰ ਨਾਲ ਉਹ ਨਾ ਸਮਝੇ, ਮਨ ਸਖ਼ਤ ਤੇ ਕਰਨਾ ਪੈਣਾ ਹੈ।।
ਇੰਡੀਆ ਜਾ ਕੇ ਇਹ ਸਮਝਾਊਂਗੀ,''ਧੀਆਂ ਨੂੰ ਮਾਰਨਾ ਪਾਪ ਹੁੰਦੈ।
ਕਾਨੂੰਨਣ ਇਹ ਹੈ ਜ਼ੁਰਮ ਵੱਡਾ, ਕਰਨਾ ਆਪਾਂ ਇਨਸਾਫ ਹੁੰਦਾ।
ਧੀ ਜੇ ਨਾ ਰਹੀ ਇਸ ਜਗ ਉਤੇ, ਕੋਈ ਵੀ ਨਾ ਆਉਣਾ ਜਗ ਉੱਤੇ।
ਰਿਸ਼ਤਾ ਨਾ ਬਚਣਾ ਕੋਈ ਵੀ, ਮੁੰਡੇ ਹੀ ਬਚਣਗੇ ਜਗ ਉੱਤੇ।
ਹੌਲੀ-ਹੌਲੀ ਉਹ ਵੀ ਮੁੱਕ ਜਾਣੇ, ਸ਼ਮਸ਼ਾਨ 'ਚ ਰੌਣਕ ਲੱਗ ਜਾਣੀ।।
ਸ਼ਮਸ਼ਾਨ ਵਿਚ ਥਾਂ ਵੀ ਨਹੀਂ ਲੱਭਣੀ, ਥਾਂ ਉਥੇ ਵੀ ਹੈ ਮੁੱਕ ਜਾਣੀ।
ਸ਼ਮਸ਼ਾਨ ਦੇ ਵਿੱਚੋਂ ਉਠ-ਉਠ ਕੇ, ਧੀਆਂ ਤੋਂ ਮੰਗੋਗੇ ਮਾਫੀ।
ਧੀਆਂ ਨੇ ਕਰਨਾ ਮਾਫ਼ ਨਹੀਂ, ਕਿਉਂ ਕਿ ਉਹ ਤੇ ਹੋਣੀ ਨਹੀਂ ਕਾਫ਼ੀ
ਹਰ ਧੀ ਤੇ ਕਰੂ ਸਵਾਲ ਏਹੀ?
ਪੀਤਾ ਸੀ ਦੁੱਧ ਕੇਹੜੀ ਮਾਂ ਦਾ? ਕੇਹੜੀ ਮਾਂ ਨੇ ਤੁਹਾਨੂੰ ਜਾਇਆ ਸੀ
ਮੌਤ ਦਾ ਜਾਮ ਪਿਲਾ ਮੈਨੂੰ, ਹਰ ਧੀ ਨੂੰ ਤੁਸਾਂ ਦਫਨਾਇਆ ਸੀ।
ਕੀ ਤੇ ਜਵਾਬ ਤੁਸੀਂ ਦੇਵੋਗੇ? ਕੁਝ ਵੀ ਤੇ ਬੋਲ ਨਹੀਂ ਸਕਣਾ
ਹੁਣ ਤੋਂ ਹੀ ਸੋਚ ਲਵੋ ਲੋਕੋ, ਬਿਨ ਧੀ ਦੇ ਜੀ ਨਹੀਂ ਸਕਣਾ।
'ਰਿਸ਼ੀ' ਬਿਨ ਧੀ ਦੇ ਜੀ ਨਹੀਂ ਸਕਣਾ।

ਸ਼ਹੀਦੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ

ਜ਼ੁਬਾਨ ਲੈਂਦੀ ਹੈ ਦਿੱਲੀ ਦਾ ਨਾਮ ਜਦ ਵੀ, ਚਾਂਦਨੀ ਚੌਂਕ ਵੀ ਨਾਲ ਹੀ ਯਾਦ ਆਵੇ।
ਗੁਰੂ ਤੇਗ਼ ਬਹਾਦਰ ਸਾਹਿਬ ਸੀ ਹੋਏ ਸ਼ਹੀਦ ਜਿੱਥੇ, ਸੀਸ ਗੰਜ ਦੀ ਹਮੇਸ਼ਾ ਸਾਨੂੰ ਯਾਦ ਆਵੇ।।

ਫ਼ਰਕ ਮੈਨੂੰ ਨਾ ਦੋਹਾਂ 'ਚ ਦਿਸਦਾ ਹੈ, ਔਰੰਗਜ਼ੇਬ ਹੋਇਆ ਭਾਵੇਂ ਵਜ਼ੀਰ ਖਾਨ ਹੋਇਆ।
ਵੇਲੇ ਦੇ ਹਾਕਮਾਂ ਨੇ ਕੀਤੀ ਸੀ ਬੜੀ ਮਾੜੀ, ਸ਼ਹੀਦ ਸਾਰਾ ਸੀ ਵੇਖੋ ਖ਼ਾਨਦਾਨ ਹੋਇਆ।।

ਜ਼ਾਲਮ ਮੁਗ਼ਲਾਂ ਦੀ ਸੋਚ ਸੀ ਬੜੀ ਮਾੜੀ, ਕਥਨੀ ਅਤੇ ਕਰਨੀ ਓਸ ਤੋਂ ਵੀ ਮਾੜੀ।
ਸੀਸ ਦੇ ਕੇ ਗੁਰੂ ਜੀ ਤੇ ਅਮਰ ਹੋ ਗਏ, ਪਰ ਕਿਸਮਤ ਮੁਗ਼ਲਾਂ ਦੀ ਸੀ ਬੜੀ ਮਾੜੀ।।

ਯਾਦ ਕਰਦੀ ਹੈ ਖ਼ਲਕਤ ਸ਼ਹੀਦਾਂ ਨੂੰ ਅੱਜ ਵੀ, ਮੁਗ਼ਲਾਂ ਦੀ ਮੜ੍ਹੀ 'ਤੇ ਦੀਵਾ ਨਾ ਜਗੇ ਕੋਈ।
ਨਿਸ਼ਾਨ ਉਹਨਾਂ ਦਾ ਦੁਨੀਆਂ ਵਿੱਚੋਂ ਮਿਟ ਚੁਕੈ, ਲੱਭਣ ਲੱਗਿਆਂ ਵੀ ਲੱਭੇ ਨਾ ਕਿਤੇ ਕੋਈ।।

ਰਾਜ ਪਾਠ ਦੇ ਲੋਭੀ ਉਹ ਬੜੇ ਹੈ ਸੀ, ਤੰਗ ਹਰ ਇੱਕ ਨੂੰ ਰੱਜ ਕੇ ਕਰਦੇ ਸੀ।
ਤਰਸ ਉਹਲਾਂ ਦੇ ਦਿਲਾਂ 'ਚ ਨਾ ਰਤਾ ਹੈ ਸੀ, ਆਪਣੇ ਪੁੱਤਰਾਂ ਨੂੰ ਮਰਵਾ ਉਹ ਛੱਡਦੇ ਸੀ।।

ਮਰਵਾਉਣ ਲੱਗਿਆਂ ਨਾ ਸੀ ਉਹ ਮਿੰਟ ਲਾਉਂਦੇ, ਕੰਮ ਪਾਪਾਂ ਦੇ ਸਦਾ ਉਹ ਕਰਦੇ ਸੀ।
ਕਹਿੰਦੇ, ਅਸੀਂ ਹੀ ਹਾਂ ਸਭ ਕੁਝ ਜਹਾਨ ਉੱਤੇ, ਅੱਲਾ ਤਾਲਾ ਤੋਂ ਵੀ ਨਾ ਉਹ ਡਰਦੇ ਸੀ।।

ਹਰ ਇੱਕ ਹਿੰਦੂ ਨੂੰ ਸੀ ਧਮਕਾਉਂਦੇ, ਮੱਲੋਜ਼ੋਰੀ ਸੀ ਜੰਞੂ ਲੁਹਾਉਂਦੇ।
ਅੱਜ ਕੋਈ ਵੀ ਹਿੰਦੂ ਨਹੀਂ ਸੀ ਬਚਣਾ, ਜੇ ਹਿੰਦ ਦੀ ਚਾਦਰ ਸ਼ਹੀਦੀ ਨਾ ਪਾਉਂਦੇ।।

ਕਸ਼ਮੀਰੀ ਪੰਡਿਤਾਂ ਆਣ ਫ਼ਰਿਆਦ ਕੀਤੀ, ਬਚਾ ਲਉ ਗੁਰੂ ਜੀ ਅੱਜ ਤੁਸੀਂ ਧਰਮ ਸਾਡਾ।
ਨਹੀਂ ਤਾਂ ਮਲੀਆਮੇਟ ਹੈ ਹੋ ਜਾਣਾ, ਧਰਤੀ 'ਤੇ ਬਚਣਾ ਨਹੀਉਂ ਨਿਸ਼ਾਨ ਸਾਡਾ।।

ਗੁਰੂ ਜੀ ਸੋਚ ਕੇ ਆਖਿਆ ਪੰਡਤਾਂ ਨੂੰ, ਲੋੜ ਸ਼ਹਾਦਤ ਦੀ ਪੈਣੀ ਹੈ ਏਸ ਵੇਲੇ।
ਬਚ ਸਕਦਾ ਹੈ ਧਰਮ ਤਾਹੀਉਂ ਹਿੰਦੂਆਂ ਦਾ, ਕੋਈ ਆਵੇ ਅੱਗੇ ਹੁਣ ਏਸ ਵੇਲੇ।।

ਬਾਲ ਗੋਬਿੰਦ ਸੀ ਪਿਤਾ ਜੀ ਕੋਲ ਬੈਠੇ, ਝੱਟਪਟ ਖਲੋ ਕੇ ਪਿਤਾ ਨੂੰ ਕਹਿਣ ਲੱਗੇ।
ਤੁਹਾਡੇ ਤੋਂ ਮਹਾਨ ਹੈ ਕੌਣ ਇਸ ਦੁਨੀਆਂ 'ਤੇ, ਜਿਹੜਾ ਸ਼ਹੀਦੀ ਦੇ ਮਾਰਗ 'ਤੇ ਤੁਰ ਸਕੇ।।

ਗੱਲ ਮੰਨ ਕੇ ਬਾਲ ਗੋਬਿੰਦ ਦੀ ਤੇ, ਪਿਤਾ ਤੇਗ਼ ਬਹਾਦਰ ਸ਼ਹੀਦ ਹੋਏ।
ਸ਼ਹੀਦੀ ਵੇਖ ਕੇ ਲਾਸਾਨੀ ਗੁਰੂ ਜੀ ਦੀ, ਜ਼ਾਰ-ਜ਼ਾਰ ਸੀ ਦੁਨੀਆਂ ਦੇ ਕੱਖ ਰੋਏ।।

'ਰਿਸ਼ੀ' ਸਾਡੇ ਗੁਰੂ 'ਤੇ ਹੋਏ ਸ਼ਹੀਦ ਵੇਖੋ, ਸਾਡੀ ਝੋਲੀ 'ਚ ਖੁਸ਼ੀਆਂ ਅਨੇਕ ਪਾਈਆਂ।
ਅਸੀਂ ਮਤਲਬੀ ਲੋਕ ਹਾਂ ਜਗ ਉੱਤੇ, ਜਿਨ੍ਹਾਂ ਧਰਮ ਦੇ ਨਾਂ 'ਤੇ ਵੰਡੀਆਂ ਪਾਈਆਂ।।
ਜਿਨ੍ਹਾਂ ਧਰਮ ਦੇ ਨਾਂ 'ਤੇ ਵੰਡੀਆਂ ਪਾਈਆਂ।।

00

ਲੀਡਰ

ਮਾਇਆ ਨੂੰ ਮਾਇਆ ਖਿੱਚਦੀ ਹੈ, ਇਹ ਕਹਾਵਤ ਬੜੀ ਪੁਰਾਣੀ ਹੈ।
ਹੁਣ ਤੇ ਅੱਖੀਂ ਸਭ ਨੇ ਵੇਖ ਲਿਐ, ਮਾਇਆਵਤੀ ਦੀ ਇਹੀ ਕਹਾਣੀ ਹੈ।
ਮਾਇਆ ਦੇ ਗਲ ਵਿਚ ਹਾਰ ਕਰੋੜਾਂ ਦੇ, ਨਾਗਾਂ ਤੋਂ ਵੱਧ ਦਿਸਦੇ ਮੈਨੂੰ।
ਉਹ ਫਨ ਖਿਲਾਰ ਕੇ ਵੇਖ ਰਹੇ, ਡਸਣੈ ਉਹਨਾਂ ਨੇ, ਤੈਨੂੰ ਅਤੇ ਮੈਨੂੰ।
ਕੁਝ ਲੀਡਰ ਪਹਿਲਾਂ ਹੀ ਜ਼ਹਿਰ ਦੇ ਭਰੇ ਹੁੰਦੇ, ਹੋਰ ਵੀ ਜ਼ਹਿਰੀਲੇ ਹੋ ਜਾਂਦੇ।
ਲੱਖਾਂ, ਕਰੋੜਾਂ ਰੁਪਈਆਂ ਦੇ ਹਾਰ ਜਦੋਂ, ਮੁਫਤੋ-ਮੁਫਤੀ ਗਲਾਂ ਵਿਚ ਪੈ ਜਾਂਦੇ।
ਪੈਸੇ-ਪੈਸੇ ਲਈ ਲੋਕ ਤਰਸਦੇ ਨੇ, ਪਰ ਪੈਸਾ ਨਹੀਂ ਆਉਂਦਾ ਜੇਬ੍ਹਾਂ ਵਿਚ।
ਆਉਣਾ ਵੀ ਦੱਸੋ ਕਿੱਥੋਂ ਹੋਇਆ! ਸਭ ਜਾਂਦਾ ਹੈ ਇਹਨਾਂ ਦੀਆਂ ਜੇਬ੍ਹਾਂ ਵਿਚ।
ਹਾਏ ਮਹਿੰਗਾਈ, ਹਾਏ ਮਹਿੰਗਾਈ! ਹਰ ਪਾਸੇ ਮਚੀ ਤਰਥੱਲੀ ਹੈ।
ਪਰ ਵੇਖੋ! ਇਹਨਾਂ ਲੀਡਰਾਂ ਨੂੰ, ਜਿਹਨਾਂ ਦੀ ਜੇਬ੍ਹ ਭਾਰੀ ਹੋ ਚੱਲੀ ਹੈ।
ਵੋਟਾਂ ਲੈਣ ਵੇਲੇ ਤੇ ਹੱਥ ਜੋੜਨ, ਪਰ ਤਰਸ ਨਾ ਕਰਦੇ ਲੋਕਾਂ ਉਤੇ।
ਮੈਨੂੰ ਤਰਸ ਆਉਂਦਾ ਹੈ ਭਾਰਤ ਤੇ, ਨਾਲੇ ਆਉਂਦਾ ਹੈ ਉਹਨਾਂ ਲੋਕਾਂ ਉਤੇ।
ਜੋ ਰੋਟੀ ਦੇ ਇਕ ਟੁੱਕੜੇ ਲਈ, ਕੰਮ ਕਰਦੇ ਪਏ ਮਜ਼ਦੂਰੀ ਦੇ।
ਪੱਲੇ ਫਿਰ ਵੀ ਕੁਝ ਨਹੀਓ ਪੈਂਦਾ, ਨਾ ਮਿਲਦੇ ਪੈਸੇ ਮਜ਼ਦੂਰੀ ਦੇ।
ਕੋਈ ਵੀ ਸ਼ੈਅ ਨਾ ਸਸਤੀ ਰਹਿ ਗਈ, ਲੱਕ ਤੋੜ ਦਿਤੈ ਮਹਿੰਗਾਈ ਨੇ।
ਜੋ ਰਿਸ਼ਵਤ ਖੋਰੀ ਤੇ ਮਿਲਾਵਟ ਕਰਦੇ ਨੇ, ਉਹ ਲੱਗਦੇ ਨਿਰੇ ਕਸਾਈ ਨੇ।
ਕਿੰਨੀ ਕੁ ਦੇਰ ਚੱਲੇਗਾ ਇਹ ਸਭ? ਇਹ ਤੇ ਬਸ ਦਾਤਾ ਹੀ ਜਾਣੇ।
ਪਰ ਜੋ ਕੁਝ ਵੀ ਹੋ ਰਿਹੈ, ਚੰਗਾ ਨਹੀਂ ਹੈ, ਏਨਾ ਕੁ ਤੇ 'ਰਿਸ਼ੀ' ਵੀ ਜਾਣੇ।
ਕੇਵਲ ਆਪਣੇ ਬਾਰੇ ਹੀ ਨਾ ਸੋਚੋ! ਖਿਆਲ ਕਰੋ ਕੁਝ ਜਨਤਾ ਦਾ।
ਜਿਹਨਾਂ ਵੋਟਾਂ ਦੇਕੇ ਕੁਰਸੀ ਤੇ ਬਿਠਾਇਐ, ਭਲਾ ਕਰੋ ਕੁਝ ਜਨਤਾ ਦਾ।
ਭਲਾ ਸੋਚੋ ਉਸ ਜਨਤਾ ਦਾ।

00

ਬਾਣੀ ਦਾ ਖਜ਼ਾਨਾ

ਜਨਮ ਦਿਨ ਗੁਰੂ ਨਾਨਕ ਸਾਹਿਬ ਜੀ ਦਾ, ਸਾਰੀ ਖ਼ਲਕਤ ਨੂੰ ਚੜ੍ਹੀ ਹੈ ਖੁਸ਼ੀ ਵੱਖਰੀ।
ਵੱਖਰੀ ਕੌਮ ਦੇ ਵਾਲੀ ਨੇ ਗੁਰੂ ਨਾਨਕ, ਖਾਲਸਾ ਪੰਥ ਦੀ ਵੇਖੋ ਹੈ ਸ਼ਾਨ ਵੱਖਰੀ।
ਸਿੱਖ ਧਰਮ ਹੈ ਵੱਖਰਾ ਜਹਾਨ ਉੱਤੇ, ਸਿੱਖੀ ਸਰੂਪ ਦੀ ਵੇਖੋ ਪਹਿਚਾਣ ਵੱਖਰੀ।
ਗੁਰਬਾਣੀ ਦਿੰਦੀ ਸੰਦੇਸ਼ ਹੈ ਸਾਰਿਆਂ ਨੂੰ, ਪਰ ਅਰਦਾਸ ਸਾਡੀ ਹੈ ਵੇਖੋ ਤੁਸੀਂ ਆਣ ਵੱਖਰੀ।
ਭਲਾ ਸਰਬਤ ਦਾ ਅਸੀਂ ਤੇ ਮੰਗਦੇ ਹਾਂ, ਦੇਖੋ ਸਿੱਖੀ ਦੀ ਆਨ ਤੇ ਸ਼ਾਨ ਵੱਖਰੀ।
ਗੁਰਮੁਖੀ, ਗੁਰੂਆਂ ਦੇ ਮੁੱਖ ਵਿੱਚੋਂ ਨਿੱਕਲੀ ਹੈ, ਤਾਹੀਉਂ ਪੰਜਾਬੀ ਬੋਲੀ ਹੈ, ਮਿੱਠੀ ਜ਼ੁਬਾਨ ਵੱਖਰੀ।
ਸਾਰੇ ਪ੍ਰਣ ਲੈ ਲਓ ਅੱਜ ਦੇ ਸ਼ੁੱਭ ਦਿਨ ਤੇ, ਬਚਾਉਣੀ ਆਪਾਂ ਹੈ ਇਹ ਜ਼ੁਬਾਨ ਵੱਖਰੀ।
ਵਿਰਸਾ ਸਾਂਭਣਾ ਹੈ ਜੇਕਰ ਸਾਡੇ ਬੱਚਿਆਂ ਨੇ, ਸਿੱਖਣ ਪੰਜਾਬੀ, ਨਾ ਬੋਲਣ ਜ਼ੁਬਾਨ ਵੱਖਰੀ।
ਕਲਯੁੱਗ ਦੇ ਅਵਤਾਰ ਸਤਿਗੁਰੂ ਨਾਨਕ, ਬੂਟਾ ਸਿੱਖੀ ਦਾ ਆਪ ਨੇ ਲਾ ਦਿੱਤਾ।
ਬਾਣੀ ਨਾਲ ਜੋੜ ਕੇ ਸਾਰੇ ਜੱਗ ਨੂੰ ਤੇ, ਰਾਹ ਨਵਾਂ ਨਕੋਰ ਵਿਖਾ ਦਿੱਤਾ।
ਸਾਨੀ ਕੋਈ ਨਾ ਜਹਾਨ 'ਤੇ ਆਪ ਦਾ ਹੈ, ਹਨੇਰਾ ਮਿਟਾ ਕੇ ਚਾਨਣ ਖਿਲਾਰ ਦਿੱਤਾ।
ਸੁਨੇਹਾ ਰੱਬ ਦਾ ਤੁਸੀਂ ਸੀ ਦੇਣ ਆਏ, ਤਪਦੀ ਧਰਤੀ ਦੇ ਸੀਨੇ ਨੂੰ ਠਾਰ ਦਿੱਤਾ।
ਅਕਾਲ ਪੁਰਖ ਦੇ ਨਾਮ ਨਾਲ ਜੋੜ ਕੇ ਤੇ, ਸਾਰੀ ਦੁਨੀਆਂ 'ਤੇ ਤੁਸੀਂ ਪਰਉਪਕਾਰ ਕੀਤਾ।
ਨਫ਼ਰਤ ਧਰਮ ਵਾਲੀ ਦਿਲਾਂ ਵਿੱਚੋਂ ਕੱਢਣ ਲਈ, ਬਾਲੇ, ਮਰਦਾਨੇ ਨੂੰ ਇੱਕੋ ਜਿਹਾ ਪਿਆਰ ਕੀਤਾ।
ਅਨੇਕ ਸਾਖ਼ੀਆਂ ਜੁੜੀਆਂ ਨੇ ਜੀਵਨ ਦੇ ਨਾਲ ਤੁਹਾਡੇ, ਪੜ੍ਹ ਸੁਣ ਕੇ ਏਹੀਓ ਵਿਚਾਰ ਕੀਤਾ।
ਵਹਿਮਾਂ-ਭਰਮਾਂ ਵਿੱਚੋਂ ਕੱਢ ਕੇ ਸਾਰਿਆਂ ਨੂੰ, ਨਾਮ ਬਾਣੀ ਨਾਲ ਜੁੜਨ ਦਾ ਪ੍ਰਚਾਰ ਕੀਤਾ।
ਕਿਰਤ ਕਰੀਏ ਅਤੇ ਵੰਡ ਕੇ ਛਕੀਏ ਸਾਰੇ, ਸੇਵਾ ਕਰਨ ਨੂੰ ਦਰਜਾ ਮਹਾਨ ਦਿੱਤਾ।
ਨਾਮ ਜਪਣ ਨਾਲ ਬੇੜਾ ਹੈ ਪਾਰ ਹੁੰਦਾ, ਨਾਨਕ ਨਾਮ ਦਾ ਸਾਨੂੰ ਉਪਹਾਰ ਦਿੱਤਾ।
ਔਰਤ ਜ਼ਾਤ ਨੂੰ ਤੁਸੀਂ ਸਨਮਾਨ ਦਿੱਤਾ, ਕਾਰਜ ਹਰ ਇੱਕ ਤੁਸੀਂ ਲਾਜਵਾਬ ਕੀਤਾ।
ਅਸੀਂ ਤੁਹਾਡਾ ਤੇ ਦੇਣ ਨਹੀਂ ਦੇ ਸਕਦੇ, ਜੋ ਕੁੱਝ ਤੁਸੀਂ ਵਿੱਚ ਆਣ ਜਹਾਨ ਕੀਤਾ।
'ਰਿਸ਼ੀ' 543ਵਾਂ ਜਨਮ ਦਿਨ ਮੁਬਾਰਕ ਹੈ ਆਪ ਜੀ ਨੂੰ, ਸਿਰ 'ਤੇ ਹੱਥ ਹਮੇਸ਼ਾ ਤੁਹਾਡਾ ਮੰਗਦੇ ਹਾਂ
ਝੋਲੀ ਅੱਡ ਕੇ ਬੱਚੇ ਸਭ ਆਪ ਦੇ ਅੱਜ, ਨਾਨਕ ਨਾਮ ਦੀ ਦਾਤ ਅੱਜ ਮੰਗਦੇ ਹਾਂ।
ਕਰੋ ਕ੍ਰਿਪਾ ਸਾਰੇ ਸੰਸਾਰ ਉੱਤੇ, ਚੰਗੇ ਰਾਹਾਂ ਦਾ ਕਰਨ ਚੁਨਾਵ ਸਾਰੇ।
ਧੁਰ ਕੀ ਬਾਣੀ ਦਾ ਅਨਮੋਲ ਖ਼ਜ਼ਾਨਾ ਜੋ ਤੁਸੀਂ ਦਿੱਤਾ, ਓਸੇ ਬਾਣੀ ਦਾ ਕਰਨ ਸਤਿਕਾਰ ਸਾਰੇ।
ਓਸੇ ਬਾਣੀ ਨਾਲ ਕਰਨ ਪਿਆਰ ਸਾਰੇ, ਗੁਰੂ ਨਾਨਕ ਸਾਹਿਬ ਨੂੰ ਰੱਖਣ ਯਾਦ ਸਾਰੇ।

00

ਮੋਹ

ਵੇ, ਸੱਜਣਾ! ਕਿੱਥੇ ਗਏ ਉਹ ਮੋਹ,
ਵੇ ਹਾਣੀਆ! ਕਿੱਥੇ ਗਏ ਉਹ ਮੋਹ?
ਅੱਗ ਹਰ ਇਕ ਦੇ ਦਿਲ ਵਿਚ ਹੈ ਬਲਦੀ,
ਸ਼ਾਂਤ ਨਾ ਹੁੰਦੀ ਉਹ!
ਵੇ ਸੱਜਣਾ! ਕਿੱਥੇ ਗਏ ਉਹ ਮੋਹ?

ਕੰਮ ਤੋਂ ਬਾਪੂ ਨੇ ਘਰ ਨੂੰ ਆਉਣਾ,
ਥੈਲਾ ਰਾਸ਼ਨ ਦਾ ਚੁੱਕੀ ਆਉਣਾ,
ਮਾਂ ਨੇ ਹੱਥੀਂ ਦੁੱਧ ਪਿਲਾਉਣਾ,
ਦੇ ਕੇ ਲੋਰੀ ਉਹਨੇ ਸੁਲਾਉਣਾ,
ਬੀ.ਪੀ. ਨੇ ਹੁਣ ਵੱਧ ਗਏ ਸਭ ਦੇ
ਨਾ ਕੋਈ ਖਾਵੇ ਦੁੱਧ ਤੇ ਘਿਓ!
ਵੇ ਸੱਜਣਾ.....!

ਮਾਪਿਆਂ ਦੇ ਪੈਰੀਂ ਹੱਥ ਸੀ ਲਾਉਂਦੇ,
ਭੈਣ, ਭਰਾਵਾਂ ਨੂੰ ਸੀ ਗਲ਼ ਲਾਉਂਦੇ,
ਹੱਸ ਖੇਡ ਕੇ ਝੱਟ ਲੰਘਾਉਂਦੇ,
ਦਿਲ ਦੀ ਗੱਲ ਸੀ ਬੈਠ ਸੁਣਾਉਂਦੇ,
ਪਤਾ ਨਹੀਂ ਹੁਣ ਕੀ ਛਿੱਕ ਗਈ ਬਿੱਲੀ,
ਮਨ ਵਿਚ ਰੱਖਦੇ ਨੇ ਰੋਹ।
ਵੇ ਸੱਜਣਾ.....!

ਦਾਦੀ, ਨਾਨੀ ਤੋਂ ਕਹਾਣੀ ਸੁਣਨੀ,
ਦਾਦੇ, ਨਾਨੇ ਕੋਲ ਬਹਿ ਕਿਤਾਬ ਵੀ ਪੜ੍ਹਨੀ,
ਹੁਣ ਤੇ ਪ੍ਰਵਾਹ ਨਾ ਕਰਦਾ ਕੋਈ,
ਬਜ਼ੁਰਗ ਦੀ ਸਾਰ ਨਾ ਲੈਂਦਾ ਕੋਈ,

ਕਿੱਥੋਂ ਮਿਲਣੀ ਮੱਤ ਬੱਚਿਆਂ ਨੂੰ,
ਵੀਡੀਓ ਗੇਮਾਂ ਨੇ ਮੱਤ ਲਈ ਖੋਹ,
ਵੇ ਸੱਜਣਾ.....!

ਰਿਸ਼ਤੇਦਾਰਾਂ ਨੇ ਘਰ ਜਦੋਂ ਆਉਣਾ,
ਰੱਜ ਰੱਜ ਕੇ ਉਹਨਾਂ ਨਾਲ ਪਿਆਰ ਜਤਾਉਣਾ,
ਜਾਣ ਨਾ ਦੇਣਾ ਘਰੋਂ ਉਹਨਾਂ ਨੂੰ,
ਬਾਹੋਂ ਫੜ ਫੜ ਅੰਦਰ ਲਿਆਉਣਾ,
ਉਹ ਵੇਲਾ ਨਹੀਉਂ ਮੁੜ ਕੇ ਆਉਣਾ
ਲੈਦੇ ਸੀ ਸਮਾਨ ਉਹਨਾਂ ਦਾ ਲਕੋ!
ਵੇ ਸੱਜਣਾ.....!

ਵਿਆਹ, ਸ਼ਾਦੀ ਤੇ ਹੁੰਦੀ ਸੀ ਰੌਣਕ,
ਦਸ ਦਿਨ ਪਹਿਲਾਂ ਵੱਜਦੀ ਸੀ ਢੋਲਕ,
ਬਿਠਾਉਣਾ ਹਲਵਾਈ ਪੰਜ ਦਿਨ ਪਹਿਲਾਂ,
ਪ੍ਰਾਹੁਣਿਆਂ ਵੀ ਆਉਣਾ ਵਿਆਹ ਤੋਂ ਪਹਿਲਾਂ,
ਹੁਣ ਪਤਾ ਨਹੀਂ ਲੱਗਦਾ ਵਿਆਹ ਕਦੋਂ ਹੋਇਆ,
'ਪੈਲੇਸ' ਲੈਣ ਦੂਰ ਘਰ ਤੋਂ।
ਵੇ ਸੱਜਣਾ.....!

'ਰਿਸ਼ੀ' ਉਹ ਵੇਲੇ ਚੰਗੇ ਸੀ ਹੁੰਦੇ,
ਦਰਦ ਦਿਲਾਂ ਦੇ ਸੁਣਦੇ ਹੁੰਦੇ,
ਹੁਣ ਤੇ ਕੋਈ ਸੁਣਨਾ ਨਹੀਂ ਚਾਹੁੰਦਾ,
ਨਾ ਹੀ ਪੰਗੇ ਵਿੱਚ ਪੈਣਾ ਚਾਹੁੰਦਾ
ਟੀ.ਵੀ. ਕੰਪਿਊਟਰ ਤੇ ਸੈਲ, ਹੁਣ ਹੋ ਗਏ ਸਾਥੀ
ਇਹਨਾਂ ਦੇ ਹੀ ਸਭ ਗਏ ਹੋ!
ਵੇ ਸੱਜਣਾ ਕਿੱਥੇ ਗਏ ਉਹ ਮੋਹ.....।

00

ਵਕਤ ਦੀ ਮਾਰ

ਕੈਸੀ ਪਈ ਵਕਤ ਦੀ ਮਾਰ, ਧੀਆਂ ਮੁਕਦੀਆਂ ਜਾਂਦੀਆਂ ਨੇ।
ਧੀਆਂ ਦਾ ਕਰਕੇ ਫਿਕਰ ਤੇ, ਮਾਵਾਂ ਸੁਕਦੀਆਂ ਜਾਂਦੀਆਂ ਨੇ।।
ਕੁਝ ਤੇ ਕਰੋ ਵਿਚਾਰ, ਧੀਆਂ ਤੇ ਲੁਕਦੀਆਂ ਜਾਂਦੀਆਂ ਨੇ।
ਜਿਨ੍ਹਾ ਦਾ ਹੋਣਾ ਸੀ ਸ਼ਿੰਗਾਰ, ਉਹ ਜੱਗੋਂ ਲੁੱਟਦੀਆਂ ਜਾਂਦੀਆਂ ਨੇ।।
ਬੰਦ ਹੋ ਜਾਣੇ ਨੇ ਮੀਨਾ ਬਾਜ਼ਾਰ, ਜਿੱਥੇ ਹਾਰ-ਸ਼ਿੰਗਾਰ ਪਏ ਵਿਕਦੇ ਨੇ।
ਧੀ ਨੂੰ ਨਾ ਦੇਵੋ ਮਾਰ, ਮਾਪਿਓ! ਚੰਗੇ ਭਾਗ ਤੇ ਇਸਦੇ ਨੇ।।
ਕੰਜਕਾਂ ਦੇ ਧੋ ਕੇ ਪੈਰ ਤੇ ਆਪੇ ਪੀਂਦੇ ਹੁੰਦੇ ਸੀ।
ਧੀਆਂ ਦੇ ਚਰਨ ਨੇ ਸ਼ੁਭ ਇਹ ਸਾਰੇ ਕਹਿੰਦੇ ਹੁੰਦੇ ਸੀ।।
ਦੋਹਰੇ ਇਹ ਮਾਪਦੰਡ ਤੁਹਾਡੇ, ਮੈਨੂੰ ਤੇ ਸਮਝ ਨਾ ਆਉਂਦੇ ਨੇ।
ਲਕਸ਼ਮੀ ਕਹਿੰਦੇ ਸੀ ਪਹਿਲਾਂ, ਤੇ ਹੁਣ ਮਾਰ ਮੁਕਾਉਂਦੇ ਨੇ।।
ਜਦੋਂ ਮੁੱਕ ਜਾਣਗੀਆਂ ਧੀਆਂ, ਪੁੱਤਰ ਕਿਵੇਂ ਵਿਆਹੁਗੇ?
ਕਿੱਥੋਂ ਫਿਰ ਆਉਣਗੀਆਂ ਨੂੰਹਾਂ, ਕਿੱਥੋਂ ਕੁਲ ਚਲਾਓਗੇ?
ਖੂਹਾਂ ਵਿਚ ਸਿੱਟ ਕੇ ਧੀਆਂ, ਕਬਰਾਂ ਆਪਣੀਆਂ ਪੁੱਟਦੇ ਹੋ।
ਸਿਰ ਲੈਂਦੇ ਓ ਪਾਪ ਚੜ੍ਹਾ, ਜਦੋਂ ਧੀਆਂ ਨੂੰ ਹੀ ਲੁੱਟਦੇ ਹੋ।।
ਕੁਝ ਕਰੋ ਤੇ ਹੰਭਲਾ ਮਾਰੋ, ਧੀਆਂ ਸਾਂਭ ਲਓ ਲੋਕੋ।
ਸੋ ਲਿਆ ਬਥੇਰਾ ਹੁਣ ਤੇ, ਤੁਸੀਂ ਹੁਣ ਜਾਗ ਪਓ ਲੋਕੋ।।
'ਰਿਸ਼ੀ' ਧੀ ਤੇ ਹੁੰਦੀ ਹੈ ਪਿਆਰੀ, ਨਾ ਸਮਝੋ ਭਾਰ ਇਹਨੂੰ ਲੋਕੋ।
ਧੀਆਂ ਨੂੰ ਬਚਾ ਕੇ ਕਰੋ ਉਪਕਾਰ, ਸਮਝੋ ਉਪਹਾਰ ਇਹਨੂੰ ਲੋਕੋ।।
ਸਮਝੋ ਉਪਹਾਰ ਇਹਨੂੰ ਲੋਕੋ।।

00

ਬਾਬੂ ਜੀ, ਬੀਬੀ ਜੀ

ਮੇਰੇ ਬਾਬਲ, ਮੈਂ ਸੁਣਿਆ ਹੈ ਬੜੇ ਲੋਕਾਂ ਤੋਂ, ਤੂੰ ਤੇ ਬਹੁਤ ਹੀ ਧਰਮੀ ਏ।
ਕਹਿੰਦੇ ਤੂੰ ਤੇ ਹੈ ਦਾਨੀ ਵੱਡਾ, ਤੇਰੇ ਦਿਲ ਵਿਚ ਬਹੁਤ ਹੀ ਨਰਮੀ ਏ।।
ਮੈਂ ਵੀ ਇਕ ਗੁਜ਼ਾਰਿਸ਼ ਕਰਨੀ ਹੈ, ਜੇ ਦਿਲ ਕਰੂ ਤਾਂ ਮੰਨ ਲਈ ਤੂੰ।
ਨਹੀਂ ਤਾਂ ਕੋਈ ਗੱਲ ਨਹੀਂ, ਮੈਂ ਸਮਝੂੰਗੀ ਮਜਬੂਰ ਹੈ ਤੂੰ।।
''ਤੁਸੀਂ ਨੌਕਰ ਰੱਖੀ ਬੈਠੇ ਹੋ, ਮਾਂ ਰਹਿੰਦੀ ਹੈ ਬਿਮਾਰ ਬੜੀ।
''ਘਰ ਦਾ ਕੰਮ ਮਾਂ ਤੋਂ ਨਹੀਂ ਹੁੰਦਾ, ਉਹ ਤੇ ਹੈ ਲਾਚਾਰ ਬੜੀ।।
ਮੈਨੂੰ ਨੌਕਰ ਦੀ ਥਾਂ ਰੱਖ ਲਈਓ, ਘਰ ਦਾ ਬੰਦਾ ਚੰਗਾ ਹੁੰਦਾ।
ਨਾ ਡਰ ਹੁੰਦਾ ਹੈ ਚੋਰੀ ਦਾ, ਨਾ ਪੈਸਿਆਂ ਦਾ ਪੰਗਾ ਹੁੰਦਾ।।
ਧੀ ਕਰਕੇ ਨਾ ਬੁਲਾਈਉ ਤੁਸੀਂ, ਭਾਵੇਂ ਸ਼ੀਲਾ, ਲੀਲਾ ਕਹਿ ਲਈਓ।
ਪੈਸੇ ਵੀ ਨਾ ਮੰਗੂਗੀ ਕਦੀ, ਬਸ ਰੋਟੀ ਕੱਪੜਾ ਦੇ ਦਈਓ।।
ਉਹ ਵੀ ਨਾ ਸਰਿਆ ਬਣਿਆ ਜੇ, ਘਰ ਹੋਰ ਤੇ ਇਕ ਲੁਆ ਦਈਓ।
ਮੇਰੇ ਕੁਝ ਤੇ ਪੈਸੇ ਬਣ ਜਾਣਗੇ, ਖਰਚਾ ਮੇਰਾ ਚਲਵਾ ਦਈਓ।।
ਨਾ ਮੈਂ ਆਖਾਂਗੀ ਮੰਮੀ, ਡੈਡੀ, ਬਾਬੂ ਜੀ, ਬੀਬੀ ਜੀ ਹੀ ਆਖਾਂਗੀ।
ਕਦੀ ਤੇ ਮੇਰੀ ਗਲ ਕਰੋਂਗੇ ਹੀ, ਮੈਂ ਕਮਰੇ ਵਿਚ ਦੀ ਝਾਕਾਂਗੀ।।
ਤੁਹਾਡੀ ਇਕੋ ਹੀ ਝਲਕ ਕਾਫੀ ਹੋਣੀ, ਮੇਰੇ ਇਸ ਪੂਰੇ ਜੀਵਨ ਲਈ।
'ਰਿਸ਼ੀ' ਉਪਕਾਰ ਤੁਸੀਂ ਇਹ ਕਰ ਦਈਓ, ਮੈਨੂੰ ਜਨਮ ਦਈਓ ਤੁਸੀਂ ਜੀਵਨ ਲਈ
''ਮੈਨੂੰ ਅਧਿਕਾਰ ਦਈਓ, ਤੁਸੀਂ ਜੀਵਨ ਲਈ''

00

ਚੰਨ ਮਾਮਾ-1

ਚਾਅ ਲੈ ਕੇ ਆਪਣੇ ਦਿਲ ਵਿਚ ਮੈਂ, ਜਦੋਂ ਮਿਲਣ ਭੈਣ ਨੂੰ ਜਾਣ ਲੱਗਾ,
ਚਿਰ ਹੋ ਗਿਐ ਸਾਨੂੰ ਮਿਲਿਆਂ ਨੂੰ, ਮਨ ਹੀ ਮਨ ਵਿੱਚ ਮੈਂ ਕਹਿਣ ਲੱਗਾ।
ਉਹ ਆਪ ਤੇ ਹੈ ਮਸ਼ਰੂਫ ਬੜੀ, ਬੱਚਿਆਂ ਨੂੰ ਭੇਜਦੀ ਰਹਿੰਦੀ ਹੈ,
ਮੈਨੂੰ ਮਿਲ ਜਾ ਵੀਰਾ ਆ ਕੇ ਤੂੰ, ਉਹ ਸੁਨੇਹੇ ਘੱਲਦੀ ਰਹਿੰਦੀ ਹੈ।
ਮੈਂ ਤੱਕਦਾ ਨਿੱਤ ਉਹਨੂੰ ਦੂਰੋਂ ਸੀ, ਅੱਜ ਨੇੜੇ ਉਹਦੇ ਆਇਆ ਹਾਂ,
ਚੰਨ ਮਾਮਾ ਮੈਨੂੰ ਕਹਿੰਦੇ ਨੇ, ਧਰਤੀ ਦੇ ਨਾਲ ਦਾ ਜਾਇਆ ਹਾਂ।
ਆਉਂਦਿਆਂ ਹੀ ਤੱਕ ਲਏ ਉਹ ਮਾਪੇ, ਜੋ ਧੀਟਾਂ ਸੁੱਟਣ ਲੱਗੇ ਸੀ,
ਝੋਲੀ ਅੱਡ ਮੈਂ ਉਨ੍ਹਾਂ ਨੂੰ ਬੋਚ ਲਿਆ, ਗਲੋ ਲਾਹੁਣ ਧੀਆਂ ਨੂੰ ਲੱਗੇ ਸੀ।
ਕੀ ਹੋ ਗਿਐ ਸਕੇ ਸਬੰਧੀਆਂ ਨੂੰ, ਕਰਦੇ ਨੇ ਜ਼ੁਲਮ ਪਏ ਧੀਆਂ ਉਤੇ,
ਮੈਨੂੰ ਤੇ ਤਰਸ ਬੜਾ ਆਇਆ, ਇਨ੍ਹਾਂ ਗਊਆਂ ਵਰਗੀਆਂ ਧੀਆਂ ਉਤੇ।
ਪੇਕਿਆਂ ਤੋਂ ਜੇ ਬਚ ਜਾਣ ਧੀਆਂ, ਸਹੁਰੇ ਕੋਈ ਕਸਰ ਨਾ ਛੱਡਦੇ ਨੇ,
ਕੋਈ ਕਤਲ ਕਰੇ, ਕੋਈ ਅੱਗ ਲਾਵੇ, ਕੋਈ ਘਰੋਂ ਹੀ ਕੱਢ ਨੂੰਹ ਛੱਡਦੇ ਨੇ।
ਮੈਂ ਮਾਮਾ ਸੀ ਜੱਗ ਸਾਰੇ ਦਾ, ਹੁਣ ਕੇਵਲ ਮਾਮਾ ਹਾਂ ਧੀਆਂ ਦਾ,
ਮਾਪੇ ਭਾਵੇ ਬੇਦਿਲ ਹੋ ਗਏ, ਪਰ ਮੈਂ ਰਾਖਾ ਹਾਂ ਧੀਆਂ ਦਾ।
ਮੈਂ ਲੈ ਜਾਣਾ ਸਭ ਧੀਆਂ ਨੂੰ, ਧਰਤੀ 'ਤੇ ਛੱਡ ਕੇ ਜਾਣਾ ਨਹੀਂ,
ਬਥੇਰਾ ਅਪਮਾਨ ਨੇ ਸਹਿ ਚੁੱਕੀਆਂ, ਹੁਣ ਹੋਰ ਸਿਹਾ ਜਾਣਾ ਨਹੀਂ।
ਆਪਣੀ ਦੁਨੀਆਂ ਵਿੱਚ ਲਿਜਾ ਕੇ, ਨਵੀਂ ਦਿਸ਼ਾ ਇਨ੍ਹਾਂ ਨੂੰ ਦਿਖਾ ਦੇਣੀ,
ਬੁੱਕਲ ਵਿਚ ਬਿਠਾ ਕੇ ਧੀਆਂ ਨੂੰ, ਨਿੱਤ ਨਵੀਂ ਕਹਾਣੀ ਸੁਣਾ ਦੇਣੀ।
ਦਿਲ ਵਿੱਚ ਭਰਨਾ ਹੈ ਜੋਸ਼ ਨਵਾਂ, ਹਰ ਧੀ ਨੂੰ ਗੱਲ ਸਮਝਾਉਣੀ ਹੈ,
ਮੁੜ ਕੇ ਨਾ ਹੋਉ ਸ਼ਿਕਾਰ ਕਦੀ, ਹਰ ਧੀ ਮੈਂ ਸ਼ੇਰਨੀ ਬਣਾਉਣੀ ਹੈ।
ਉਹਨੇ ਖਾਣਾ ਫੇਰ ਦਰਿੰਦਿਆਂ ਨੂੰ, ਜਿਹਨਾ ਹਾਲਤ ਮਾੜੀ ਕੀਤੀ ਹੈ,
ਮਾਸੂਮ ਜਿਹੀ 'ਧਰਤੀ' ਜੋ ਭੈਣ ਮੇਰੀ, ਓਹਦੀ ਹਾਲਤ ਖ਼ਸਤਾ ਕੀਤੀ ਹੈ।
ਉਹਦੇ ਚਾਰੇ ਪਾਵੇ ਹਲਾ ਛੱਡੇ, ਮਿਲ ਕੇ ਇਨ੍ਹਾਂ ਪੰਜ ਕਸਾਈਆਂ ਨੇ,
ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਨੇ ਮਿਲ ਕੇ, ਧਰਤੀ ਦੀਆਂ ਖੁਸ਼ੀਆਂ ਗਵਾਈਆਂ ਨੇ।
ਦੁਖੀ ਹੋ ਕੇ ਮੈਂ ਤੇ ਜਾਣ ਲੱਗਾ, ਇਕ ਮਿੰਨਤ ਮੈਂ ਹਾਂ ਕਰ ਕੇ ਚੱਲਿਆ,
'ਰਿਸ਼ੀ' ਧਰਤੀ ਨੂੰ ਸਵਰਗ ਬਣਾ ਦਈਉ, ਬੜਾ ਕਸ਼ਟ ਇਹਨੇ ਹੈ ਝੱਲਿਆ।
ਬੜਾ ਦਰਦ ਧਰਤੀ ਨੇ ਹੈ ਝੱਲਿਆ.....

00

ਚੰਨ ਮਾਮਾ-2

ਜਦ ਚੰਨ ਮਾਮਾ ਧਰਤੀ 'ਤੇ ਡਿੱਠਾ, ਨੇੜੇ ਹੋ ਮੈਂ ਉਹਦੇ ਬਹਿ ਗਈ।
ਆਪਣਾਪਨ ਜਦੋਂ ਉਹਨੇ ਵਿਖਾਇਆ, ਇਕੋ ਸਾਹ ਵਿੱਚ ਕਈ ਕੁੱਝ ਕਹਿ ਗਈ।
ਮੈਂ ਕਿਹਾ ''ਮਾਮਾ ਜੀ'' ਤੁਸੀਂ ਚੰਗਾ ਕੀਤਾ, ਧੀਆਂ ਦੀ ਜਿੰਮੇਵਾਰੀ ਲੈ ਲਈ।
ਧੀਆਂ ਦਾ ਤੇ ਘਾਣ ਹੋ ਰਿਹੈ, ਸੁਰੱਖਿਅਤ ਤੇ ਹੁਣ ਕੋਈ ਕੋਈ ਰਹਿ ਗਈ।
ਚੰਨ ਮਾਮਾ ਰੋਇਆ, ਫਿਰ ਹੱਸਿਆ, ਮੈਂ ਕਾਰਨ ਦੋਹਾਂ ਦਾ ਪੁੱਛਿਆ।
ਸੁਣਕੇ ਉਹਨੂੰ ਮੈਂ ਵੀ ਰੋ ਪਈ, ਜੋ ਕੁੱਝ ਮਾਮੇ ਮੈਨੂੰ ਦੱਸਿਆ।
ਰੋ ਕੇ ਕਹਿੰਦਾ ਚੰਨ ਮਾਮਾ ਸੀ, ਧਰਤੀ ਭੈਣ ਨੂੰ ਮਿਲਣ ਸੀ ਆਇਆ।
ਤੱਕੀਆਂ ਜਦ ਧਰਤੀ ਤੇ ਧੀਆਂ, ਤਰਸ ਬੜਾ ਦੋਹਾਂ ਤੇ ਆਇਆ।
ਮੈਂ ਕਿਹਾ, ਭੈਣੇ ਫਿਕਰ ਕਰੀ ਨਾ, ਹਰ ਧੀ ਨੂੰ ਮੈਂ ਗਲ ਨਾਲ ਲਾਇਆ।
ਆਪਣੇ ਦੇਸ਼ ਮੈਂ ਲੈ ਚੱਲਿਆ ਹਾਂ, ਮੈਂ ਵੀ ਤੇਰੀ ਮਾਂ ਦਾ ਜਾਇਆ।
ਫਰਜ਼ ਮੇਰਾ ਵੀ ਬਣਦਾ ਹੈ ਕੁੱਝ, ਏਸੇ ਲਈ ਤੇਰਾ ਦਰਦ ਵੰਡਾਇਆ।
ਪਹਿਲਾਂ ਮੈਨੂੰ ਪਤਾ ਨਾ ਲੱਗਾ, ਏਸੇ ਲਈ ਪਹਿਲਾਂ ਨਾ ਆਇਆ।
ਅੱਖਾਂ ਵਿੱਚ ਅੱਥਰੂ ਭਰ ਉਹ ਹੱਸਿਆ, ਕਹਿੰਦਾ ਮੈਂ ਨਕਲੀ ਹਾਂ ਹੱਸਿਆ।
ਮਨ ਨੂੰ ਕੀਤਾ ਹਲਕਾ ਹੱਸ ਕੇ, ਗਮ ਹੈ ਮੇਰੇ ਦਿਲ ਵਿਚ ਵੱਸਿਆ।
ਗਮ ਹੈ ਮੈਨੂੰ ਧਰਤੀ ਦਾ ਬਸ, ਬਿਨ੍ਹਾਂ ਧੀਆਂ ਦੇ ਕਿਦਾਂ ਰਹੇਗੀ।
ਰੋਣਗੇ ਮਾਪੇ ਮੇਰੇ ਜਾਣ ਦੇ ਪਿੱਛੋਂ, ਮਾਪਿਆਂ ਦਾ ਦੁੱਖ ਕਿੱਦਾਂ ਸਹੇਂਗੀ।
ਪਰ ਉਬਾਲ ਮੇਰੇ ਦਿਲ ਵਿਚ ਨੇ ਉਠਦੇ, ਮੈਂ ਨਹੀਂ ਛੱਡ ਕੇ ਜਾਣੀਆਂ ਧੀਆਂ।
ਪੁੱਤਰ ਹੀ ਹਰ ਵਿਹੜੇ ਦਿਸਣੇ, ਨਜ਼ਰੀਂ ਕਿਤੇ ਨਾ ਆਉਣੀਆਂ ਧੀਆਂ।
ਰੱਖੜੀ ਤੇ ਕੋਈ ਭੈਣ ਨਾ ਲੱਭਣੀ, ਨਾ ਟਿੱਕੇ ਤੇ ਮਿਲਣੀਆਂ ਭੈਣਾ।
ਮਾਵਾਂ ਦੇ ਦੁੱਖ ਕਿਹਨੇ ਵੰਡਣੇ, ਧਰਤੀ ਤੇ ਨਾ ਰਹਿਣੀਆਂ ਧੀਆਂ।
ਬਾਬਲ ਕੇਹਦਾ ਦਾਨ ਹੈ ਕਰਨਾ, ਵਿਆਹੁਣ ਨਹੀ ਨਾ ਮਿਲਣੀਆਂ ਧੀਆਂ।
ਆਪਣੇ ਦੁੱਖ ਸੀਨੇ ਦੇ ਵਿੱਚ ਰੱਖ ਕੇ, ਬੋਝ ਥੱਲੇ ਦਬਣਗੇ ਮਾਪੇ।
ਯਾਦ ਕਰਨਗੇ ਧੀਆਂ ਨੂੰ ਉਹ, ਕੱਟਣੇ ਪੈਣੇ ਜਦ ਇਕਲਾਪੇ।
'ਰਿਸ਼ੀ' ਪਰ ਤੂੰ ਮੈਨੂੰ ਦੱਸੀ ਜਾਵੀਂ, ਮਾਪਿਆਂ ਉਤੇ ਨਜ਼ਰ ਟਿਕਾਵੀਂ।
ਜਦੋਂ ਇਹ ਸਾਰੇ ਸੁਧਰ ਜਾਣਗੇ, ਫਿਰ ਤੂੰ ਮੈਨੂੰ ਕੋਲ ਬੁਲਾਵੀਂ।

ਮੈਂ ਵਾਪਸ ਲੈ ਆਊਂ ਧੀਆਂ, ਇਕ ਇਕ ਕਰਕੇ ਮੋੜ ਦਿਆਂਗਾ।
ਬੇਵੱਸ ਇਹਨਾਂ ਨੂੰ ਲੈ ਚੱਲਿਆਂ ਹਾਂ, ਸ਼ੈਰਨੀਆਂ ਵਾਂਗੂੰ ਤੋਰ ਦਿਆਂਗਾ।
ਸ਼ੇਰਨੀਆਂ ਜਦੋਂ ਦਹਾੜ ਲਗਾਉਣੀ, ਸ਼ੇਰਾਂ ਨੂੰ ਉਦੋਂ ਸੁਰਤ ਹੈ ਆਉਣੀ।
ਲੈਣਾ ਬਦਲਾ ਅਪਮਾਨਾਂ ਦਾ ਏਹਨਾਂ, ਹਰ ਧੀ ਜਦੋਂ ਧਰਤੀ 'ਤੇ ਆਉਣੀ।
ਹਰ ਧੀ ਜਦੋਂ ਵਾਪਸ ਹੈ ਆਉਣੀ.....।

00

ਫੈਸਲਾ

''ਜਦੋਂ ਦੀ ਮੈਂ ਵਿਆਹੀ ਆਈ ਹਾਂ, ਸੱਸ ਸਹੁਰੇ ਏਥੇ ਹੀ ਰਹਿੰਦੇ ਨੇ।
ਹਿੱਲਣ ਦਾ ਨਾਮ ਨਹੀਂ ਲੈਂਦੇ ਦੋਨੋ, ਏਸੇ ਬੂਹੇ ਤੇ ਹੀ ਬਹਿੰਦੇ ਨੇ।
ਕੋਈ ਪੁੱਛੇ ਭਲਾ ਹਾਂ ਇਹਨਾਂ ਨੂੰ, ਹੋਰ ਵੀ ਪੁੱਤਰ ਤੇ ਵਸਦੇ ਨੇ।
ਉਹ ਕਿਉਂ ਨਾ ਇਹਨਾਂ ਨੂੰ ਰੱਖਦੇ? ਬਸ ਉਤੋਂ ਉਤੋਂ ਕਹਿੰਦੇ ਨੇ।''

ਰੋਹ ਨਾਲ ਭਰੀ ਉਹ ਰਹਿੰਦੀ ਸੀ, ਮੋਹ ਨਾਲੋਂ ਰਿਸ਼ਤਾ ਟੁੱਟ ਚੁੱਕਾ।
ਹਰ ਵੇਲੇ ਤਿਉੜੀ ਸੀ ਮੱਥੇ ਤੇ, ਇੱਜ਼ਤ ਨਾਲੋਂ ਸੀ ਰਿਸ਼ਤਾ ਮੁੱਕ ਚੁੱਕਾ।
ਅੱਜ ਤੇ ਉਹਨੇ ਹੱਦ ਟਪਾਈ ਸੀ, ਸੱਸ ਸਹੁਰੇ ਨੂੰ ਆਖ ਸੁਣਾਈ ਸੀ।
ਦੂਜੇ ਪੁੱਤਰਾਂ ਕੋਲ ਤੁਸੀਂ ਚਲੇ ਜਾਉ, ਦੜ ਵੱਟ ਇਹ ਗੱਲ ਸੁਣਾਈ ਸੀ।
ਗੱਲ ਸੁਣਕੇ ਦੋਹਾਂ ਜੀਆਂ ਨੇ, ਮਨ ਭਰ ਇਹ ਰਟ ਲਗਾਈ ਸੀ।
ਤੂੰ ਆਉਣ ਦੇ ਸਾਡੇ ਪੁੱਤਰ ਨੂੰ, ਉਹਨੇ ਹੀ ਫੈਂਸਲਾ ਕਰਨਾ ਹੈ।
ਅਸੀਂ ਉਸ ਤੋਂ ਬਿਨਾ ਨਹੀਂ ਰਹਿ ਸਕਦੇ, ਨਾ ਉਹਦਾ ਹੀ ਸਰਨਾ ਹੈ।
ਪੁੱਤਰ ਜਦ ਸ਼ਾਮ ਨੂੰ ਆਇਆ ਸੀ, ਕਿੱਸਾ ਰੋ ਕੇ ਉਹਨਾਂ ਸੁਣਾਇਆ ਸੀ।
ਪੁੱਤਰ ਵਹੁਟੀ ਨੂੰ ਕਹਿਣ ਲੱਗਾ,''ਇਹ ਘਰ ਪਹਿਲਾਂ ਹੈ ਮਾਪਿਆਂ ਦਾ।
ਇਹਨਾਂ ਏਸੇ ਹੀ ਘਰ ਮੈਨੂੰ ਜਨਮ ਦਿੱਤਾ, ਲੱਖਾਂ ਹੀ ਸ਼ਗਨ ਮਨਾਏ ਸੀ।
ਪਾਲ ਪੋਸ ਕੇ ਵੱਡਿਆਂ ਸੀ ਕੀਤਾ, ਪੜ੍ਹਾ ਲਿਖਾ ਕੇ ਕੰਮ ਲਵਾਏ ਸੀ।
ਵਿਆਹ ਕਰ ਦਿੱਤਾ ਚਾਈ-ਚਾਈ, ਜੋੜੀ ਇਹਨਾਂ ਨੇ ਹੀ ਸਾਡੀ ਬਣਾਈ ਸੀ।
ਮਾਪੇ ਨਹੀਂ ਆਏ ਕਿਤੋਂ ਬਾਹਰੋਂ ਦੀ, ਤੂੰ ਹੀ ਇਸ ਘਰ ਵਿਆਹੀ ਆਈ ਸੀ।।
ਤੂੰ ਵੀ ਏਥੇ ਹਸ ਕੇ ਰਹਿਣਾ ਹੈ, ਇਹਨਾਂ ਨੂੰ ਆਪਾਂ ਬਾਹਰ ਨਹੀਂ ਕਰਨਾ।
ਮਾਪਿਆਂ ਨਾਲ ਹੀ ਇੱਜ਼ਤ ਸਾਡੀ ਹੈ, ਇਹਨਾਂ ਦਾ ਆਪਾਂ ਹੀ ਸਤਿਕਾਰ ਕਰਨਾ।''
ਗੱਲ ਸਮਝ ਵਹੁਟੀ ਨੂੰ ਆ ਗਈ ਸੀ, ਸ਼ਰਮ ਨਾਲ ਉਹ ਸਿਰ ਝੁਕਾ ਗਈ ਸੀ।
ਮੱਥਾ ਟੇਕਣ ਲਈ ਸੱਸ ਸਹੁਰੇ ਨੂੰ, ਆਪੇ ਹੀ ਨੇੜੇ ਆ ਗਈ ਸੀ।
ਹੱਥ ਜੋੜ ਕੇ ਫਿਰ ਉਹ ਕਹਿਣ ਲੱਗੀ, ਨਾ ਤੁਹਾਡਾ ਹੈ ਨਾ ਮੇਰਾ ਹੈ।
ਇਹ ਘਰ ਦਿੱਤਾ ਹੈ ਦਾਤੇ ਨੇ, ਆਪਣਾ ਸਭ ਦਾ ਇਹ ਰੈਣ ਬਸੇਰਾ ਹੈ।
'ਰਿਸ਼ੀ' ਪਿਆਰ ਦੇ ਨਾਲ ਹੈ ਆਪਾਂ ਰਹਿਣਾ, ਇੱਕ ਦੂਜੇ ਦੇ ਹੋ ਕੇ ਰਹਿਣਾ।
ਮੈਥੋਂ ਜੇ ਗਲਤੀ ਕਦੀ ਹੋ ਜਾਵੇ, ਤੁਸੀਂ ਮਾਫ ਬਸ ਮੈਨੂੰ ਕਰਦੇ ਰਹਿਣਾ।
ਤੁਸੀਂ ਮਾਫ ਬਸ ਮੈਨੂੰ ਕਰਦੇ ਰਹਿਣਾ।

00

ਸਮਾਜ ਦੀ ਸੇਵਾ

ਮੈਂ ਪੁਛਣੈ ਇੱਕ ਸਵਾਲ ਅੱਜਕਲ੍ਹ ਦੇ ਡਾਕਟਰ ਨਰਸਾਂ ਤੋਂ।
ਜੋ ਕਰਦੇ ਨੇ ਧੀਆਂ ਦਾ ਘਾਣ, ਉਹਨਾਂ ਹੀ ਡਾਕਟਰ ਨਰਸਾਂ ਤੋਂ।।
ਧੀਆਂ ਤੇ ਪੁੱਤਰ ਤੁਹਾਡੇ ਘਰ ਵੀ ਜਾਏ ਹੋਣੇ ਨੇ।
ਕਿਉਂ ਦਿਲ ਤੁਹਾਡੇ ਉਸ ਵੇਲੇ ਫਿਰ ਪਥਰਾਏ ਹੋਣੇ ਨੇ।।
ਜਦੋਂ ਚੱਕ ਕੇ ਕੈਂਚੀ ਵੱਖ ਤੁਸੀਂ ਹਰ ਧੀ ਨੂੰ ਕੀਤਾ ਸੀ।
ਕਾਹਨੂੰ ਨਾ ਰੋਏ ਤੁਸੀਂ ਦੋਵੇਂ ਜਦੋਂ ਪਾਪ ਇਹ ਕੀਤਾ ਸੀ।।
ਧੀ ਵੀ ਤੇ ਜੁੜੀ ਹੁੰਦੀ ਏ ਮਾਂ ਦੇ ਨਾਲ ਪਤੈ ਤੁਹਾਨੂੰ।
ਤੋੜਨ ਲੱਗਿਆਂ ਤੰਦਾਂ ਨੂੰ ਕਿਉਂ ਨਾ ਸ਼ਰਮ ਆਈ ਤੁਹਾਨੂੰ।।
ਕਿਰਪਾ ਕਰਕੇ ਵਰਤੋ ਕਿਸੇ ਹੋਰ ਪਾਸੇ ਆਪਣੇ ਮਹਿੰਗੇ ਸੰਦਾਂ ਨੂੰ।
ਕਿਉਂ ਜੋਰ ਲਾਇਐ ਤੁਸੀਂ ਸਾਰਾ, ਤੋੜਨ ਲਈ ਮੋਹ ਦੀਆਂ ਤੰਦਾਂ ਨੂੰ।
ਪੈਸੇ ਦਾ ਸ਼ੌਂਕ ਹੈ ਬਹੁਤਾ, ਤਾਂ ਕਿਸੇ ਮੋੜ ਤੇ ਖੜ੍ਹ ਜਾਓ ਜੀ।
ਰੱਬ ਦੇ ਨਾਮ ਤੇ ਫੜ੍ਹ ਲਓ ਠੂਠਾ ਪਰ ਧੀਆਂ ਨਾ ਮੁਕਾਉ ਜੀ।
ਮੇਰੇ ਦਿਲ ਤੇ ਲੱਗੀ ਸੱਟ, ਮੈਂ ਤਾਂ ਗੱਲ ਲਿਖ ਹੀ ਛੱਡੀ ਹੈ।
ਫ਼ੈਸਲਾ ਹੈ ਹੱਥ ਤੁਹਾਡੇ ਹੁਣ ਤੁਹਾਡੇ ਤੇ ਛੱਡੀ ਹੈ।।
ਡਾਕਟਰ ਜਦੋਂ ਕਰਨ ਪੜ੍ਹਾਈਆਂ, ਓਹ ਸੋਹਾਂ ਚੁੱਕ ਤੇ ਲੈਂਦੇ ਨੇ।
ਅਸੀਂ ਕਰਾਂਗੇ ਸਮਾਜ ਦੀ ਸੇਵਾ, ਉਦੋਂ ਤੇ ਏਹੀਓ ਕਹਿੰਦੇ ਨੇ।।
ਕਿੱਥੇ ਗਈਆਂ ਤੁਹਾਡੀਆਂ ਸੋਹਾਂ, ਕਿੱਥੇ ਗਈ ਸਮਾਜ ਸੇਵਾ।
ਕਤਲ ਧੀਆਂ ਦਾ ਕਰਕੇ ਲਭਾਉਂਦੇ ਓ ਪੁੱਤਰਾਂ ਦਾ ਮੇਵਾ।।
'ਰਿਸ਼ੀ' ਲਿਖੀ ਜਾਣੈ, ਤੁਸੀਂ ਪੜ੍ਹੀ ਜਾਣੈ ਮੈਨੂੰ ਤੇ ਏਹੀਓ ਲਗਦਾ ਏ।
ਆਓ! ਰਲਕੇ ਬਚਾਈਏ ਧੀਆਂ ਇਹ ਫਰਜ਼ ਹਰੇਕ ਦਾ ਬਣਦਾ ਏ।।
ਜੇ ਮੈਂ ਲਿਖ ਦਿੱਤੈ ਕੁਝ ਵਾਧੂ, ਗੁੱਸਾ ਭੁੱਲਕੇ ਨਾ ਕਰੀਓ ਜੀ।
ਰੱਬ ਕੋਲੋਂ ਰਹੋ ਤੁਸੀਂ ਡਰ ਕੇ ਐਸਾ ਕੰਮ ਮੁੜਕੇ ਨਾ ਕਰਿਓ ਜੀ।।
ਐਸਾ ਕੰਮ ਮੁੜਕੇ ਨਾ ਕਰਿਓ ਜੀ।

00

ਭਵਿੱਖ ਦੇ ਵਿਚ ਕੀ ਹੋਵੇਗਾ?

ਐਵਰੈਸਟ ਤੋਂ ਉੱਚੀਆਂ ਹੋਈਆਂ ਖਾਹਿਸ਼ਾਂ ਅੱਜ ਇਨਸਾਨ ਦੀਆਂ
ਕਦਰਾਂ ਕੀਮਤਾਂ ਨਿੱਘਰ ਰਹੀਆਂ ਵੇਖੋ! ਅੱਜ ਇਨਸਾਨ ਦੀਆਂ।
ਪੁੱਠੇ-ਸਿੱਧੇ ਕੰਮ ਕਰਕੇ, ਪੈਸਿਆਂ ਦੇ ਅੰਬਾਰ ਲਗਾ ਲਏ।
ਬੜੇ-ਬੜੇ ਮਕਾਨ ਬਣਾਕੇ, ਮਹਿੰਗੀਆਂ ਵਸਤਾਂ ਨਾਲ ਸਜਾ ਲਏ।
ਦਿਮਾਗ ਕਰ ਲਿਆ ਏਨਾ ਉੱਚਾ ਗੱਲਾਂ ਕਰੇ ਅਸਮਾਨ ਦੀਆਂ।
ਐਵਰੈਸਟ ਤੋਂ ਉੱਚੀਆਂ ਹੋਈਆਂ.....
ਚਾਦਰ ਤੋਂ ਬਾਹਰ ਪੈਰ ਪਸਾਰਕੇ, ਕਰਜ਼ਿਆਂ ਥੱਲੇ ਦੱਬੀ ਹੈ ਜਾਂਦਾ।
ਫਰਜ਼ਾ ਨੂੰ ਇਹ ਭੁੱਲ ਭੁਲਾਕੇ, ਹੱਕਾਂ ਦੀ ਗੱਲ ਕਰੀ ਹੈ ਜਾਂਦਾ।
ਹੱਕ ਆਪਣੇ ਤਾਂ ਲੈ ਕੇ ਛੱਡਦੈ, ਨਾ ਗੱਲਾਂ ਕਰੇ ਭੁਗਤਾਨ ਦੀਆਂ....
ਐਵਰੈਸਟ ਤੋਂ ਉੱਚੀਆਂ ਹੋਈਆਂ.....
ਕਿਰਦਾਰ ਬਦਲ ਗਿਐ ਅੱਜ ਏਹਦਾ, ਮਾਹੌਲ ਹੋ ਗਿਐ ਅਸ਼ਾਂਤੀ ਵਾਲਾ।
ਕੁੱਤੇ ਵਾਂਙੂੰ ਖਾਣ ਨੂੰ ਪੈਦੇ, ਵਿਵਹਾਰ ਹੋ ਗਿਐ ਕ੍ਰਾਂਤੀ ਵਾਲਾ।
ਮਰਨ ਮਾਰਨ ਦੀਆਂ ਗੱਲਾਂ ਹੈ ਕਰਦਾ, ਕਸਮਾਂ ਖਾਂਦੈ ਭਗਵਾਨ ਦੀਆਂ.....
ਐਵਰੈਸਟ ਤੋਂ ਉੱਚੀਆਂ ਹੋਈਆਂ.....
ਗਲੋਬਲਾਈਜੇਸ਼ਨ ਦੇ ਪ੍ਰਭਾਵ ਦੇ ਹੇਠਾਂ, ਵੇਖਾ-ਵੇਖੀ ਵਿਗੜੀ ਜਾ ਰਿਹੈ।
ਐਕਸਪੈਰੀਮੈਂਟ ਕਰ ਰਿਹਾ ਹੈ ਐਸੇ, ਤਬਾਹੀ ਤੇ ਤਬਾਹੀ ਮਚਾਈ ਜਾ ਰਿਹੈ।
ਤਹਿਸ-ਨਹਿਸ ਮਾਨਵਤਾ ਨੂੰ ਕਰ ਰਿਹੈ, ਲੜਾਈਆਂ ਕਰਕੇ ਘਮਸਾਨ ਦੀਆਂ।
ਐਵਰੈਸਟ ਤੋਂ ਉੱਚੀਆਂ ਹੋਈਆਂ.....
ਏਹੀਓ ਕੁਝ ਜੇ ਰਿਹਾ ਇਹ ਕਰਦਾ, ਤਾਂ ਭਵਿੱਖ ਦੇ ਵਿਚ ਕੀ ਹੋਵੇਗਾ?
ਜੇ ਆਵਾ ਹੀ ਊਤ ਜਾਊ 'ਰਿਸ਼ੀ' ਸਾਰਾ, ਸੁੱਖ-ਦੁੱਖ 'ਚ ਕੌਣ ਖਲੋਵੇਗਾ?
ਮਸਰੂਫ ਹੋਣਗੀਆਂ ਗਲੀਆਂ ਫਿਰ ਤੇ ਸ਼ਮਸ਼ਾਨ ਤੇ ਕਬਰਿਸਤਾਨ ਦੀਆਂ।
ਐਵਰੈਸਟ ਤੋਂ ਉੱਚੀਆਂ ਹੋਈਆਂ.....

00

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਉਤਸਵ 'ਤੇ ਵਿਸ਼ੇਸ਼

ਬਾਣੀ ਦੇ ਅਥਾਹ ਸਾਗਰ ਵਿਚ,
ਅਸੰਖ ਸੁੱਚੇ ਮੋਤੀ ਤੈਰ ਰਹੇ ਨੇ।
ਮਾਰੋ ਚੁੱਭੀਆਂ! ਕੱਢੋ ਸਾਨੂੰ,
ਮੋਤੀ ਹੀ ਅਵਾਜ਼ਾਂ ਮਾਰ ਰਹੇ ਨੇ।
ਅਸੀਂ ਹੀ ਬੋਲੇ ਹੋਕੇ ਬਹਿ ਗਏ,
ਉਹ ਤੇ ਉੱਚੀ-ਉੱਚੀ ਪੁਕਾਰ ਰਹੇ ਨੇ।
ਭਰ ਲਓ ਝੋਲੀ ਆਪਣੀ-ਆਪਣੀ,
ਉਹ ਤੇ ਕਰ ਉਪਕਾਰ ਰਹੇ ਨੇ।
ਲੜ ਜਿਹਨਾਂ ਬਾਣੀ ਦਾ ਫੜਿਐ,
ਇਹ ਮੋਤੀ ਉਹਨਾਂ ਨੂੰ ਤਾਰ ਰਹੇ ਨੇ।
ਮੁੱਲ ਨਾ ਕੋਈ ਵੀ ਦੇਣਾ ਪੈਣੈ,
ਗੁਰੂ ਜੀ ਦੇ ਦੀਦਾਰ ਰਹੇ ਨੇ।
ਕਰੋ ਦੀਦਾਰੇ! ਸਵਾਰੋ ਜ਼ਿੰਦਗੀ,
ਸਭ ਦੇ ਕਾਰਜ ਸਵਾਰ ਰਹੇ ਨੇ।
ਬਾਣੀ ਨੇ ਹੀ ਰਾਹ ਵਿਖਾਉਣੇ,
ਵਿਦਵਾਨ ਵੀ ਅੱਜ ਵਿਚਾਰ ਰਹੇ ਨੇ।
'ਰਿਸ਼ੀ' ਉੱਠ ਖੜ੍ਹ ਤੂੰ ਵੀ ਸਾਂਭ ਲੈ ਮੋਤੀ,
ਜੋ ਕਰਦੇ ਬੇੜਾ ਪਾਰ ਰਹੇ ਨੇ।
ਲੱਗ ਜਾਹ ਲੜ ਬਾਣੀ ਦੇ ਹੁਣ ਤੇ,
ਜ਼ਿੰਦਗੀ ਦੇ ਦਿਨ ਚਾਰ ਰਹੇ ਨੇ।
ਜ਼ਿੰਦਗੀ ਦੇ ਦਿਨ ਚਾਰ ਰਹੇ ਨੇ।

00

ਪ੍ਰੇਮ- ਪਿਆਰ ਦੀ ਗੱਲ ਕਰਾਂ ਮੈਂ

ਪ੍ਰੇਮ-ਪਿਆਰ ਦੀ ਗੱਲ ਕਰਾਂ ਮੈਂ, ਬਾਤ ਪ੍ਰੇਮ ਦੀ ਪਾਵਾਂ।
ਖੁੱਲ੍ਹ ਜਾਣ ਸਭ ਦੇਸ਼ਾਂ ਦੇ ਬਾਰਡਰ, ਦਿਲ ਤੋਂ ਏਹੀਓ ਚਾਹਵਾਂ।।
ਨਾ ਕੋਈ ਪਾਸਪੋਰਟ ਨਾ ਵੀਜ਼ਾ, ਨਾ ਕੋਈ ਐਂਟਰੀ ਮੰਗੇ।
ਨਾ ਕੋਈ ਚੋਰੀ ਛਿਪੇ ਆਉਣ ਲਈ, ਕੰਡਿਆਲੀਆਂ ਤਾਰਾਂ ਲੰਘੇ।।
ਏਜੰਟ ਨਾ ਲੁੱਟਣ ਕਿਸੇ ਤੋਂ ਪੈਸੇ, ਨਾ ਰੋਣ ਕਿਸੇ ਦੀਆਂ ਮਾਵਾਂ.....
ਪ੍ਰੇਮ-ਪਿਆਰ ਦੀ ਗੱਲ ਕਰਾਂ ਮੈਂ.....
ਸਭ ਦੀ ਹਸਰਤ ਹੋ ਜਾਵੇ ਪੂਰੀ, ਦਿਲ 'ਚ ਨਾ ਰਹਿਣ ਸਵਾਲ।
ਕਿੱਦਾਂ ਦਾ ਅਮਰੀਕਾ, ਕਿੱਦਾਂ ਦਾ ਕੈਨੇਡਾ? ਕਿੱਦਾਂ ਦਾ ਲੱਗਦਾ ਇੰਗਲਿਸ਼ਸਤਾਨ?
ਜਿੱਦਾਂ ਮਰਜ਼ੀ ਕੋਈ ਆਵੇ ਜਾਵੇ, ਨਾ ਬੰਦ ਹੋਣ ਕੋਈ ਰਾਹਵਾਂ...
ਪ੍ਰੇਮ-ਪਿਆਰ ਦੀ ਗੱਲ ਕਰਾਂ ਮੈਂ.....
ਦਰਦ ਵਿਛੋੜੇ ਦੇ ਸਭ ਮੁੱਕ ਜਾਣੇ, ਜਦੋਂ ਪਰਿਵਾਰ ਰਹਿਣਗੇ ਇਕੱਠੇ।
ਨਾ ਬਜ਼ੁਰਗਾਂ ਦਾ ਰੁਲੂ ਬੁਢਾਪਾ, ਨਾ ਜਵਾਨ ਖਾਣਗੇ ਧੱਕੇ।।
ਕੱਚਾ-ਕੁੱਚਾ ਨਾ ਕੋਈ ਕਹਾਉ, ਸਭ ਲਈ ਪੱਕੀਆਂ ਹੋਣੀਆਂ ਥਾਵਾਂ.....
ਪ੍ਰੇਮ-ਪਿਆਰ ਦੀ ਗੱਲ ਕਰਾਂ ਮੈਂ.....
ਹੇਰਾਫੇਰੀ ਤੇ ਸਮਗਲਿੰਗ ਦੇ ਧੰਧੇ, ਵੇਖਿਓ! ਸਭ ਮੁੱਕ ਜਾਣੇ।
ਖੁਸ਼ੀ-ਖੁਸ਼ੀ ਹਰੇਕ ਨੇ ਕੰਮ ਹੈ ਕਰਨਾ, ਰੋਣੇ-ਧੋਣੇ ਮੁੱਕ ਜਾਣੇ।।
ਟੈਂਸ਼ਨ ਨਾਂ ਦੀ ਚੀਜ਼ ਨਹੀਂ ਰਹਿਣੀ, ਏਹਦੇ ਵਿੱਚ ਨਹੀਂ ਦੋ ਰਾਵਾਂ....
ਪ੍ਰੇਮ-ਪਿਆਰ ਦੀ ਗੱਲ ਕਰਾਂ ਮੈਂ.....
ਨਾ ਕੋਈ ਆਖੂ ਦੇਸੀ ਹਾਂ ਮੈਂ, ਨਾ ਆਖੂ ਪ੍ਰਦੇਸ਼ੀ ਹਾਂ ਮੈਂ।
ਹਰ ਕੋਈ ਆਖੂ ਮੈਂ ਹਾਂ ਰੱਬ ਦਾ ਬੰਦਾ! ਏਹੀਓ ਸੁਣਨਾ ਚਾਹੁੰਦੀ ਹਾਂ ਮੈਂ।।
ਸੁਣ ਲੈ ਪੁਕਾਰ 'ਰਿਸ਼ੀ' ਦੀ ਰੱਬਾ! ਜੀਉਦੇ ਜੀ ਮੈਂ ਵੇਖਣਾ ਚਾਹਵਾਂ.....

00

ਸੰਪੂਰਨ ਪਰਿਵਾਰ

ਮਾਪੇ ਰਹਿਣ ਸਦਾ ਦੁਨੀਆਂ 'ਤੇ ਵਸਦੇ, ਉਨ੍ਹਾਂ ਦਾ ਸਤਿਕਾਰ ਚਾਹੀਦੈ।
ਬੱਚੇ ਰਹਿਣ ਸਦਾ ਫੁੱਲਾਂ ਵਾਂਗ ਹੱਸਦੇ, ਉਨ੍ਹਾਂ ਨੂੰ ਬੱਸ ਪਿਆਰ ਚਾਹੀਦੈ।
ਲੱਖੀਂ ਨਾ ਕਰੋੜੀ ਮਿਲੇ ਮਾਪਿਆਂ ਦਾ ਪਿਆਰ ਜੀ।
ਲੱਭ ਭਾਵੇਂ ਵੇਖ ਲਈਏ ਸਾਰਾ ਸੰਸਾਰ ਜੀ।।
ਮਾਪਿਆਂ ਦੀ ਹਸਤੀ ਜਹਾਨ 'ਤੇ ਵੱਖਰੀ, ਇਸ ਗੱਲ ਦਾ ਇਕਰਾਰ ਚਾਹੀਦੈ....
ਮਾਪੇ ਰਹਿਣ ਸਦਾ ਦੁਨੀਆਂ 'ਤੇ ਵਸਦੇ.....
ਮੰਗਦੇ ਨਾ ਕਦੀ ਬੱਚੇ ਸੋਨਾ-ਚਾਂਦੀ ਮਾਪਿਆਂ ਤੋਂ।
ਮੰਗਦੇ ਨੇ ਲਾਡ ਬੱਚੇ ਆਪਣੇ-ਆਪਣੇ ਮਾਪਿਆਂ ਤੋਂ।।
ਹੋਰ ਮੰਗ ਨਾ ਦੁਹਰਾਉਣ ਕਦੀ ਬੱਚੇ, ਉਨ੍ਹਾਂ ਨੂੰ ਤਾਂ ਦੁਲਾਰ ਚਾਹੀਦੈ....
ਮਾਪੇ ਰਹਿਣ ਸਦਾ ਦੁਨੀਆਂ 'ਤੇ ਵਸਦੇ.....
ਇਕ-ਦੂਸਰੇ ਦੇ ਆਸਰੇ, ਸਮਾਂ ਸੋਹਣਾ ਲੰਘ ਜਾਂਦੈ।
ਇਕ-ਦੂਸਰੇ ਦੇ ਸਹਾਰੇ, ਸੁੱਖ-ਦੁੱਖ ਕੱਟ ਜਾਂਦੈ।।
ਆਵੇ ਘਰ 'ਚ ਬਹਾਰ, ਆਪਸੀ ਦੀਦਾਰ ਚਾਹੀਦੈ....
ਮਾਪੇ ਰਹਿਣ ਸਦਾ ਦੁਨੀਆਂ 'ਤੇ ਵਸਦੇ.....
ਮਾਪਿਆਂ ਨਾਲ ਸੋਂਹਦੇ ਬੱਚੇ, ਬੱਚਿਆਂ ਨਾਲ ਸੋਂਹਦੇ ਮਾਪੇ।
ਇਕ-ਦੂਜੇ ਤੋਂ ਬਗੈਰ ਦੋਵੇਂ, ਕੱਟਦੇ ਨੇ ਇਕਲਾਪੇ।।
ਇਕ-ਦੂਜੇ ਤੋਂ ਬਗੈਰ ਨੇ ਅਧੂਰੇ, ਸੰਪੂਰਨ ਪਰਿਵਾਰ ਚਾਹੀਦੈ..
ਮਾਪੇ ਰਹਿਣ ਸਦਾ ਦੁਨੀਆਂ 'ਤੇ ਵਸਦੇ.....
ਮਾਪਿਆਂ ਤੇ ਬੱਚਿਆਂ ਦਾ ਰਿਸ਼ਤਾ ਬੜਾ ਹੀ ਪਿਆਰਾ।
ਬੱਚਿਆਂ ਤੇ ਮਾਪਿਆਂ ਦਾ ਰਿਸ਼ਤਾ, ਬੜਾ ਹੀ ਨਿਆਰਾ।।
ਇਸ ਰਿਸ਼ਤੇ ਨੂੰ ਜਿਹੜੇ ਨਹੀਂ ਪੁਗਾਉਂਦੇ
'ਰਿਸ਼ੀ', ਹੋਣਾ ਉਹਨਾਂ ਨੂੰ ਸ਼ਰਮਸਾਰ ਚਾਹੀਦੈ...

00

ਸਖ਼ਤ ਕਾਨੂੰਨ

ਜਦੋਂ ਨੱਕ ਦੀ ਚੋ ਕੇ ਮੂੰਹ ਨੂੰ ਆਈ,
ਉਦੋਂ ਸਾਰੇ ਪਾਸੇ ਮਚੀ ਦੁਹਾਈ।
ਜਦੋਂ ਖਾ ਲਈ ਜਵਾਨੀ ਨਸ਼ਿਆਂ ਨੇ ਸਾਰੀ,
ਉਦੋਂ ਪੰਜਾਬ ਨੂੰ ਹੋਸ਼ ਹੈ ਆਈ।।
ਪਹਿਲਾਂ ਕਿਉਂ ਨਾ ਸਾਂਭੇ ਜਾਏ?
ਪਹਿਲਾਂ ਕਿਉਂ ਨਾ ਕਦਮ ਉਠਾਏ?
ਪਹਿਲਾਂ ਕਿਉਂ ਨਾ ਨਾਕੇ ਲਾਏ,
ਪਹਿਲਾਂ ਕਿਉਂ ਨਾ ਸੋਗ ਮਨਾਏ?
ਆਵਾ ਊਤ ਗਿਐ ਜਦੋਂ ਸਾਰਾ,
ਉਦੋਂ ਸਭ ਨੇ ਆਵਾਜ਼ ਉਠਾਈ।
ਕੌਣ ਸੁਣਦੈ ਆਵਾਜ਼ ਕਿਸੇ ਦੀ,
ਨਸ਼ਿਆਂ ਨੇ ਸਭ ਅਕਲ ਗਵਾਈ।।
ਹੁਸ਼ਿਆਰ ਸਾਨੂੰ ਹੁਣ ਰਹਿਣਾ ਪੈਣੈ
ਏਸੇ ਵਿਚ ਸਭ ਦੀ ਭਲਾਈ।।
ਨਹੀਂ ਤੇ ਪਛਤਾਵਾ ਰਹਿ ਜਾਊ ਪੱਲੇ,
ਜੇ ਕੀਤੀ ਗਈ ਨਾ ਸਖਤਾਈ।।
ਮਾਪੇ ਰੱਖਣ ਨਜ਼ਰ ਬੱਚਿਆਂ 'ਤੇ,
ਦੇਣ ਬੱਚਿਆਂ ਨੂੰ ਚੰਗੀ ਸਿਖਲਾਈ।
ਪੁਲਿਸ ਅਤੇ ਅਧਿਆਪਕ ਵੀ ਰੋਕਣ,
ਵਰਤਣ ਨਾ ਭੁੱਲ ਕੇ ਉਹ ਨਰਮਾਈ।।
ਜੇ ਸਖਤ ਕਾਨੂੰਨ ਬਣਾਉਣ ਸਰਕਾਰਾਂ,
ਦੋਸ਼ੀਆਂ ਦੀਆਂ ਲੱਗ ਜਾਣ ਕਤਾਰਾਂ।
'ਰਿਸ਼ੀ', ਹੱਥ ਕੰਨਾਂ ਨੂੰ ਲਗਾਉਂਦੇ ਫਿਰਨਗੇ,
ਨਸ਼ਿਆਂ ਦੀਆਂ ਨਾ ਝੱਲਣਗੇ ਮਾਰਾਂ।
ਹੱਥ ਕੰਨਾਂ ਨੂੰ ਲਗਾਉਂਦੇ ਫਿਰਨਗੇ,
ਨਸ਼ਿਆਂ ਦੀਆਂ ਨਾ ਖਾਣਗੇ ਮਾਰਾਂ।

00

ਮਦਦਗਾਰ ਭਾਈ ਬਣਨਾ ਸਿੱਖੋ

ਸਿੱਖੋ! ਸਿੱਖੋ! ਬਈ ਸਭ ਕੁਝ ਸਿੱਖੋ।
ਜ਼ਿੰਦਗੀ 'ਚ ਰੰਗ ਭਰਨਾ ਸਿੱਖੋ!
ਧਰਤੀ 'ਤੇ ਰਹਿਣਾ ਸਿੱਖੋ!
ਵਿਚ ਅਕਾਸ਼ੀਂ ਉਡਣਾ ਸਿੱਖੋ!
ਡੂੰਘੇ ਸਾਗਰ ਤਰਨਾ ਸਿੱਖੋ।
ਉੱਚੇ ਪਰਬਤ ਚੜ੍ਹਨਾ ਸਿੱਖੋ।
ਫੁੱਲਾਂ ਵਾਂਗੂੰ ਖਿੜਨਾ ਸਿੱਖੋ।
ਵਾਂਗੂੰ ਪਤੰਗਿਆਂ ਸੜਨਾ ਸਿੱਖੋ!
ਔਰਤਾਂ ਵਾਂਗੂੰ ਜਰਨਾ ਸਿੱਖੋ!
ਮਰਦਾਂ ਵਾਂਗੂੰ ਅੱਗੇ ਵਧਣਾ ਸਿੱਖੋ!
ਤੂਫਾਨਾਂ ਨਾਲ ਲੜਨਾ ਸਿੱਖੋ!
ਦੇਸ਼ ਕੌਮ ਲਹੀ ਮਰਨਾ ਸਿੱਖੋ!
ਪਿਆਰ-ਮੁਹੱਬਤ ਕਰਨਾ ਸਿੱਖੋ!
ਰੱਬ ਦੀ ਰਜ਼ਾ 'ਚ ਰਹਿਣਾ ਸਿੱਖੋ!
ਪੜ੍ਹਨਾ ਲਿਖਣਾ ਸਾਰੇ ਹੀ ਸਿੱਖੋ!
ਪੜ੍ਹ ਲਿਖ ਕੇ ਬਣ ਜਾਓ ਸਕਾਲਰ!
ਚੰਗੀਆਂ-ਚੰਗੀਆਂ ਗੱਲਾ ਸਿੱਖੋ!
ਸਿੱਖ ਸਿੱਖ ਕੇ 'ਰਿਸ਼ੀ' ਹੋਰਾਂ ਨੂੰ ਸਿਖਾਓ।
ਮਦਦਗਾਰ ਭਾਈ ਬਣਨਾ ਸਿੱਖੋ!

00

ਆਜ਼ਾਦ ਭਾਰਤ ਦੇ ਵਾਰਿਸੋ!

ਆਜ਼ਾਦ ਭਾਰਤ ਦੇ ਵਾਰਿਸੋ, ਹੱਕ-ਸੱਚ ਦੀ ਸੁਣੋ ਆਵਾਜ਼।
ਲੱਖਾਂ ਕੁਰਬਾਨੀਆਂ ਨਾਲ ਸੀ, ਸਾਡਾ ਦੇਸ਼ ਹੋਇਆ ਆਜ਼ਾਦ।
ਵਿਦਿਆ ਦੇ ਕੇ ਹਰੇਕ ਨੂੰ, ਅਨਪੜ੍ਹਤਾ ਤੋਂ ਕਰੋ ਆਜ਼ਾਦ।
ਮਾਫ ਕਰਕੇ ਕਰਜ਼ੇ ਕਿਸਾਨ ਦੇ, ਕਿਸਾਨਾਂ ਨੂੰ ਕਰੋ ਆਜ਼ਾਦ।
ਪੁੱਤਰਾਂ ਵਾਂਙ ਧੀਆਂ ਨੂੰ ਸਮਝ ਕੇ, ਔਰਤ ਨੂੰ ਕਰੋ ਆਜ਼ਾਦ।
ਝੂਠ ਨੂੰ ਫਾਂਸੀ ਚਾਹੜਕੇ, ਸੱਚ ਨੂੰ ਕਰੋ ਆਜ਼ਾਦ।
ਨਸ਼ਿਆਂ ਨੂੰ ਗੋਲੀ ਮਾਰ ਕੇ, ਬੀਮਾਰੀਆਂ ਤੋਂ ਰਹੋ ਆਜ਼ਾਦ।
ਵਿਆਹ ਕਰਕੇ ਬਿਨਾਂ ਦਹੇਜ ਦੇ, ਕਰਜ਼ਿਆਂ ਤੋਂ ਰਹੋ ਆਜ਼ਾਦ।
ਦੇਵੋ ਮੌਕੇ ਰੁਜ਼ਗਾਰ ਦੇ, ਜੇ ਰਹਿਣੈ ਤੁਸੀਂ ਆਜ਼ਾਦ।
ਗਰੀਬੀ ਨੂੰ ਜੜ੍ਹੋਂ ਮੁਕਾ ਦਿਓ, ਜੇ ਰਹਿਣੈ ਤੁਸੀਂ ਆਜ਼ਾਦ।
ਧਰਮ ਨੂੰ ਧਰਮ ਹੀ ਜਾਣਕੇ, ਰਾਜਨੀਤੀ ਤੋਂ ਰੱਖੋ ਆਜ਼ਾਦ।
ਰਾਜਨੀਤੀ 'ਚ ਖੇਡਾਂ ਨਾ ਖੇਡੋ, ਬੇਈਮਾਨੀ ਤੋਂ ਰਹੋ ਆਜ਼ਾਦ।
ਸੰਭਾਲੋ ਆਪਣੀ ਸੱਭਿਅਤਾ, ਰੱਖੋ ਆਪਣੀ ਸੋਚ ਆਜ਼ਾਦ।
ਆਜ਼ਾਦ ਸੋਚ ਦੇ ਨਾਲ ਹੀ ਰਹਿ ਸਕੋਗੇ 'ਰਿਸ਼ੀ' ਆਬਾਦ।
ਆਜ਼ਾਦ ਸੋਚ ਦੇ ਨਾਲ ਹੀ ਕਰ ਸਕੋਂਗੇ ਸੱਚਾ ਸੁੱਚਾ ਰਾਜ

00

ਇੱਕ ਖੂਬਸੂਰਤ ਔਰਤ!

ਜੀ ਹਾਂ! ਮੇਰੀ ਮਾਂ ਇੱਕ ਪਿਆਰੀ ਮਾਂ ਹੋਣਦੇ ਨਾਲ-ਨਾਲ ਹੈ ਇਕ ਬੜੀ ਹੀ ਖੂਬਸੂਰਤ ਔਰਤ।
ਉਹ ਬਾਹਰੋਂ ਵੀ ਖ਼ੂਬਸੂਰਤ ਹੈ ਤੇ ਅੰਦਰੋਂ ਵੀ ਹੈ ਇਕ ਬੜੀ ਹੀ ਖ਼ੂਬਸੂਰਤ ਔਰਤ।
ਰੱਬ ਨੇ ਉਹਨੂੰ ਖ਼ੂਬਸੂਰਤ ਬਣਾਇਐ! ਇਕ ਬੜੀ ਹੀ ਖ਼ੂਬਸੂਰਤ ਔਰਤ!
ਮੇਰੀ ਮਾਂ ਦੇ ਖ਼ੂਬਸੂਰਤ ਵਿਚਾਰ ਬਣਾਉਂਦੇ ਨੇ ਉਸ ਨੂੰ ਹੋਰ ਵੀ ਖ਼ੂਬਸੂਰਤ ਔਰਤ।
ਉਸਦੀਆਂ ਲਾਡਲੀਆਂ ਬਾਹਾਂ ਦਾ ਸਮੁੰਦਰ ਜੇਹਾ ਫੈਲਾਅ ਤੇ ਹੱਥਾਂ ਦੀ ਸੱਚੀ ਸੁੱਚੀ ਕਿਰਤ
ਉਹਦੀਆਂ ਅੱਖੀਆਂ ਦੀ ਅਨੋਖੀ ਚਮਕ ਅਤੇ ਮਿੱਠੀ ਆਵਾਜ਼ ਦਾ ਜਾਦੂ!
ਉਹਦੇ ਦਿਲ ਦਾ ਅਸੀਮ ਪ੍ਰੇਮ ਤੇ ਮਨ ਦੀ ਡੂੰਘੀ ਚਾਹਤ।
ਉਹਦੇ ਸਾਹਾਂ ਦੀ ਖੁਸ਼ਬੂ ਅਤੇ ਉਹਦੇ ਲੰਮੇ ਚਾਦੀ ਰੰਗੇ ਵਾਲਾਂ ਦੀ ਮਹਿਕ
ਉਹਦਾ ਕਣਕ ਵਿੰਨਾ ਰੰਗ ਅਤੇ ਉਹਦੇ ਤਿੱਖੇ ਨੈਣ ਨਕਸ਼
ਉਹਦਾ ਸੰਜਮ, ਸਹਿਨਸ਼ੀਲਤਾ ਨਾਲ ਭਰਪੂਰ ਵਧੀਆ ਸਮਾਯੋਜਨ
ਉਹਦਾ ਸਾਦਾ, ਚੰਗੀਆਂ ਸਿੱਖਿਆਵਾਂ ਤੇ ਚੜ੍ਹਦੀ ਕਲਾ ਵਾਲਾ ਜੀਵਨ
ਬਣਾਉਂਦੈ ਮੇਰੀ ਮਾਂ ਨੂੰ ਹੋਰ ਵੀ ਖੂਬਸੂਰਤ ਔਰਤ
'ਰਿਸ਼ੀ' ਨਿਰੀ ਗੋਰੀ ਚਮੜੀ ਵਾਲੀ, ਕੀਮਤੀ ਗਹਿਣਿਆ ਤੇ ਵਸਤਰਾਂ ਨਾਲ,
ਬਨਾਵਟੀ ਸਾਧਨਾਂ ਨਾਲ ਸ਼ਿੰਗਾਰੀ ਗਈ ਔਰਤ ਹੀ ਖ਼ੂਬਸੂਰਤ ਨਹੀਂ ਹੁੰਦੀ
ਬਲਕਿ ਮੇਰੀ ਮਾਂ ਵਰਗੀ ਸਾਦੀ ਅਤੇ ਸੁਸ਼ੀਲ ਔਰਤ ਹੀ ਹੁੰਦੀ ਹੈ।
ਇੱਕ ਖੂਬਸੂਰਤ ਔਰਤ ਤੇ ਇੱਕ ਬੜੀ ਪਿਆਰੀ ਮਾਂ

00

ਪੀੜ ਦੀ ਪੀੜ

ਪੀੜ ਦੀ ਪੀੜ ਨੂੰ ਕੇਵਲ ਉਹੀ ਜਾਣੇ,
ਜੇਹਨੇ ਪਿੰਡੇ 'ਤੇ ਪੀੜ ਹੰਢਾਈ ਹੋਵੇ।
ਉਸ ਪੀੜ ਨੂੰ ਕਦੀ ਨਾ ਕੋਈ ਜਾਣੇ,
ਜੇਹੜੀ ਪੀੜ ਤੋਂ ਪੀੜ੍ਹਤ ਲੋਕਾਈ ਹੋਵੇ।
ਆਟੇ ਦਾਲ ਦਾ ਭਾਅ ਉਹ ਕੀ ਜਾਣੇ,
ਜੇਹਨੇ ਗੋਦਾਮ 'ਚ ਕਣਕ ਲੁਕਾਈ ਹੋਵੇ।
ਮਹਿੰਗੇ ਭਾਅ 'ਤੇ ਵੇਚਾਗੇ ਮਾਲ ਆਪਣਾ,
ਜੇਹਦੇ ਦਿਲ 'ਚ ਗਲ ਸਮਾਈ ਹੋਵੇ।
ਪੁੱਤਰਾਂ ਵਾਂਙੂੰ ਉਹਤੇ ਪਾਲਦੈ ਫ਼ਸਲ ਅਪਣੀ,
ਜੇਹਨੇ ਹੱਥਾਂ ਨਾਲ ਕੀਤੀ ਬਿਜਾਈ ਹੋਵੇ।
ਜੇਹਨੇ ਬੀਜ ਦਾ ਕਦੀ ਨਾ ਮੂੰਹ ਡਿੱਠਾ,
ਉਹ ਕੀ ਜਾਣਦੈ! ਕੀ ਕਣਕ ਕੀ ਰਾਈ ਹੋਵੇ।
ਗੱਲ ਲੱਗਦੀ ਏ ਤੀਰ ਦੇ ਵਾਂਙ ਦਿਲ 'ਤੇ,
ਗੌਰ ਕਰਿਓ! ਜੇ ਗੱਲ ਅਜ਼ਮਾਈ ਹੋਵੇ।
ਨਹੀਂ ਤੇ ਗੱਲ ਨੂੰ ਏਥੇ ਹੀ ਰਹਿਣ ਦਈਓ,
ਕਾਹਤੇ ਗੱਲ ਦੀ ਹੋਰ ਖਿਚਾਈ ਹੋਵੇ।
ਹਰੇ ਜ਼ਖ਼ਮਾਂ ਨੂੰ ਹਰੇ ਹੀ ਰਹਿਣ ਦੇਵੋ,
ਹਰਿਆ ਭਰਿਆ ਏ ਸਾਰਾ ਸੰਸਾਰ ਵੇਖੋ।
ਜ਼ਖ਼ਮ ਬੰਦੇ ਦੇ ਨਾਲ ਹੀ ਚਲੇ ਜਾਂਦੇ,
ਜਦੋਂ ਜੱਗ ਤੋਂ 'ਰਿਸ਼ੀ' ਵਿਦਾਈ ਹੋਵੇ।
ਜਦੋਂ ਜੱਗ ਤੇ 'ਰਿਸ਼ੀ' ਵਿਦਾਈ ਹੋਵੇ।

00

ਨਾ ਸਮਝੀਏ ਭਾਰ ਬਜ਼ੁਰਗਾਂ ਨੂੰ

ਤਹਿ ਦਿਲੋਂ ਸਦਾ ਕਰੀਏ ਆਪਾਂ ਪਿਆਰ ਬਜ਼ੁਰਗਾਂ ਨੂੰ,
ਅੰਤਰ ਮਨ ਤੋਂ ਦਈਏ ਬਈ! ਸਤਿਕਾਰ ਬਜ਼ੁਰਗਾਂ ਨੂੰ।
ਬਜ਼ੁਰਗਾਂ ਨੇ ਵੀ ਸਾਰੀ ਦੁਨੀਆਂ ਵੇਖੀ ਹੁੰਦੀ ਏ,
ਵੇਖ ਵੇਖ ਉਹਨਾਂ ਸਾਰੀ ਦੁਨੀਆਂ ਘੋਖੀ ਹੁੰਦੀ ਏ।
ਬੇਵਕੂਫ ਨਾ ਸਮਝੀਏ, ਸਮਝੀਏ ਹੁਸ਼ਿਆਰ ਬਜ਼ੁਰਗਾਂ ਨੂੰ,
ਤਹਿ ਦਿਲੋਂ ਸਦਾ ਕਰੀਏ.....!

ਬਿਮਾਰ ਕਦੀ ਜੇ ਹੋ ਜਾਣ, ਸੇਵਾ ਕਰੀਏ ਬਜ਼ੁਰਗਾਂ ਦੀ,
ਸੇਵਾ ਕਰਕੇ ਹੀ ਮਿਲਦੈ ਮੇਵਾ, ਲਈਏ ਅਸੀਸ ਬਜ਼ੁਰਗਾਂ ਦੀ।
ਧੰਨਵਾਦ ਅਸੀਸ ਦਾ ਕਰਕੇ, ਬਣਾਈਏ ਦਮਦਾਰ ਬਜ਼ੁਰਗਾਂ ਨੂੰ,
ਤਹਿ ਦਿਲੋਂ ਸਦਾ ਕਰੀਏ.....!

ਬੜੇ ਬਜ਼ੁਰਗ ਤੇ ਹੁੰਦੇ ਮੋਹਰੀਦਾਰ ਘਰਾਂ ਦੇ ਜੀ,
ਬੜੇ ਬਜ਼ੁਰਗ ਤੇ ਹੁੰਦੇ ਨੇ ਸ਼ਿੰਗਾਰ ਘਰਾਂ ਦੇ ਜੀ।
ਤੁਹਾਡੇ ਨਾਲ ਹੀ ਸ਼ਾਨ ਅਸਾਡੀ, ਦੱਸੀਏ ਵਿਚਾਰ ਬਜ਼ੁਰਗਾਂ ਨੂੰ
ਤਹਿ ਦਿਲੋਂ ਸਦਾ ਕਰੀਏ.....!

ਸਾਰੀ ਉਮਰ ਕਮਾਈਆਂ ਕਰ ਕਰ ਥੱਕ ਉਹ ਜਾਂਦੇ ਨੇ,
ਥੱਕ ਹਾਰ ਕੇ ਆਖਿਰ ਫਿਰ ਉਹ ਬਹਿ ਹੀ ਜਾਂਦੇ ਨੇ।
ਬੈਠਿਆਂ ਨੂੰ ਨਾ ਮੇਹਣੇ ਮਾਰੀਏ, ਨਾ ਸਮਝੀਏ ਲਾਚਾਰ ਬਜ਼ੁਰਗਾਂ ਨੂੰ
ਤਹਿ ਦਿਲੋਂ ਸਦਾ ਕਰੀਏ.....!

ਕਿਸਮਤ ਵਾਲੇ ਘਰ ਨੇ ਹੁੰਦੇ, ਜਿੱਥੇ ਵੱਸਣ ਬਜ਼ੁਰਗ 'ਰਿਸ਼ੀ'
ਸਭਨਾ ਤੇ ਦਿਨ ਇਹ ਨੇ ਆਉਣੈ, ਹੋਣੈ ਬਜ਼ੁਰਗ ਅਸੀਂ ਤੁਸੀਂ
ਘਰ ਦਾ ਭਾਰ ਬਜ਼ੁਰਗ ਨੇ ਚੁੱਕਦੇ, ਨਾ ਸਮਝੀਏ ਭਾਰ ਬਜ਼ੁਰਗਾਂ ਨੂੰ
ਤਹਿ ਦਿਲੋਂ ਸਦਾ ਕਰੀਏ.....!

00

ਨਾ ਉਹ ਵਕਤ ਨਾ ਘੜੀਆਂ ਰਹੀਆਂ

ਨਾ ਉਹ ਵਕਤ ਨਾ ਘੜੀਆਂ ਰਹੀਆਂ,
ਨਾ ਰਹੇ ਪਿਆਰ ਪੁਰਾਣੇ।
ਨਵੇਂ ਦੌਰ ਦੀਆਂ ਰੀਤਾਂ ਨਵੀਆਂ,
ਨਵਿਆਂ ਨਾਲ ਯਰਾਨੇ।
ਦਿਲ ਦੇ ਖਾਨੇ ਚਾਰ ਸੀ ਹੁੰਦੇ,
ਚੌਹੀਂ ਪਾਸੀਂ ਪਿਆਰ ਸੀ ਹੁੰਦੇ।
ਚਾਰੋ ਖਾਨੇ ਚਿੱਤ ਹੋ ਗਏ,
ਪੂਰ ਹੋ ਗਏ ਖਾਨੇ।
ਖੁੱਲ੍ਹੀਆਂ ਅੱਖਾਂ ਬਿਟ ਬਿਟ ਝਾਕਣ,
ਕਿਧਰ ਮਾਲ ਹੈ ਵਾਧੂ।
ਉਸੇ ਨਾਲ ਨਜ਼ਰ ਹੈ ਮਿਲਦੀ,
ਜਿਧਰ ਮਿਲਦੇ ਨਜ਼ਰਾਨੇ।
ਕੀ ਕਾਰਨ ਹੈ ਕੀ ਮੈਂ ਦੱਸਾਂ,
ਹਰ ਕੋਈ ਕਾਰਨ ਜਾਨੇ।
ਮੈਂ ਦੱਸੂੰ ਤਾਂ ਗੱਲ ਬਣ ਜਾਣੀ,
ਬਣ ਜਾਣੇ ਅਫਸਾਨੇ।
ਅਫਸਾਨਿਆਂ ਨੂੰ ਲੋਕੀਂ ਕੰਨ ਲਾ-ਲਾ ਸੁਣਦੇ,
ਹਕੀਕਤ ਤੋਂ ਅਣਜਾਣੇ।
ਹਕੀਕਤ ਤੇ 'ਰਿਸ਼ੀ' ਹਕੀਕਤ ਹੀ ਹੁੰਦੀ,
ਹਕੀਕਤ ਦੇ ਹੁੰਦੇ ਮਾਇਨੇ।

00

ਰੱਬ ਦੀ ਸੌਗਾਤ

ਰੱਬ ਦੀ ਸੌਗਾਤ ਸਾਨੂੰ ਸਭ ਨੂੰ ਮਿਲੇਗੀ।
ਫੁੱਲਾਂ ਵਾਲੀ ਕਿਆਰੀ ਸਾਡੇ ਬਾਗ ਵਾਲੀ ਖਿਲੇਗੀ।
ਬਾਰ-ਬਾਰ ਤੱਕਾਂਗੇ ਤੇ ਵਾਰੀ-ਵਾਰੀ ਜਾਵਾਂਗੇ।
ਸੋਹਣੀ ਜੇਹੀ ਕਲੀ ਨੂੰ, ਸੀਨੇ ਨਾਲ ਲਾਵਾਂਗੇ।
ਪਿਆਰ ਵਾਲੀ ਭੁੱਖ ਸਾਡੀ ਛੇਤੀ ਹੀ ਮਿਟੇਗੀ
ਰੱਬ ਦੀ ਸੌਗਾਤ....

ਸੀਨੇ ਨਾਲ ਲਾ ਕੇ ਉਹਨੂੰ ਲੋਰੀਆਂ ਸੁਣਾਵਾਂਗੇ
ਹਨੀ-ਮਨੀ ਵਾਂਗ ਉਹਨੂੰ ਢਿੱਡ 'ਤੇ ਪਾਵਾਂਗੇ।
ਸਿਮਰਨ ਤੇ ਪੂਜਾ ਵਾਲੀ ਸ਼ਾਂਤੀ ਮਿਲੇਗੀ।
ਰੱਬ ਦੀ ਸੌਗਾਤ....

ਸੋਹਣੇ-ਸੋਹਣੇ ਰੰਗਾਂ ਵਾਲੇ ਕੱਪੜੇ ਪੁਆਵਾਂਗੇ।
ਨਿੱਕੇ-ਨਿੱਕੇ ਖਿਡੌਣੇ ਉਹਦੇ ਵਾਸਤੇ ਲਿਆਵਾਂਗੇ।
ਖੇਡਾਂ ਉਹਦੀਆਂ ਨੂੰ ਸਾਡੀ ਦਾਦ ਵੀ ਮਿਲੇਗੀ।
ਰੱਬ ਦੀ ਸੌਗਾਤ....

ਉਂਗਲੀ ਤੋਂ ਫੜ੍ਹ ਫੜ੍ਹ ਲਾਡੋ ਨੂੰ ਤੁਰਾਵਾਂਗੇ।
ਤੋਤਲੀਆਂ ਗੱਲਾਂ ਕਰ ਧੀ ਨੂੰ ਹਸਾਵਾਂਗੇ।
ਵੇਖ ਵੇਖ ਉਹਨੂੰ ਕਦੀ ਪਿਆਸ ਨਾ ਬੁਝੇਗੀ।
ਰੱਬ ਦੀ ਸੌਗਾਤ....

ਨਿੱਕੀ ਜੇਹੀ ਪਰੀ ਸਾਨੂੰ ਬੜੀ ਪਿਆਰੀ ਲੱਗੇਗੀ।
ਅੱਖੀਆਂ ਦੀ ਜੋਤ ਸਾਡੇ ਅੱਗੇ ਅੱਗੇ ਭੱਜੇਗੀ।
'ਰਿਸ਼ੀ' ਦੀ ਪ੍ਰੀਤ ਪਿਆਰੀ ਕਲੀ ਨਾਲ ਲੱਗੇਗੀ।
ਰੱਬ ਦੀ ਸੌਗਾਤ....

00

ਨਸ਼ਿਆਂ ਦੀ ਭੈੜੀ ਮਾਰ

ਨਸ਼ਿਆਂ ਦੀ ਭੈੜੀ ਮਾਰ ਨੇ, ਮੇਰਾ ਇਹ ਹਾਲ ਬਣਾਇਆ!
ਹੋ ਗਿਆ ਸਰੀਰ ਨਿਕੰਮਾ, ਵੇਲਾ ਹੁਣ ਆਖਰੀ ਆਇਆ।
ਮਾਪਿਆਂ ਸੀ ਮੈਨੂੰ ਵਰਜਿਆ, ਵਰਜਿਆ ਮੇਰੀਆਂ ਭੈਣਾ।
ਵੀਰਾਂ ਵੀ ਮੈਨੂੰ ਰੋਕਿਆ, ਪਰ ਮੈਂ ਨਾ ਮੰਨਿਆ ਕਹਿਣਾ।
ਸਿਰ ਉਪਰੋਂ ਗੱਲ ਲੰਘਾ ਦਿੱਤੀ, ਜਦੋਂ ਵੀ ਉਨ੍ਹਾਂ ਸਮਝਾਇਆ।
ਨਸ਼ਿਆਂ ਦੀ ਭੈੜੀ ਮਾਰ.....
ਅਧਿਆਪਕਾਂ ਦੀ ਚੰਗੀ ਮੱਤ ਵੀ ਲੱਗਦੀ ਸੀ ਮੈਨੂੰ ਭੈੜੀ।
ਨਸ਼ਿਆਂ ਦੀ ਕੋੜੀ ਪੁੜੀ ਨਾ ਲੱਗਦੀ ਸੀ ਮੈਨੂੰ ਕੋੜੀ।
ਉਸੇ ਕੋੜੀ ਪੁੜੀ ਨੇ ਅੱਜ ਇਹ ਨਰਕ ਵਿਖਾਇਆ।
ਨਸ਼ਿਆਂ ਦੀ ਭੈੜੀ ਮਾਰ.....
ਮਾੜੇ ਲੋਕਾਂ ਦੀ ਸੰਗਤ ਵਿਚ ਨਸ਼ਿਆਂ ਦੀ ਆਦਤ ਪੈ ਗਈ
ਮਾੜੀ ਸੰਗਤ ਉਨ੍ਹਾਂ ਦੀ, ਮੇਰੀ ਮਹਿੰਗੀ ਜਿੰਦਗੀ ਲੈ ਗਈ
ਅੱਜ ਉਸੇ ਨਸ਼ੇ ਦੀ ਆਦਤ ਨੇ, ਮੌਤ ਦਾ ਰਾਹ ਚੁਣਵਾਇਆ
ਨਸ਼ਿਆਂ ਦੀ ਭੈੜੀ ਮਾਰ.....
ਅੱਖਾਂ ਖੁੱਲ੍ਹੀਆਂ ਜਦੋਂ ਮੇਰੀਆਂ, ਉਦੋਂ ਬੜੀ ਦੇਰ ਹੋ ਗਈ।
ਦੁਨੀਆਂ ਮੇਰੀ ਤੇ ਲੋਕੋ। ਹੁਣ ਹਨ੍ਹੇਰ ਹੋ ਗਈ।
ਪਛਤਾਵਾ ਹੀ ਰਹਿ ਗਿਐ ਪੱਲੇ, ਮੈਂ ਰਜ ਰਜ ਪਛਤਾਇਆ
ਨਸ਼ਿਆਂ ਦੀ ਭੈੜੀ ਮਾਰ.....
ਜਾਂਦਾ-ਜਾਂਦਾ ਮੈਂ ਹਾਂ ਮੰਗਦਾ ਸਭਨਾਂ ਤੋਂ ਮੁਆਫੀ
ਹਰ ਇੱਕ ਦੇ ਨਾਲ ਮੈਂ ਕੀਤੀ ਸੀ 'ਰਿਸ਼ੀ' ਬੇਇਨਸਾਫੀ।
ਨਸ਼ਿਆਂ ਦਾ ਲਵੋ ਨਾ ਨਾਮ ਮੈਂ ਕਫਨ 'ਤੇ ਲਿਖਾਇਆ।
ਨਸ਼ਿਆਂ ਦਾ ਕਰੋ ਤ੍ਰਿਸਕਾਰ ਮੈਂ ਅਰਥੀ 'ਤੇ ਲਿਖਾਇਆ।
ਨਸ਼ਿਆਂ ਦੀ ਭੈੜੀ ਮਾਰ.....

00

ਸੈਂਡੀ (ਅਕਤੂਬਰ 29, 2012)

ਤੂਫਾਨ ਤੇ ਤੂਫਾਨ ਸੀ ਆ ਕੇ ਚਲਾ ਗਿਆ।
ਬੇਕਸੂਰ ਲੋਕਾਂ ਨੂੰ ਰੁਆ ਕੇ ਚਲਾ ਗਿਆ।
ਕੁਦਰਤ ਬੜੀ ਬਲਵਾਨ ਹੈ ਆਪਣੀ ਤਾਕਤ ਵਿਖਾ ਗਈ।
ਅਮਰੀਕਾ ਜੇਹੀ ਵੱਡੀ ਸ਼ਕਤੀ ਨੂੰ ਉਂਗਲਾਂ 'ਤੇ ਨਚਾ ਗਈ।
ਵਿਗਿਆਨ ਤੋਂ ਉੱਚੀ ਹੈ ਉਹ ਪ੍ਰਤੱਖ ਵਿਖਾ ਗਈ।
ਰੱਬ ਦੇ ਅਨੇਕਾਂ ਰੰਗਾਂ ਵਿੱਚੋਂ ਇੱਕ ਰੰਗ ਵਿਖਾ ਗਈ।
ਗੁੱਲ ਹੋ ਗਈਆਂ ਸੀ ਬੱਤੀਆਂ, ਕਈ ਥਾਹੀਂ ਗੁੱਲ ਨੇ।
ਸੈਂਡੀ ਦੇ ਨਾਲ ਜੁੜ ਗਈਆਂ ਯਾਦਾਂ ਅਭੁੱਲ ਨੇ।
ਸਦੀਆਂ ਪੁਰਾਣੇ ਪੇੜ ਵੀ ਜੜਾਂ ਤੋਂ ਉਖੜ ਗਏ।
ਸਮੁੰਦਰ ਕਿਨਾਰੇ ਹੱਸਦੇ-ਵੱਸਦੇ ਲੋਕੀ ਉਜੜ ਗਏ।
ਗੁੱਡੀਆਂ ਦੇ ਵਾਂਗੂੰ ਕਈ ਘਰਾਂ ਦੀਆਂ ਛੱਤਾਂ ਉਡ ਗਈਆਂ,
ਘਰਾਂ ਵਿਚ ਬੈਠੇ ਲੋਕਾਂ ਨੂੰ ਇੱਕ ਦਮ ਭਾਜੜਾਂ ਪਈਆਂ।
ਸਮੇਂ ਜੋ ਖੇਡ ਖੇਡਿਆ ਬੜਾ ਖਤਰਨਾਕ ਸੀ।
ਖਬਰਾਂ 'ਚ ਜੋ ਮੈਂ ਵੇਖਿਆ ਬੜਾ ਦਰਦਨਾਕ ਸੀ।
'ਕੰਧ 'ਤੇ ਚੜ੍ਹੀ ਸੀ ਕਾਰ ਇੱਕ। ਅਨੇਕਾਂ ਪਲਟ ਗਈਆਂ।
ਪਾਣੀ 'ਚੋਂ ਕਿਸ਼ਤੀਆਂ ਸੜਕਾਂ 'ਤੇ ਆ ਗਈਆਂ।''
ਮਕਾਨਾਂ ਦੀ ਧੁੱਖਦੀ ਰਾਖ ਨੂੰ ਟੀਵੀ 'ਤੇ ਵੇਖਿਆ।
ਦੁਕਾਨਾਂ ਦੀ ਲੁੱਟਦੀ ਰਾਸ ਨੂੰ ਹਰ ਇੱਕ ਨੇ ਵੇਖਿਆ।
ਇੱਕ ਲਾਚਾਰ ਮਾਤਾ ਵੇਖੀ ਮੈਂ ਫੁੱਟ-ਫੁੱਟ ਕੇ ਰੋ ਰਹੀ।
ਆਪਣੇ ਉਜੜੇ ਹੋਏ ਅਸ਼ਿਆਨੇ ਦੇ ਕੰਢੇ ਖਲੋ ਰਹੀ।
ਨਿਸ਼ਾਨੀਆਂ ਸੀ ਲੱਭ ਰਹੀ ਮਲਬੇ ਦੇ ਢੇਰ 'ਚੋਂ।
ਫਰੋਲਦੀ ਸੀ ਰਾਖ ਉਹ ਬੈਠੀ ਸਵੇਰ ਤੋਂ।
ਘਰ ਬਨਾਉਣ ਲੱਗਿਆਂ ਉਸ ਦੀ ਜਿੰਦਗੀ ਨਿਕਲ ਗਈ।
ਲੱਖਾਂ ਦੀ ਪੂੰਜੀ ਰੁੜ ਗਈ ਇੱਕ ਟਾਇਲ ਮਿਲ ਗਈ।
ਰੋਂਦੀ ਨੇ ਚੁੱਕ ਕੇ ਟਾਇਲ ਨੂੰ ਸੀਨੇ ਨਾਲ ਲਾ ਲਿਆ।
ਸੀਨੇ ਨਾਲ ਲਾ ਕੇ ਟਾਇਲ ਨੂੰ ਸੁੱਖ ਦਾ ਸਾਹ ਲਿਆ।।

ਕੈਂਪਾਂ ਵਿਚ ਬੈਠੇ ਲੋਕ ਨੇ ਕਿਸਮਤ ਨੂੰ ਕੋਸਦੇ।
ਆਪਣੇ ਰੋਂਦੇ ਜੁਆਕਾਂ ਦਾ ਪਏ ਨੇ ਸਿਰ ਪਲੋਸਦੇ।
ਪਤਾ ਨਹੀਂ ਕਿੰਨਾ ਕੁ ਚਿਰ ਕੈਂਪਾਂ ਵਿਚ ਰਹਿਣਗੇ।
ਰੋਟੀ-ਮਕਾਨ, ਕੱਪੜਿਆਂ ਲਈ ਮੁਥਾਜ ਰਹਿਣਗੇ।
ਕਹਾਣੀਆਂ ਹੀ ਰਹਿ ਗਈਆਂ ਹੁਣ ਤਾਂ ਸੁਨਾਉਣ ਨੂੰ
ਇਤਿਹਾਸ ਦੇ ਨਾਲ ਜੁੜ ਗਈਆਂ 'ਰਿਸ਼ੀ' ਅਗਾਂਹ ਪੜ੍ਹਾਉਣ ਨੂੰ।।

00

ਪੇਕਿਆਂ ਦੀ ਸੀ ਲਾਡੋ ਰਾਣੀ
(ਸੱਚੀ ਘਟਨਾ 'ਤੇ ਅਧਾਰਿਤ ਫਰਜੀ ਨਾਮ ਲਾਡੋ)

ਪੇਕਿਆਂ ਦੀ ਸੀ ਲਾਡੋ ਰਾਣੀ,ਸਹੁਰਿਆਂ ਨੇ ਕੁੱਟਮਾਰ ਕੀਤੀ।
ਮਾਪਿਆਂ ਦੀ ਸੀ ਧੀ ਲਾਡਲੀ, ਸਹੁਰਿਆਂ ਅੱਗ ਲਾ ਸਾੜ ਦਿੱਤੀ।
ਭੋਲਾ ਭਾਲਾ ਮਾਹੀਆ ਸੀ ਉਹਦਾ।
ਬੜਾ ਖਿਆਲ ਰੱਖਦਾ ਸੀ ਉਹਦਾ।
ਪਰ ਗੱਲਾਂ ਵਿਚ ਆ ਕੇ ਉਹਨੇ, ਕਰ ਜਿੰਦਗੀ ਦੋ ਫਾੜ ਦਿੱਤੀ।
ਪੇਕਿਆਂ ਦੀ ਸੀ ਲਾਡੋ ਰਾਣੀ...
ਤਾਹਨੇ ਮੇਹਣੇ ਮਿਲਦੇ ਉਹਨੂੰ
ਸੁੱਕੇ ਟੁੱਕੜ ਜੁੜਦੇ ਉਹਨੂੰ
ਕੱਪੜੇ ਲੱਤੇ ਖੋਹਕੇ ਸਾਰੇ, ਕੱਢ ਦਰਾਂ ਤੋਂ ਬਾਹਰ ਦਿੱਤੀ।
ਪੇਕਿਆਂ ਦੀ ਸੀ ਲਾਡੋ ਰਾਣੀ...
ਪੜ੍ਹੀ ਲਿਖੀ ਉਹ ਨ੍ਹੂੰਹ ਸੀ ਲੋਕੋ।
ਆਗਿਆਕਾਰੀ ਨ੍ਹੂੰਹ ਸੀ ਲੋਕੋ।
ਫਿਰ ਵੀ ਕਦਰ ਪਈ ਨਾ ਉਹਦੀ, ਉਹਦੀ ਇਕ ਇਕ ਡਿਗਰੀ ਪਾੜ ਦਿੱਤੀ
ਪੇਕਿਆਂ ਦੀ ਸੀ ਲਾਡੋ ਰਾਣੀ...
ਪੇਕਿਆਂ ਦੀ ਪੱਤ ਰੱਖੀ ਉਹਨੇ
ਇਕੋ ਚੁੱਪ ਵੱਟ ਰੱਖੀ ਉਹਨੇ
ਇਕ ਚੁੱਪ ਤੇ ਸੋ ਸੁੱਖ ਨੇ ਹੁੰਦੇ, ਇਸ ਗੱਲ ਦੇ 'ਤੇ ਵਿਚਾਰ ਕੀਤੀ
ਪੇਕਿਆਂ ਦੀ ਸੀ ਲਾਡੋ ਰਾਣੀ...
ਰੱਬਾ! ਕਦੀ ਵੀ ਸੜਨ ਨਾ ਨ੍ਹੂੰਹਾਂ
ਸਹੁਰਿਆਂ ਹੱਥੋਂ ਮਰਨ ਨਾ ਨ੍ਹੂੰਹਾਂ
ਖੁਸ਼ੀ ਖੁਸ਼ੀ ਘਰ ਸਹੁਰੇ ਵੱਸਣ 'ਰਿਸ਼ੀ' ਰੱਬ ਦੇ ਅੱਗੇ ਪੁਕਾਰ ਕੀਤੀ
ਪੇਕਿਆਂ ਦੀ ਸੀ ਲਾਡੋ ਰਾਣੀ, ਸਹੁਰਿਆਂ ਨੇ ਕੁੱਟਮਾਰ ਕੀਤੀ।
ਮਾਪਿਆਂ ਦੀ ਸੀ ਧੀ ਲਾਡਲੀ, ਸਹੁਰਿਆਂ ਅੱਗ ਲਾ ਸਾੜ ਦਿੱਤੀ।

00

ਕਈ ਸਵਾਲ

ਕਈ ਵਾਰੀ ਕਈ ਵਾਰੀ, ਮੇਰੇ ਜੇਹਨ 'ਚ ਆਏ
ਇਹਨਾਂ ਸਵਾਲਾਂ ਨਾਲ ਹੀ, ਅੱਖਾਂ 'ਚ ਹੰਝੂ ਭਰ ਆਏ।
ਕਿਉਂ ਮੁਗਲ ਬਾਦਸ਼ਾਹ ਏਨੇ ਜ਼ਾਲਮ ਸੀ ਹੁੰਦੇ?
ਕਿਉਂ ਅਕਲ ਦੇ ਅੰਨ੍ਹੇ ਉਦੋਂ ਦੇ ਹਾਕਮ ਸੀ ਹੁੰਦੇ?
ਕਿਉਂ ਸਾਡੇ ਗੁਰੂਆਂ ਉਤੇ, ਉਹਨਾਂ ਸੀ ਜ਼ੁਲਮ ਕਮਾਇਆ?
ਕਿਉਂ ਗੁਰੂ ਦੇ ਸਿੰਘਾਂ ਦਾ, ਬੰਦ ਬੰਦ ਕਟਵਾਇਆ?
ਕਿਉਂ ਮਾਤਾ ਗੁਜਰ ਕੌਰ ਜੀ ਨੂੰ ਕੈਦ ਕਰਵਾਇਆ?
ਕਿਉਂ ਵੱਡੇ ਦੋਵੇਂ ਲਾਲਾਂ ਨੂੰ, ਜੰਗ 'ਚ ਸ਼ਹੀਦ ਕਰਾਇਆ?
ਕਿਉਂ ਨਿੱਕੇ ਨਿੱਕੇ ਬਾਲਾਂ ਨੂੰ, ਨੀਹਾਂ ਦੇ 'ਚ ਚਿਣਵਾਇਆ?
ਕਿਉਂ ਹਿੰਦੁਸਤਾਨ ਦੀਆਂ ਧੀਆਂ ਨੂੰ, ਜਬਰੀ ਉਠਵਾਇਆ?
ਕਿਉਂ ਸੋਨੇ ਦੀ ਚਿੜੀ ਨੂੰ ਲੁੱਟਕੇ, ਕੰਗਾਲ ਬਣਾਇਆ?
ਕੀ ਇਹ ਸਾਰਾ ਕੁਝ ਕਰਦਿਆਂ, ਉਨ੍ਹਾਂ ਨੂੰ ਤਰਸ ਨਾ ਆਇਆ?
ਮੈਂ ਲੱਭ ਲਏ ਜਵਾਬ ਅੱਜ, ਆਪ ਹੀ ਸਾਰੇ ਦੇ ਸਾਰੇ।
ਅੱਖੀਆਂ ਦੇ ਅੱਗੇ ਲੈ ਆਈ ਹਾਂ, ਸਭ ਨਜ਼ਾਰੇ।
ਸੱਚੇ ਮੁਸਲਮਾਨ ਨਹੀਂ ਉਹ ਹੋਣੇ, ਨਹੀਂ ਤਾਂ ਏਦਾਂ ਨਾ ਕਰਦੇ।
ਸੱਚੇ ਮੁਸਲਮਾਨ ਦੇ ਆਦਰ, ਸਭ ਧਰਮਾਂ ਦਾ ਕਰਦੇ।
ਅਗਿਆਨੀ ਉਹ ਨੇ ਹੋਣੇ ਯਾ ਫਿਰ ਪੱਥਰ ਦਿਲ ਸ਼ਿਕਾਰੀ
ਯਾ ਫਿਰ ਰਾਜ-ਪਾਠ ਦੇ ਲੋਭੀ, ਭੁੱਖੇ ਨੰਗੇ ਭਿਖਾਰੀ।
ਮੁਗਲ ਰਾਜ ਦੀਆਂ ਜੜ੍ਹਾਂ ਨੂੰ, ਬੰਦੇ ਹਿਲਾ ਕੇ ਹੀ ਛੱਡਿਆ।
ਸਿੱਖੀ ਵਾਲਾ ਝੰਡਾ ਦਿੱਲੀ ਵਿਚ ਝੁਲਾ ਕੇ ਹੀ ਛੱਡਿਆ।
ਅੱਜ ਵੀ ਗੁਰੂਆਂ ਅਤੇ ਲਾਲਾਂ ਨੂੰ ਦੁਨੀਆਂ ਸਤਿਕਾਰ ਦੇ ਰਹੀ।
ਲਾਹਨਤ ਦੇ ਮਾਰੇ ਮੁਗਲਾਂ ਨੂੰ ਫਿਟਕਾਰ ਦੇ ਰਹੀ।
ਘਾਹ ਉਗੇ ਉਨ੍ਹਾਂ ਦੀਆਂ ਕਬਰਾਂ 'ਤੇ, ਮਿਟੇ ਨਿਸ਼ਾਨ ਉਨ੍ਹਾਂ ਦੇ।
ਦੁਨੀਆਂ 'ਤੇ ਕੋਈ ਨਹੀਂ ਦਿਸਦੇ 'ਰਿਸ਼ੀ' ਕਦਰਦਾਨ ਉਨ੍ਹਾਂ ਦੇ।

00

ਜੇ ਕਿਤੋਂ ਮਿਲ ਜਾਵੇ ਸਿਰਨਾਵਾਂ

ਜੇ ਕਿਤੋਂ ਮਿਲ ਜਾਵੇ ਸਿਰਨਾਵਾਂ
ਜੇ ਕਿਤੋਂ ਮਿਲ ਜਾਵੇ ਸਿਰਨਾਵਾਂ, ਮੈਂ ਦਰਸ਼ਨ ਕਰਕੇ ਆਵਾਂ,
ਦਸ਼ਮੇਸ਼ ਜੀ ਦੇ ਲਾਲਾਂ ਦਾ, ਮੈਂ ਧੰਨਵਾਦ ਕਰ ਆਵਾਂ।
ਧਰਮ ਦੀ ਖਾਤਿਰ, ਖ਼ੂਨ ਖੋਲਿਆ।
ਵੱਡਿਆ ਲਾਲਾਂ, ਖ਼ੂਨ ਡੋਹਲਿਆ।
ਜੋ ਕੀਤਾ ਉਨ੍ਹਾਂ ਸਿੱਖੀ ਖਾਤਿਰ, ਅੱਜ ਉਹੀਉ ਯਾਦ ਕਰਾਵਾਂ।
ਜੇ ਕਿਤੋਂ ਮਿਲ ਜਾਵੇ ਸਿਰਨਾਵਾਂ.....
ਨਿੱਕੀਆਂ ਜਿੰਦਾਂ, ਵੱਡੇ ਸਾਕੇ।
ਨੀਹਾਂ ਵਿਚ ਖਲੋ ਗਏ ਜਾਕੇ।
ਈਨ ਨਾ ਮੰਨੀ ਚੋਹਾਂ ਵੀਰਾਂ ਨੇ, ਚੋਹਾਂ ਤੋਂ ਸਦਕੇ ਜਾਵਾਂ।
ਜੇ ਕਿਤੋਂ ਮਿਲ ਜਾਵੇ ਸਿਰਨਾਵਾਂ.....
ਲਾਲਾਂ ਦੇ ਨਾਲ ਜੋ ਸੀ ਗੁਜਰੀ
ਸੁਣਕੇ ਮਾਂ ਗੁਜਰੀ ਸੀ ਗੁਜਰੀ।
ਮਾਂ ਗੁਜਰੀ ਨੂੰ ਕਰਾਂ ਸਲਾਮਾਂ, ਨਾਲੇ ਮੈਂ ਸੀਸ ਨਿਵਾਵਾਂ
ਜੇ ਕਿਤੋਂ ਮਿਲ ਜਾਵੇ ਸਿਰਨਾਵਾਂ.....
ਸੁਣਿਆ ਜਦੋਂ ਦਸ਼ਮੇਸ਼ ਪਿਤਾ ਨੇ।
ਕੀਤਾ ਸ਼ੁਕਰਾਨਾ ਦਸ਼ਮੇਸ਼ ਪਿਤਾ ਨੇ।
ਗੁਰੂ ਜੀ ਜੇਹੇ ਮਹਾਨ ਪਿਤਾ ਤੋਂ, ਮੈਂ ਜਿੰਦੜੀ ਘੋਲ ਘੁਮਾਵਾਂ।
ਜੇ ਕਿਤੋਂ ਮਿਲ ਜਾਵੇ ਸਿਰਨਾਵਾਂ.....
ਮਹਾਨ ਪਿਤਾ ਦੇ ਮਹਾਨ ਸੀ ਬੱਚੇ।
ਦਾਨੀ ਪਿਤਾ ਦੇ ਦਾਨੀ ਸੀ ਬੱਚੇ।
ਸਰਬੰਸਦਾਨੀ ਦਸਮੇਸ਼ ਪਿਤਾ ਨੂੰ 'ਰਿਸ਼ੀ' ਕਦੀ ਨਾ ਦਿਲੋਂ ਭੁਲਾਵਾਂ।
ਜੇ ਕਿਤੋਂ ਮਿਲ ਜਾਵੇ ਸਿਰਨਾਵਾਂ

00

ਸਿੱਖਿਆ

ਧੀਏ ਮੇਰੀਏ! ਸਾਂਭ ਕੇ ਰੱਖੀਂ, ਆਪਣੇ ਬਾਬਲ ਦੀ ਪੱਗੜੀ।
ਜਿੰਦਗੀ ਭਰ ਨਾ ਛੱਡੀਂ ਧੀਏ! ਬਾਂਹ ਸੱਜਣ ਦੀ ਪਕੜੀਂ।
ਤੋਰਨ ਲੱਗਿਆਂ ਧੀ ਆਪਣੀ ਨੂੰ, ਹਰ ਕੋਈ ਸਿੱਖਿਆ ਦਿੰਦਾ ਏ।
ਭਾਵੇਂ ਹੋਵੇ ਮਹਿਲਾਂ ਦਾ ਵਾਸੀ, ਭਾਵੇਂ ਕੁੱਲੀ ਦੇ ਵਿਚ ਰਹਿੰਦਾ ਏ।
ਪਿਆਰ ਨਾਲ ਧੀਏ ਘਰ ਬਣਾਵੀਂ, ਜਿਵੇਂ ਬਣਾਉਂਦੀ ਮੱਕੜੀ।
ਧੀਏ ਮੇਰੀਏ! ਸਾਂਭ ਕੇ ਰੱਖੀਂ.....
ਮੇਰੇ ਦੁੱਧ ਨੂੰ ਲਾਜ ਨਾ ਲਾਵੀਂ, ਅੰਮੜੀ ਰੋ ਰੋ ਆਖੇ।
ਸਹੁਰਿਆਂ ਦੇ ਘਰ ਸੁਖੀ ਵਸੀਂ ਤੂੰ, ਯਾਦ ਕਰੀਂ ਨਾ ਮਾਪੇ।
ਬੋਲ ਹਮੇਸ਼ਾ ਤੋਲ ਕੇ ਬੋਲੀਂ, ਜਿਵੇਂ ਤੋਲਦੀ ਤੱਕੜੀ.....
ਧੀਏ ਮੇਰੀਏ! ਸਾਂਭ ਕੇ ਰੱਖੀਂ.....
ਡੋਲੀ ਵਿਚ ਬਿਠਾਵਣ ਲੱਗਿਆਂ, ਵੀਰ ਵੀ ਹੰਝੂ ਵਹਾਉਂਦੇ।
ਭੈਣ ਲਾਡਲੀ ਸਾਡੀ ਏ ਤੂੰ, ਦਿਲ ਤੋਂ ਹਾਂ ਤੈਨੂੰ ਚਾਹੁੰਦੇ।
ਭੁੱਲੀ ਨਾ ਸਾਨੂੰ ਸਹੁਰੇ ਜਾ ਕੇ, ਬੰਨ੍ਹਣ ਆਵੀਂ ਰੱਖੜੀ।
ਧੀਏ ਮੇਰੀਏ! ਸਾਂਭ ਕੇ ਰੱਖੀਂ.....
ਝੋਲੀ ਦੇ ਵਿਚ ਸ਼ਗਨ ਪਾਉਂਦੀਆਂ, ਭਾਬੀਆਂ ਆਖਣ ਬੀਬਾ।
ਆਪਣੇ ਘਰ ਨੂੰ ਜਾ ਸਜਾਵੀਂ, ਸਵਰਗ ਬਣਾਵੀਂ ਬੀਬਾ।
ਮਨ ਨਾ ਹੋਲਾ ਕਰੀਂ ਤੂੰ ਆਪਣਾ, ਹੋ ਕੇ ਜਾਵੀਂ ਤਕੜੀ।
ਧੀਏ ਮੇਰੀਏ! ਸਾਂਭ ਕੇ ਰੱਖੀਂ.....
ਰਿਸ਼ਤੇਦਾਰ ਪਲੋਸਣ ਸਿਰ ਨੂੰ, ਭੈਣਾਂ ਸਹੇਲੀਆਂ ਦੇਣ ਦੁਆਵਾਂ।
ਦੁੱਖ ਨਾ ਕਦੀ ਤੇਰੇ ਨੇੜੇ ਆਵੇ, ਸੋਖੀਆਂ ਹੋਵਣ ਰਾਹਵਾਂ।
ਅੱਥਰੂ ਪੂੰਝਣ 'ਰਿਸ਼ੀ' ਦੇ ਸਾਰੇ, ਲੈ ਕੇ ਵਿਚ ਗੱਲਵੱਕੜੀ
ਧੀਏ ਮੇਰੀਏ! ਸਾਂਭ ਕੇ ਰੱਖੀਂ ਆਪਣੇ ਬਾਬਲ ਦੀ ਪਗੜੀ।
ਜਿੰਦਗੀ ਭਰ ਨਾ ਛੱਡੀਂ ਧੀਏ! ਬਾਂਹ ਸੱਜਣ ਦੀ ਪਕੜੀ।

00

ਇਹ ਹੈ ਮੇਰਾ ਹਿੰਦੁਸਤਾਨ

ਇਹ ਹੈ ਮੇਰਾ ਹਿੰਦੁਸਤਾਨ ਬੇਲੀਉ! ਇਹੋ ਹੈ ਮੇਰਾ ਹਿੰਦੁਸਤਾਨ।
ਇਹ ਹੈ ਮੇਰਾ ਹਿੰਦੁਸਤਾਨ ਹਾਣੀਉ! ਇਹੋ ਹੈ ਮੇਰਾ ਹਿੰਦੁਸਤਾਨ।
ਅੰਗਰੇਜ਼ਾਂ ਦੀ ਲੰਮੀ ਗੁਲਾਮੀ ਮਗਰੋਂ, ਮਸਾਂ ਆਜ਼ਾਦ ਸੀ ਹੋਇਆ।
ਗੁਲਾਮ ਹੋ ਗਿਆ ਆਪਣਿਆਂ ਦਾ, ਕਾਹਦਾ ਆਜ਼ਾਦ ਇਹ ਹੋਇਆ।
ਖਾ ਰਹੇ ਨੇ ਲੁੱਟ ਕੇ ਦੇਸ਼ ਨੂੰ ਕਹਿੰਦੇ,''ਆਪਣਾ ਹੈ ਹਿੰਦੁਸਤਾਨ।''
ਇਹ ਹੈ ਮੇਰਾ ਹਿੰਦੁਸਤਾਨ....
ਸੀਮੈਂਟ ਦੀ ਥਾਂ ਚੂਨਾ ਲਾਉਂਦੇ, ਪੁਲ ਢਹਿ-ਢੇਰੀ ਹੋ ਜਾਂਦੇ।
ਬਨਾਉਣ ਵਾਲੇ ਮਜ਼ਦੂਰ ਵਿਚਾਰੇ, ਉਨ੍ਹਾਂ ਥੱਲੇ ਹੀ ਦੱਬ ਜਾਂਦੇ।
ਠੇਕੇਦਾਰ ਹੋ ਗਏ ਲਾਲਚੀ, ਪੈਸੇ ਲਈ ਬਣੇ ਸ਼ੈਤਾਨ।
ਇਹ ਹੈ ਮੇਰਾ ਹਿੰਦੁਸਤਾਨ.....
ਹਲਵਾਈਆਂ ਦੀ ਹੁੰਦੀ ਚਾਂਦੀ, ਜਦੋਂ ਦਿਨ ਤਿਉਹਾਰ ਨੇ ਆਉਂਦੇ।
ਦਿਲ ਖੋਲ੍ਹ ਕੇ ਕਰਨ ਮਿਲਾਵਟ, ਖੋਏ ਵਿਚ ਜ਼ਹਿਰ ਮਿਲਾਉਂਦੇ।
ਏਹੀਉ ਪ੍ਰਸ਼ਾਦ ਮੰਦਿਰਾਂ 'ਚ ਚੜ੍ਹਦੈ, ਖੁਸ਼ ਹੋ ਕੇ ਖਾਂਦੇ ਨੇ ਇਨਸਾਨ
ਇਹ ਹੈ ਮੇਰਾ ਹਿੰਦੁਸਤਾਨ.....
ਇਮਤਿਹਾਨਾਂ ਦੇ ਦਿਨਾਂ 'ਚ, ਪਰਚੇ ਲੀਕ ਹੋ ਜਾਂਦੇ।
ਪੈਸੇ 'ਚ ਤਾਕਤ ਹੈ ਏਨੀ, ਗਲਤ ਠੀਕ ਹੋ ਜਾਂਦੇ।
ਜੇਹਨਾਂ ਪੜ੍ਹਾਉਣੈ ਪਾਠ ਸੱਚ ਦਾ, ਉਹੀਉ ਬਣੇ ਬੈਠੇ ਬੇਈਮਾਨ
ਇਹ ਹੈ ਮੇਰਾ ਹਿੰਦੁਸਤਾਨ.....
ਡਾਕਟਰ ਵੀ ਸਹੁੰਆਂ ਨੇ ਚੁੱਕਦੇ, ''ਅਸੀਂ ਕਰਾਂਗੇ ਸੇਵਾ''
ਨੋਟ ਜਦੋਂ ਆਉਂਦੇ ਨੇ ਦਿਸਦੇ, ਭੁੱਲ ਜਾਂਦੇ ਸਭ ਸੇਵਾ।
ਬਿਨਾਂ ਗੱਲੋਂ ਅਪ੍ਰੇਸ਼ਨ ਕਰਕੇ, ਪੈਸੇ ਦੀ ਲਗਾਉਂਦੇ ਖਾਨ
ਇਹ ਹੈ ਮੇਰਾ ਹਿੰਦੁਸਤਾਨ.....
ਅੱਜ ਇੱਕ ਕੋਠੀ ਹੈ ਕੱਲ ਦੋ ਹੋ ਜਾਵਣ।
ਅੱਜ ਇੱਕ ਕਾਰ ਹੈ ਕੱਲ ਦੋ ਹੋ ਜਾਵਣ।
'ਰਿਸ਼ੀ' ਤਮਾਂ ਵੱਧ ਗਈ ਚਾਰੇ ਪਾਸੇ, ਬਸ ਬਣ ਜਾਈਏ ਧੰਨਵਾਨ।
ਇਹ ਹੈ ਮੇਰਾ ਹਿੰਦੁਸਤਾਨ.....

00

ਬਾਪੂ

ਬਾਪੂ ਮੂੰਹ ਚੱਕ-ਚੱਕ ਕੇ ਵੇਖੇ, ਕਦ ਆਵੇਗਾ ਪੁੱਤਰ ਮੇਰਾ।
ਪੁੱਤਰ ਨੇ ਘਰ ਨੂੰ ਕੀ ਆਉਣੈ, ਲਾਇਐ ਪੱਬ 'ਤੇ ਉਹਨੇ ਡੇਰਾ।
ਫੋਨ ਨਹੀਂ ਚੱਕਦਾ, ਉਹ ਬੇਬੇ ਦਾ, ਨਾ ਹੀ ਚੱਕਦੈ ਵਹੁਟੀ ਦਾ।
ਟੁੱਨ ਹੋ ਕੇ ਰਾਤੀਂ ਘਰ ਵੜਦੈ, ਟੱਪਕੇ ਕੋਠਾ ਕਦੀ ਬਨੇਰਾ।
ਬਾਪੂ ਮੂੰਹ ਚੱਕ ਚੱਕ ਕੇ ਵੇਖੇ....
ਰੋਟੀ ਖਾਤਿਰ ਰੋਣ ਨਿਆਣੇ ਨਾਲੇ ਰੋਣ ਕਿਤਾਬਾਂ ਲਈ।
ਉਹਨੈ ਤਾਂ ਬੱਸ ਪੀਣੀ ਹੀ ਪੀਣੀ, ਵੇਖੇ ਨਾ ਸ਼ਾਮ ਸਵੇਰਾ।
ਬਾਪੂ ਮੂੰਹ ਚੱਕ ਚੱਕ ਕੇ ਵੇਖੇ....
ਭੋਟ ਲਏ ਪੈਸੇ ਬਾਪੂ ਤੋਂ, ਨਾਲੇ ਖੋਹ ਲਏ ਬੇਬੇ ਤੋਂ।
ਛੱਡਿਆ ਨਾ ਕੁਝ ਦੋਹਾਂ ਪੱਲੇ, ਕਹਿੰਦਾ 'ਸਭ ਮੇਰਾ ਹੀ ਮੇਰਾ
ਬਾਪੂ ਮੂੰਹ ਚੱਕ ਚੱਕ ਕੇ ਵੇਖੇ....
ਜੇ ਟੋਕਣ ਤਾਂ ਗਾਲ੍ਹਾਂ ਖਾਂਦੇ, ਜੇ ਰੋਕਣ ਤਾਂ ਧੱਕੇ।
ਉਮਰ ਵਡੇਰੀ ਸਹਿ ਨਹੀਂ ਸਕਦੇ, ਵੇਖਣ ਚਾਰ ਚੁਫੇਰਾ।
ਬਾਪੂ ਮੂੰਹ ਚੱਕ ਚੱਕ ਕੇ ਵੇਖੇ....
ਕੀ ਕਰੇ ਟੱਬਰ? ਕਿੱਥੇ ਜਾਵੇ? ਕੇਹਨੂੰ ਆਪਣਾ ਦੁੱਖ ਸੁਣਾਵੇ?
ਗ਼ਲਤੀ ਇਕ ਦੀ ਭੁਗਤਣ ਸਾਰੇ, ਸਭਨਾਂ ਲਈ ਜੱਗ ਹਨੇਰਾ।
ਬਾਪੂ ਮੂੰਹ ਚੱਕ ਚੱਕ ਕੇ ਵੇਖੇ....
ਸ਼ਰਾਬੀ ਪੁੱਤਰਾਂ ਨੂੰ ਨਾ ਵਿਆਹੀਏ, ਵਿਆਹੁਣ ਤੋਂ ਪਹਿਲਾਂ ਇਲਾਜ ਕਰਾਈਏ
ਦੁੱਖਾਂ ਤੋਂ ਬਚ ਜਾਉ ਟੱਬਰ, ਸੁੱਖਾਂ ਦਾ ਹੋਊ 'ਰਿਸ਼ੀ' ਬਸੇਰਾ।
ਬਾਪੂ ਮੂੰਹ ਚੱਕ ਚੱਕ ਕੇ ਵੇਖੇ....

00

ਸੰਗਤ

ਨਾ ਕਰ ਜ਼ੁਰਮ ਤੂੰ ਹੋਰ ਵੇ ਬੰਦਿਆ!
ਨਾ ਕਰ ਜ਼ੁਰਮ ਤੂੰ ਹੋਰ।
ਜ਼ੁਰਮਾਂ ਦੇ ਵਿਚ ਕੱਟ ਲਈ ਜਿੰਦਗੀ,
ਕੀਤਾ ਨਾ ਕੰਮ ਕੋਈ ਹੋਰ।
ਵੇ ਬੰਦਿਆ! ਨਾ ਕਰ ਜ਼ੁਰਮ ਤੂੰ ਹੋਰ.....
ਮਾੜਿਆਂ ਦੀ ਸੰਗਤ ਵਿਚ ਪੈ ਕੇ,
ਮਾੜੀ ਮੱਤ ਹੀ ਲੈਦੈ ਬੰਦਾ।
ਚੰਗਿਆਂ ਦੀ ਸੰਗਤ ਚੰਗੀ ਹੁੰਦੀ,
ਚੰਗੇ ਪਾਸੇ ਦਿੰਦੇ ਉਹ ਤੋਰ।
ਵੇ ਬੰਦਿਆ! ਨਾ ਕਰ ਜ਼ੁਰਮ ਤੂੰ ਹੋਰ.....
ਚੰਗੇ ਪਾਸੇ ਤੁਰਦੇ ਜੇਹੜੇ,
ਖੁਸ਼ੀਆਂ ਰਹਿਣ ਉਨ੍ਹਾਂ ਦੇ ਵੇਹੜੇ।
ਦੁੱਖ ਨਾ ਆਉਣ ਉਨ੍ਹਾਂ ਦੇ ਨੇੜੇ,
ਇਸ ਗੱਲ 'ਤੇ ਕਰ ਲੈ ਗੌਰ।
ਵੇ ਬੰਦਿਆ! ਨਾ ਕਰ ਜ਼ੁਰਮ ਤੂੰ ਹੋਰ.....
ਜਿੰਦਗੀ ਦਾ ਅਸਲੀ ਲੁਤਫ ਜੇ ਲੈਣਾ,
ਵੱਡਿਆਂ ਦਾ ਮੰਨਿਆਂ ਕਰ ਕਹਿਣਾ।
ਵੱਡਿਆਂ ਕੋਲ ਤਜ਼ਰਬਾ ਹੁੰਦੈ,
ਇਹ ਮਿਲਣਾ ਨਾ ਕਿਤੋਂ ਹੋਰ।
ਵੇ ਬੰਦਿਆ! ਨਾ ਕਰ ਜ਼ੁਰਮ ਤੂੰ ਹੋਰ.....
ਸੋਚਾਂ 'ਚ ਨਾ ਵਕਤ ਗਵਾ ਲਈਂ,
ਗਏ ਵਕਤ ਨੇ ਹੱਥ ਨਹੀਂ ਆਉਣਾ।
ਭੁੱਲ ਜਾਹ 'ਰਿਸ਼ੀ', ਪੁਰਾਣੇ ਦਿਨ ਨੂੰ,
ਹਰ ਦਿਨ ਨਵਾਂ ਨਕੋਰ।
ਵੇ ਬੰਦਿਆ! ਨਾ ਕਰ ਜ਼ੁਰਮ ਤੂੰ ਹੋਰ.....

00

ਕੁਦਰਤ ਦਾ ਕਹਿਰ

ਉਤਰਾਂਚਲ ਦੀ ਧਰਤੀ 'ਤੇ ਕੁਦਰਤ ਨੇ ਐਸਾ ਕਹਿਰ ਕਮਾਇਆ।
ਖੁਸ਼ੀ-ਖੁਸ਼ੀ ਜੋ ਘਰੋਂ ਸੀ ਤੁਰਿਆ, ਸੌ ਦੁੱਖ ਲੈ ਕੇ ਘਰ ਨੂੰ ਆਇਆ।
ਗਵਾ ਦਿੱਤੇ ਕਿਸੇ ਭੈਣ-ਭਰਾ ਸੀ, ਕੋਈ-ਕੋਈ ਮਾਪਿਆਂ ਬਾਝ ਹੀ ਮੁੜਿਆ।
ਰੁੜ੍ਹ ਗਏ ਬੱਚੇ ਨਿੱਕੇ-ਨਿੱਕੇ, ਪਤੀ-ਪਤਨੀ ਦਾ ਸਾਥ ਨਾ ਜੁੜਿਆ।
ਪੈਸੇ-ਧੇਲੇ ਦੀ ਹੋਈ ਤਬਾਹੀ, ਘਰ-ਬਾਹਰ ਲੋਕਾਂ ਦਾ ਉਜੜਿਆ।
ਵੇਖ-ਵੇਖ ਕੇ ਖ਼ਬਰਾਂ ਟੀ.ਵੀ. 'ਤੇ, ਦਰਦ ਹਰ ਇਕ ਸੀਨੇ ਵਿਚ ਉਮੜਿਆ।
ਹੋਟਲ ਵਾਲਿਆਂ ਸੀ ਲੁੱਟ ਮਚਾਈ, 250 ਰੁਪਏ 'ਚ ਪਰਾਠਾਂ ਵਿਕਿਆ।
ਸੌ ਰੁਪਏ 'ਚ ਪਾਣੀ ਦੀ ਬੋਤਲ ਵੇਚੀ, ਟੈਕਸੀ ਵਾਲਿਆਂ ਵੱਖਰਾ ਠੱਗਿਆ।
ਸਲਾਮ ਹੈ ਆਰਮੀ, ਏਅਰ ਫੋਰਸ ਨੂੰ, ਲੋਕਾਂ ਦੇ ਮੋਢੇ ਹੱਥ ਜਿਨ੍ਹਾ ਧਰਿਆ।
ਸਲਾਮ ਹੈ ਐਸ.ਜੀ.ਪੀ.ਸੀ. ਤੇ ਡੀ.ਜੀ.ਪੀ.ਸੀ. ਨੂੰ ਵੀ, ਲੰਗਰ ਦਵਾਈਆਂ ਦਾ ਪ੍ਰਬੰਧ ਜਿਨ੍ਹਾਂ ਕਰਿਆ।
ਕਿਉਂ ਰੱਬਾ! ਇਹ ਦਿਨ ਵਿਖਾਇਆ, ਆਪਣੇ ਹੀ ਭਗਤਾਂ ਨੂੰ ਮਰਵਾਇਆ।
ਹੱਥ ਦੇ ਕੇ ਤੂੰ ਤੇ ਰੱਖਦਾ ਹੁਨੈ! ਇਸ ਵਾਰੀ ਕਿਉਂ ਤਰਸ ਨਾ ਖਾਇਆ।
ਹੁਣ ਹਿੰਮਤ ਦੇਵੀਂ ਉਨ੍ਹਾਂ ਲੋਕਾਂ ਨੂੰ ਜਿਹੜੇ ਮੁੜਕੇ 'ਰਿਸ਼ੀ' ਘਰ ਨੂੰ ਆ ਗਏ।
ਸਵਰਗਾਂ ਦੇ 'ਚ ਵਾਸਾ ਦੇਵੀਂ ਜਿਹੜੇ ਤੇਰੇ ਦਰ 'ਤੇ ਆ ਗਏ।
ਜਿਹੜੇ ਤੇਰੇ ਚਰਨਾਂ ਵਿਚ ਆ ਗਏ।

00

ਰੱਬਾ!

ਰੱਬਾ! ਖੋਹੀ ਨਾ ਬਾਲਾਂ ਤੋਂ ਕਦੀ ਮਾਪੇ, ਬਾਲਾਂ ਨੂੰ ਕਿਸੇ ਨਹੀਉਂ ਪੁੱਛਣਾ।
ਕਿਸੇ ਪੁੰਝਣੇ ਨਾ ਅੱਥਰੂ ਉਹਨਾਂ ਦੇ, ਕਿਸੇ ਨੇ ਨਹੀਉਂ ਮੱਥਾ ਚੁੰਮਣਾ।
ਛਾਤੀ ਨਾਲ ਲਾ ਕੇ ਕਿਸੇ ਦੁੱਧ ਨਾ ਪਿਆਵਣਾ।
ਮੋਢੇ ਨਾਲ ਲਾ ਕੇ ਉਹਨੂੰ, ਡਕਾਰ ਨਾ ਦੁਆਵਣਾ।
ਕਿਸੇ ਨਾ ਖਵਾਉਣੀ ਉਹਨੂੰ ਚੂਰੀ, ਕਿਸੇ ਨੇ ਨਹੀਉਂ ਗੋਦੀ ਚੁੱਕਣਾ।,
ਰੱਬਾ! ਖੋਹੀਂ ਨਾ ਬਾਲਾਂ ਤੋਂ ਕਦੀ ਮਾਪੇ....
ਜਾਗ ਜਾਗ ਰਾਤਾਂ ਨੂੰ ਕਿਸੇ ਨੇ ਨਾ ਸੁਲਾਵਣਾ।
ਪਾ ਕੇ ਪੰਘੂੜੇ 'ਚ ਕਿਸੇ ਨੇ ਨਾ ਹਿਲਾਵਣਾ।
ਨਾ ਬਹਿਲਾਉਣਾ ਕਿਸੇ ਉਹਨਾਂ ਨੂੰ ਗਲ ਲਾ ਕੇ, ਗਿੱਲੀ ਥਾਂ ਤੋਂ ਨਹੀਉਂ ਚੁੱਕਣਾ।
ਰੱਬਾ! ਖੋਹੀਂ ਨਾ ਬਾਲਾਂ ਤੋਂ ਕਦੀ ਮਾਪੇ....
ਵਾਲਾਂ ਵਿੱਚ ਪਿਆਰ ਨਾਲ ਕਿਸੇ ਨਹੀਂ ਹੱਥ ਫੇਰਨਾ।
ਲਾਡ ਵਾਲੇ ਨਾਵਾਂ ਨਾਲ ਕਿਸੇ ਨਹੀਉਂ ਪੁਕਾਰਨਾ।
ਕਿਸੇ ਪਵਾਉਣੇ ਨਾ ਜੀ ਸੋਹਣੇ-ਸੋਹਣੇ ਕੱਪੜੇ, ਉਂਗਲ ਤੋਂ ਫੜ ਨਹੀਉਂ ਟੁਰਨਾ।
ਰੱਬਾ! ਖੋਹੀਂ ਨਾ ਬਾਲਾਂ ਤੋਂ ਕਦੀ ਮਾਪੇ....
ਕਿਸੇ ਨਾ ਬਣਾਉਣੀਆਂ ਉਹਨਾਂ ਲਈ ਕਹਾਣੀਆਂ।
ਕਿਸੇ ਨਾ ਸੁਣਾਉਣੀਆਂ ਉਹਨਾਂ ਨੂੰ ਕਹਾਣੀਆਂ।
ਕਿਸੇ ਨਾ ਪੜ੍ਹਾਉਣਾ, ਕਿਸੇ ਕੰਮ ਨਾ ਲਵਾਉਣਾ, ਵਿਆਹੁਣ ਤੋਂ ਵੀ ਉਹਨਾਂ ਉਕਣਾ।
ਰੱਬਾ! ਖੋਹੀਂ ਨਾ ਬਾਲਾਂ ਤੋਂ ਕਦੀ ਮਾਪੇ....
ਬਾਲਾਂ ਦਾ ਸੰਸਾਰ ਮਾਪੇ ਚਾਵਾਂ ਨਾਲ ਸਜਾਉਂਦੇ ਨੇ।
ਬਾਲਾਂ ਨਾਲ ਮਾਪੇ ਸੋਹਣੀ ਜਿੰਦਗੀ ਹੰਢਾਉਂਦੇ ਨੇ।
ਬਾਲ ਮਾਪਿਆਂ ਦੇ ਬਾਝ ਨੇ ਅਧੂਰੇ, ਪੂਰਾ ਨਾ ਹੁੰਦਾ 'ਰਿਸ਼ੀ' ਸੁਪਨਾ।
ਰੱਬਾ! ਖੋਹੀਂ ਨਾ ਬਾਲਾਂ ਤੋਂ ਕਦੀ ਮਾਪੇ....

00

ਧੀ ਦਾ ਧੰਨ

ਭਾਗਾਂ ਭਰਿਆ ਦਿਨ ਅੱਜ ਆਇਆ, ਧੀ ਦਾ ਧੰਨ ਰੱਬ ਝੋਲੀ ਪਾਇਆ।
ਬਾਗ ਬਗੀਚਾ ਸਭ ਮਹਿਕਾਇਆ, ਅਸਾਂ ਨੇ ਰਲ-ਮਿਲ ਸ਼ੁਕਰ ਮਨਾਇਆ।
ਰੇਸ਼ਮੀ ਵਾਲ, ਸ਼ਰਬਤੀ ਅੱਖੀਆਂ, ਗੋਰਾ ਰੰਗ ਸਾਡੇ ਦਿਲ ਨੂੰ ਭਾਇਆ।
ਮੰਮੀ-ਪਾਪਾ ਖੁਸ਼ ਬੜੇ ਨੇ, ਚਾਵਾਂ ਨਾਲ ਉਨ੍ਹਾਂ ਗਲ ਨੂੰ ਲਾਇਆ।
ਚਾਚਾ-ਚਾਚੀ ਨੱਚਣ ਟੱਪਣ, ਦੇਸ਼ ਵਿਦੇਸ਼ ਉਨ੍ਹਾਂ ਫੋਨ ਮਿਲਾਇਆ।
ਦਾਦਾ-ਦਾਦੀ ਸੀਨੇ ਜਦੋਂ ਲਾਇਆ, ਖੁਸ਼ੀ ਨਾਲ ਸੀ ਮਨ ਭਰ ਆਇਆ।
ਪੜਦਾਦਾ ਜੀ ਗੋਦੀ ਚੁੱਕ ਕੇ, ਵਾਹਿਗੁਰੂ ਜੀ ਦਾ ਜਾਪ ਕਰਵਾਇਆ।
ਨਾਨਾ ਨਾਨੀ ਜੀ, ਦੇ-ਦੇ ਵਧਾਈਆਂ, ਪ੍ਰੀਵਾਰ ਸਾਰੇ ਦਾ ਮਾਣ ਵਧਾਇਆ।
ਪੜਨਾਨਾ-ਪੜਨਾਨੀ ਜੀ ਖੁਸ਼ ਹੋ ਆਖਣ, ''ਇਨਾਇਆ ਸਾਡਾ ਦਰਜਾ ਵਧਾਇਆ।''
ਫੇਸ-ਬੁੱਕ 'ਤੇ ਵੇਖ ਕੇ ਫੋਟੋ, ਨਾਨਕਿਆਂ-ਦਾਦਕਿਆਂ ਫੋਨ ਘੁਮਾਇਆ।
ਖੁਸ਼ੀਆਂ ਸਾਂਝੀਆਂ ਕਰਨ ਦੇ ਲਈ, ਹਰ ਇਕ ਜੀਅ ਸੀ ਨੱਠਾ ਆਇਆ।
ਸਭਨੇ ਆਪਣੇ ਆਪਣੇ ਢੰਗ ਨਾਲ, ਪ੍ਰੇਮ ਨਾਲ ਸਾਰਾ ਘਰ ਸਜਾਇਆ।
ਚੰਗੀ ਗੁੜ੍ਹਤੀ ਦੇਣ ਦੀ ਖਾਤਿਰ, ਪਾਪਾ ਨੇ ਬੇਟੀ ਨੂੰ ਸ਼ਹਿਦ ਚਟਾਇਆ।
ਪੰਜਵੇਂ ਦਿਨ ਮਾਂ ਤੇ ਬੇਟੀ ਨੂੰ, ਭਾਈ ਸਾਹਿਬ ਜੀ ਗੁਰੂ ਅਮ੍ਰਿਤ ਪਿਲਾਇਆ।
ਪੋਤੇ-ਪੋਤੀਆਂ ਦੀ 'ਪ੍ਰੀਤ' ਕੀ ਹੁੰਦੀ, ਸਮਝ 'ਰਿਸ਼ੀ' ਨੂੰ ਹੁਣ ਹੈ ਆਇਆ।
ਸੁਖੀ ਵਸੇ ਇਹ ਆਲਮ ਸਾਰਾ, ਸੁਖੀ ਵਸੇ ਸਾਡੀ ਕੌਰ ਇਨਾਇਆ।
ਸੁਖੀ ਵਸੇ ਸਾਡੀ ਕੌਰ ਇਨਾਇਆ।

00

ਧੀਆਂ ਦਾ ਨਾ ਕੋਈ ਆਸ਼ਿਆਨਾ

ਧੀਆਂ ਦਾ ਨਾ ਕੋਈ ਆਸ਼ਿਆਨਾ
ਨੀ ਅੰਮੀਏ! ਕੀਕਣ ਕਰਾਂ ਮੈਂ ਗੱਲਾਂ ਚਾਰ।
ਵੇ ਬਾਬਲਾ! ਕੀਕਣ ਕਰਾਂ ਤੇਰਾ ਦੀਦਾਰ।
ਨੇੜੇ-ਤੇੜੇ ਕੋਈ ਵਰ ਨਾ ਲੱਭਿਆ।
ਲੱਭ-ਲੱਭ ਵਰ ਤੂੰ ਬੜਾ ਸੀ ਹੰਭਿਆ।
ਵੇ ਬਾਬਲਾ ਵਿਆਹਿਐ ਸਮੁੰਦਰੋਂ ਪਾਰ
ਅੱਖਾਂ ਅੱਗੇ ਘਰ ਘੁੰਮਦਾ ਸਾਰਾ।
ਸੁਪਨਿਆਂ 'ਚ ਵੇਖਾਂ ਪਰਿਵਾਰ ਮੈਂ ਸਾਰਾ।
ਚੁੰਮ ਚੁੰਮ ਰੱਖਾਂ ਮੈਂ ਤਸਵੀਰਾਂ, ਲੁਕ ਲੁਕ ਕਰਾਂ ਪਿਆਰ
ਵੇ ਬਾਬਲਾ ਕੀਕਣ ਕਰਾਂ ਤੇਰਾ ਦੀਦਾਰ।
ਧੀ ਪਰਾਈ ਜਦ ਹੋ ਜਾਵੇ
ਸਹੁਰਿਆਂ ਦੀ ਉਹ ਸੁੱਖ ਮਨਾਵੇ।
ਧਿਆਨ 'ਚ ਰੱਖਕੇ ਧੀ ਪੇਕਿਆਂ ਨੂੰ, ਕੇਰੇ ਹੰਝੂ ਚਾਰ
ਵੇ ਬਾਬਲਾ! ਕੀਕਣ ਕਰਾਂ ਤੇਰਾ ਦੀਦਾਰ।
ਰਾਜਿਆਂ ਰਾਣਿਆਂ ਨਾ ਰੱਖੀਆਂ ਧੀਆਂ।
ਹੋਈਆਂ ਜਵਾਨ ਤਾਂ ਤੋਰੀਆਂ ਧੀਆਂ
'ਰਿਸ਼ੀ' ਵੀ ਤੋਰੀਆਂ ਆਪਣੇ ਹੱਥੀਂ ਕਹਿਕੇ, ''ਵਸੇ ਤੁਹਾਡਾ ਘਰ ਬਾਹਰ''
ਵੇ ਬਾਬਲਾ! ਕੀਕਣ ਕਰਾਂ ਤੇਰਾ ਦੀਦਾਰ।
ਧੀਆਂ ਨੂੰ ਆਖਣ ਧੰਨ ਬੇਗਾਨਾ
ਧੀਆਂ ਦਾ ਨਾ ਕੋਈ ਆਸ਼ਿਆਨਾ।
ਪੇਕੇ ਤੋਰਨ ਧੀਆਂ ਸਹੁਰੇ, ਸਹੁਰੇ ਕਰਨ ਦਰਾਂ ਤੋਂ ਬਾਹਰ
ਵੇ ਬਾਬਲਾ! ਕੀਕਣ ਕਰਾਂ ਤੇਰਾ ਦੀਦਾਰ।

00

ਜੋ ਮੈਂ ਵੇਖਿਐ ਸੋ ਮੈਂ ਲਿਖਿਐ

ਮਾਪੇ ਲੱਭਦੇ ਨੇ ਵਰ ਐਸਾ, ਮੁੰਡਾ ਹੋਵੇ ਇਕੱਲਾ ਜੀ।
ਨਾ ਸੱਸ ਹੋਵੇ ਨਾ ਸਹੁਰਾ, ਮਕਾਨ ਹੋਵੇ ਦੋ ਮੰਜ਼ਿਲਾ ਜੀ।
ਧੀ ਦਾ ਦੇਵਰ ਜੇਠ ਨਾ ਹੋਵੇ।
ਨਾ ਹੀ ਨਣਦ ਕਵਾਰੀ ਹੋਵੇ।
ਜਦ ਮਿਲ ਜਾਵੇ ਵਰ ਐਸਾ, ਝੱਟ ਫੜਾਉਂਦੇ ਪੱਲਾ ਜੀ।
ਮਾਪੇ ਲੱਭਦੇ ਨੇ ਵਰ ਐਸਾ....
ਬਿਜਨਸ ਹੋਵੇ ਜਵਾਈ ਦਾ ਚੰਗਾ
ਨੌਕਰੀ ਦਾ ਨਾ ਹੋਵੇ ਪੰਗਾ
ਜੀਅ ਕਰੇ ਤਾਂ ਕੰਮ 'ਤੇ ਜਾਵੇ, ਨਹੀਂ ਬਹਿ ਮਾਰੇ ਗੱਲਾਂ ਜੀ।
ਮਾਪੇ ਲੱਭਦੇ ਨੇ ਵਰ ਐਸਾ....
ਬੈਂਕ ਬੈਲੇਂਸ ਵੀ ਚੋਖਾ ਹੋਵੇ
ਧੀ ਦਾ ਵਸਣਾ ਸੌਖਾ ਹੋਵੇ
ਜਦ ਧੀ ਆਖੇ ਸ਼ਾਪਿੰਗ ਖਾਤਿਰ, ਜਵਾਈ ਕਹੇ, ਲੈ ਚਲਾਂ ਜੀ...
ਮਾਪੇ ਲੱਭਦੇ ਵਰ ਨੇ ਐਸਾ....
ਧੀ ਨਾ ਧੋਵੇ ਭਾਂਡੇ ਕੱਪੜੇ
ਰੋਟੀ ਪੱਕੀ ਪਕਾਈ ਅੱਪੜੇ।
ਜਾਂ ਫਿਰ ਹੋਟਲ 'ਤੇ ਜਾ ਖਾਵੇ, ਘਰ ਨਾ ਬਾਲੇ ਚੁਲ੍ਹਾ ਜੀ...
ਮਾਪੇ ਲੱਭਦੇ ਨੇ ਵਰ ਐਸਾ...
ਧੀ ਆਪਣੀ ਦਾ ਭਲਾ ਜੋ ਚਾਹੀਏ।
ਧੀ ਪਰਿਵਾਰ ਦੇ 'ਚ ਵਿਆਹੀਏ
ਰਿਸ਼ੀ ਪਰਿਵਾਰ ਵਿੱਚ ਹੁੰਦੀ ਰੌਣਕ, ਨਾ ਕੋਈ ਭਟਕੇ ਕੋਈ 'ਕੱਲ੍ਹਾ ਜੀ
ਮਾਪੇ ਲੱਭਦੇ ਨੇ ਵਰ ਐਸਾ.....

00

ਬੰਦਾ ਬੰਦਗੀ ਬਗ਼ੈਰ ਕਿਸੇ ਕੰਮ ਦਾ ਨਹੀਂ

ਬੰਦਾ ਬੰਦਗੀ ਬਗ਼ੈਰ ਕਿਸੇ ਕੰਮ ਦਾ ਨਹੀਂ
ਕੋਈ ਫਾਇਦਾ 'ਰਿਸ਼ੀ', ਗੋਰੀ ਚਿੱਟੀ ਚੰਮ ਦਾ ਨਹੀਂ

ਵੇਖਿਐ, ਗੋਰੀ ਚੰਮ ਵਾਲਾ, ਦਿਲ ਕੋਲੇ ਤੋਂ ਵੀ ਕਾਲਾ।
ਮੂੰਹੋਂ ਰਾਮ-ਰਾਮ ਬੋਲੇ, ਕਰੇ ਕੰਮ 'ਚ ਘੁਟਾਲਾ।।
ਡਰ ਉਹਨੂੰ ਕਿਸੇ ਦੂਤ ਕਿਸੇ ਜਮ ਦਾ ਨਹੀਂ
ਬੰਦਾ ਬੰਦਗੀ ਬਗ਼ੈਰ ਕਿਸੇ ਕੰਮ ਦਾ ਨਹੀਂ....
ਜੋਂਕ ਵਾਂਙ ਖ਼ੂਨ ਉਹ ਗਰੀਬਾਂ ਦਾ ਹੈ ਚੂਸਦਾ।
ਆਪ ਭਰ-ਭਰ ਪੀਵੇ, ਗਿਲਾਸ ਵੱਡਾ ਜੂਸ ਦਾ।
ਸ਼ਰਾਬ ਵੀ ਬਥੇਰੀ, ਘਾਟਾ ਰਮ ਦਾ ਨਹੀਂ..
ਬੰਦਾ ਬੰਦਗੀ ਬਗ਼ੈਰ ਕਿਸੇ ਕੰਮ ਦਾ ਨਹੀਂ...
ਪੀ-ਪੀ ਮਾਰੇ ਲਲਕਾਰੇ, ਨਾਲੇ ਲਵੇ ਉਹ ਹੁਲਾਰੇ।
''ਮੇਰੀ ਪਹੁੰਚ ਲੋਕੋ ਵੱਡੀ, ਸਰਕਾਰੇ-ਦਰਬਾਰੇ।
ਮੈਨੂੰ ਡਰ ਕਿਸੇ ਗੋਲੀ ਕਿਸੇ ਬੰਬ ਦਾ ਨਹੀਂ।''
ਬੰਦਾ ਬੰਦਗੀ ਬਗ਼ੈਰ ਕਿਸੇ ਕੰਮ ਦਾ ਨਹੀਂ
ਬੰਦਾ ਰਬ ਤੋਂ ਨਾ ਡਰੇ, ਮਨਮਾਨੀ ਪਿਆ ਕਰੇ।
ਵੇਖ-ਵੇਖ ਇੱਕ ਦੂਜੇ ਨੂੰ, ਸ਼ੈਤਾਨੀ ਪਿਆ ਕਰੇ।।
ਕੰਮ ਕਰੀ ਜਾਵੇ ਮਾੜੇ, ਦਿਲ ਕੰਬਦਾ ਨਹੀਂ
ਬੰਦਾ ਬੰਦਗੀ ਬਗ਼ੈਰ ਕਿਸੇ ਕੰਮ ਦਾ ਨਹੀਂ....
''ਹਲੇ ਹੁਕਮ ਨਹੀਂ ਹੋਇਆ, ਪਾਠ-ਪੂਜਾ ਕਿਵੇਂ ਕਰਾਂ!
ਪਾਠ-ਪੂਜਾ ਕਿਉਂ ਕਰਾਂ! ਕਿਉਂ ਨਾ ਐਸ਼ ਹੋਰ ਕਰਾਂ।।''
ਮਨ ਲੱਭਦੈ ਬਹਾਨੇ, ਮਨ ਥੰਮਦਾ ਨਹੀਂ..
ਬੰਦਾ ਬੰਦਗੀ ਬਗੈਰ ਕਿਸੇ ਕੰਮ ਦਾ ਨਹੀਂ....

00

ਬਲਿਹਾਰ ਮੈਂ ਜਾਵਾਂ ਦਸਮ ਪਿਤਾ ਤੋਂ....

ਅਨੰਦਪੁਰੀ ਦੇ ਅਨੰਦ ਨੂੰ ਛੱਡਕੇ, ਤੁਰ ਪਏ ਨੇ ਦਸ਼ਮੇਸ਼ ਤੇ ਪਿਆਰੇ।
ਮਾਤਾ ਸੁੰਦਰੀ, ਮਾਂ ਸਾਹਿਬ ਕੌਰ ਨਾਲ ਮਾਂ ਗੁਜਰੀ ਤੇ ਲਾਲ ਪਿਆਰੇ।
ਚੁੱਪ-ਚਾਪ ਕਾਇਨਾਤ ਹੋ ਗਈ।
ਵਕਤ ਤੋਂ ਪਹਿਲਾਂ ਰਾਤ ਹੋ ਗਈ
ਛਿਪਿਆ ਸੂਰਜ ਅਨੰਦਪੁਰੀ ਦਾ, ਚਮਕੇ ਨਾ ਅੰਬਰ ਦੇ ਤਾਰੇ।
ਅਨੰਦਪੁਰੀ ਦੇ ਅਨੰਦ ਨੂੰ ਛੱਡ ਕੇ.....
ਪਾਲਾ-ਕੱਕਰ, ਦਿਨ ਸੀ ਸਿਆਲੀ
ਨਾ ਦਰੀਆਂ-ਖੇਸ, ਨਾ ਚਾਹ ਦੀ ਪਿਆਲੀ।
ਕਈ ਦਿਨਾਂ ਦੇ ਭੁੱਖੇ ਪਿਆਸੇ, ਪਹੁੰਚੇ ਆ ਸਰਸਾ ਦੇ ਕਿਨਾਰੇ।
ਅਨੰਦਪੁਰੀ ਦੇ ਅਨੰਦ ਨੂੰ ਛੱਡ ਕੇ.....
ਅੰਮ੍ਰਿਤ ਵੇਲੇ ਗੁਰਾਂ ਦੀਵਾਨ ਸਜਾਇਆ।
ਆਸਾ ਦੀ ਵਾਰ ਦਾ ਕੀਰਤਨ ਗਾਇਆ।
ਹੱਥ ਜੋੜ ਸ਼ੁਕਰਾਨਾ ਕੀਤਾ, ਕਹਿੰਦੈ, 'ਦਾਤਾ ਤੇਰੇ ਖੇਡ ਨਿਆਰੇ।'
ਅਨੰਦਪੁਰੀ ਦੇ ਅਨੰਦ ਨੂੰ ਛੱਡ ਕੇ.....
ਫੌਜਾਂ ਨੇ ਆ ਘੇਰਾ ਪਾਇਆ।
ਸਰਸਾ ਨਦੀ ਵੀ ਰੂਪ ਵਟਾਇਆ।
ਰੋੜ੍ਹ ਕੇ ਲੈ ਗਈ ਨਾਲ ਖਜਾਨਾ, ਨਾਲੇ ਗੁਰਾਂ ਦੇ ਸਿੰਘ ਦੁਲਾਰੇ।
ਅਨੰਦਪੁਰੀ ਦੇ ਅਨੰਦ ਨੂੰ ਛੱਡ ਕੇ.....
ਵਿਛੜ ਗਿਆ ਪਰਿਵਾਰ ਗੁਰਾਂ ਦਾ
ਪਿਆਰਾ ਜੇਹਾ ਸੰਸਾਰ ਗੁਰਾਂ ਦਾ
ਸਾਡਾ ਸੰਸਾਰ ਅਬਾਦ ਰੱਖਣ ਲਈ, ਵਾਰ ਦਿੱਤੇ ਪੁੱਤ ਚਾਰੇ
ਅਨੰਦਪੁਰੀ ਦੇ ਅਨੰਦ ਨੂੰ ਛੱਡ ਕੇ.....
ਵਾਰ ਕੇ ਪੁੱਤਰ ਸੀ ਮੁਸਕਰਾਏ
ਕਹਿੰਦੇ, 'ਅੱਜ ਮੈਂ ਕਰਜ਼ੇ ਲਾਹੇ'
ਬਲਿਹਾਰ ਮੈਂ ਜਾਵਾਂ ਦਸਮ ਪਿਤਾ ਤੋਂ, ਨਾਲੇ ਲਾਲਾ ਤੋਂ ਬਲਿਹਾਰੇ।
ਬਲਿਹਾਰ ਗੁਰੂ ਤੇਗ ਬਹਾਦਰ ਤੋਂ, ਮਾਤਾਵਾਂ ਤੋਂ 'ਰਿਸ਼ੀ' ਬਲਿਹਾਰੇ।

00

ਜੇ ਸਰਕਾਰ ਚਾਹੇ ਤਾਂ

ਸਭ ਕੁਝ ਠੀਕਠਾਕ ਹੋ ਸਕਦੈ ਜੇ ਸਰਕਾਰ ਚਾਹੇ ਤਾਂ।
ਸਭ ਕੁਝ ਬਦਲ ਸਕਦੈ ਜੇ ਸਰਕਾਰ ਚਾਹੇ ਤਾਂ।
ਡੇਰੇਦਾਰਾਂ ਦੀ ਭਰਮਾਰ ਰੁਕ ਸਕਦੀ ਹੈ ਜੇ ਸਰਕਾਰ ਚਾਹੇ ਤਾਂ।
ਵਜ਼ੀਰਾਂ ਦੀ ਲੁੱਟਮਾਰ ਰੁਕ ਸਕਦੀ ਹੈ ਜੇ ਸਰਕਾਰ ਚਾਹੇ ਤਾਂ।
ਨਿਰਦੋਸ਼ਾਂ ਦੀ ਕੁੱਟਮਾਰ ਰੁਕ ਸਕਦੀ ਹੈ ਜੇ ਸਰਕਾਰ ਚਾਹੇ ਤਾਂ।
ਨਸ਼ਿਆਂ ਦੀ ਮਾਰੋਮਾਰ ਰੁਕ ਸਕਦੀ ਹੈ ਜੇ ਸਰਕਾਰ ਚਾਹੇ ਤਾਂ।
ਕੁੜੀਆਂ ਦੀ ਮਾਰ ਰੁਕ ਸਕਦੀ ਹੈ ਜੇ ਸਰਕਾਰ ਚਾਹੇ ਤਾਂ।
ਦੁਰਘਟਨਾਵਾਂ ਦੀ ਕਤਾਰ ਰੁਕ ਸਕਦੀ ਹੈ ਜੇ ਸਰਕਾਰ ਚਾਹੇ ਤਾਂ।
ਕਿਸਾਨਾਂ ਦੀਆਂ ਖੁਦਕਸ਼ੀਆਂ ਰੁਕ ਸਕਦੀਆਂ ਹਨ ਜੇ ਸਰਕਾਰ ਚਾਹੇ ਤਾਂ।
ਸਭ ਤਰ੍ਹਾਂ ਦੀਆਂ ਹੇਰਾਫੇਰੀਆਂ ਰੁਕ ਸਕਦੀਆਂ ਹਨ ਜੇ ਸਰਕਾਰ ਚਾਹੇ ਤਾਂ।
ਬੇਰੁਜ਼ਗਾਰੀ ਖ਼ਤਮ ਹੋ ਸਕਦੀ ਹੈ ਜੇ ਸਰਕਾਰ ਚਾਹੇ ਤਾਂ।
ਭੁੱਖਮਰੀ ਖਤਮ ਹੋ ਸਕਦੀ ਹੈ ਜੇ ਸਰਕਾਰ ਚਾਹੇ ਤਾਂ।
'ਰਿਸ਼ੀ' ਸਾਡੇ ਅਜ਼ਾਦ ਭਾਰਤ ਦੀਆਂ ਸਭ ਸਮੱਸਿਆਵਾਂ ਸੁਲਝ ਸਕਦੀਆਂ ਹਨ
ਜੇ ਸਰਕਾਰ ਚਾਹੇ ਤਾਂ
ਜੇ ਹਰ ਇਨਸਾਨ ਚਾਹੇ ਤਾਂ।।

00

ਮੈਂ ਕੌਣ ਹਾਂ!

ਮੈਂ ਕੌਣ ਹਾਂ! ਕਿਧਰੋਂ ਆਈ ਸਾਂ।
ਕੇਹੜੇ ਰਾਹਾਂ ਤੇ ਜਾਣਾ ਮੈਂ।
ਕੁਝ ਵੀ ਤੇ ਮੈਨੂੰ ਪਤਾ ਨਹੀਂ।
ਨਾ ਆਪਣਾ ਆਪ ਪਛਾਣਾ ਮੈਂ।।
ਮੈਂ ਜਨਮ ਲਿਆ-ਵੱਡੀ ਹੋਈ,
ਵੱਡੀ ਹੋਈ ਤੇ ਜਵਾਨ ਹੋਈ।
ਜਵਾਨ ਹੋਈ-ਬਜ਼ੁਰਗ ਹੋਈ,
ਬਜ਼ੁਰਗੀ ਮਗਰੋਂ ਤੁਰ ਜਾਣਾ ਮੈਂ।
ਕੀ ਖੱਟਿਆ ਸੀ, ਕੀ ਖੱਟਿਐ ਮੈਂ,
ਕੀ ਖੱਟਣੈ ਕੁਝ ਵੀ ਪਤਾ ਨਹੀਂ
ਇਹ ਵੀ ਤੇ ਮੈਨੂੰ ਇਲਮ ਨਹੀਂ,
ਬਿਨ ਖੱਟਿਆ ਹੀ ਮੁੜ ਜਾਣਾ ਮੈਂ
ਰਾਹਾਂ ਦੀ ਖਾਕ ਮੈਂ ਛਾਣ ਲਈ,
ਹੁਣ ਖਾਕ ਦੇ ਵਿਚ ਰਲ ਜਾਣਾ ਮੈਂ।
ਪਹਿਲਾਂ ਖਾਕ ਦੇ ਉਪਰ ਸੋਂਦੀ ਸੀ,
ਹੁਣ ਖਾਕ ਹੇਠਾਂ ਸੋਂ ਜਾਣਾ ਮੈਂ
ਏਸੇ ਖਾਕ ਤੋਂ ਸਫਰ ਸ਼ੁਰੂ ਹੋਇਆ,
ਏਸੇ ਖਾਕ ਦੇ ਵਿਚ ਮੁਕਾਉਣਾ ਮੈਂ
ਉਹੀਉ ਜਾਣੇ ਜਿਸ ਘਲਿਆ ਸੀ,
ਓਸੇ ਕੋਲ 'ਰਿਸ਼ੀ' ਹੁਣ ਜਾਣਾ ਮੈਂ।
ਮੈਂ ਕੌਣ ਹਾਂ! ਕਿੱਥੋਂ ਆਈ ਸਾਂ।
ਕੇਹੜੇ ਰਾਹਾਂ ਤੇ ਜਾਣਾ ਮੈਂ।
ਕੁੱਝ ਵੀ ਤੇ ਮੈਨੂੰ ਪਤਾ ਨਹੀਂ।
ਨਾ ਹੀ ਆਪਣਾ ਆਪ ਪਛਾਣਾ ਮੈਂ।

00

ਮੈਂ ਇਕੱਲੀ ਮੇਰਾ ਮਨ ਵੀ ਇਕੱਲੈ

ਮੈਂ ਇਕੱਲੀ ਮੇਰਾ ਮਨ ਵੀ ਇਕੱਲੈ। ਇਕੱਲੈ ਹਰ ਇਨਸਾਨ।
ਸਾਥ ਆਰਜ਼ੀ ਲਿਖੇ ਨੇ ਰੱਬ ਨੇ, ਇਸ ਜੱਗ 'ਤੇ ਸਭ ਮਹਿਮਾਨ।।
ਨਾ ਕੋਈ ਨਾਲ ਕਿਸੇ ਦੇ ਆਇਐ, ਨਾਹੀਂ ਨਾਲ ਕਿਸੇ ਨੇ ਜਾਣੈ।
ਇਕੱਲਿਆਂ ਹੀ ਸਫ਼ਰ ਸ਼ੁਰੂ ਸੀ ਕੀਤਾ, ਇਕੱਲਿਆਂ ਹੀ ਸਫਰ ਮੁਕਾਉਣੈ।।
ਜੇਹਦੇ ਨਾਲ ਸਫ਼ਰ ਹੈ ਮੁੱਕਣਾ, ਉਹ ਹੈ ਸੱਚਾ ਭਗਵਾਨ..
ਮੈਂ ਇਕੱਲੀ.....
ਜੁੜਿਆ ਰਹਿ ਮਨਾ! ਉਸ ਸੱਚੇ ਨਾਲ ਤੂੰ, ਛੱਡ ਦੇ ਝੂਠੇ ਧੰਧਿਆਂ ਨੂੰ।
ਝੂਠੇ ਧੰਧੇ ਨੇ ਜੇਲ੍ਹ ਪਹੁੰਚਾਉਂਦੇ, ਵੇਖ ਲੈ ਪਾਪੀ ਬੰਦਿਆਂ ਨੂੰ।।
ਸੱਚ ਦੇ ਰਾਹ 'ਤੇ ਤੁਰ ਕੇ ਮਨਾ ਤੂੰ! ਕਰ ਆਪਣਾ ਗੁਜਰਾਨ
ਮੈਂ ਇਕੱਲੀ....
ਅਣਜਾਣੇ ਵਿੱਚ ਵੀ ਪਾਪ ਕਰੀ ਨਾ, ਪਾਪ ਪੁੰਨ ਦੇ ਹੋਣ ਨਬੇੜੇ।
ਪਾਪ ਦਾ ਪਲੜਾ ਜਦੋਂ ਭਾਰੀ ਪੈਣੈ, ਡੁੱਬ ਜਾਣੇ ਨੇ ਰਾਹ 'ਤ ਬੇੜੇ।।
ਬੇੜੇ ਨੇ ਜਦੋਂ ਪਾਰ ਨਾ ਲਗਣੈ, ਤੇਰਾ ਹੋ ਜਾਣੈ ਨੁਕਸਾਨ.ੀ
ਮੈਂ ਇਕੱਲੀ.....
ਪਾਕ ਰੂਹਾਂ ਨਾਲ ਕੱਟ ਤੂੰ ਜਿੰਦਗੀ, ਪਾਕ ਰੂਹਾਂ ਦੀ ਹੋਕੇ ਰਹਿ ਜਾਹ।
ਗੱਲ ਤੂੰ ਪਾਕ ਸਦਾ ਕੱਢ ਮੂੰਹੋਂ, ਨਹੀਂ ਤਾਂ ਚੁੱਪ ਕਰਕੇ ਤੂੰ ਬਹਿ ਜਾਹ।।
ਇੱਕ ਚੁੱਪ ਤੇ ਸੋ ਸੁੱਖ ਨੇ ਹੁੰਦੇ, ਸੁੱਖ ਰੱਬ ਦਾ ਹੈ ਵਰਦਾਨ...
ਮੈਂ ਇਕੱਲੀ....
ਸਾਥ ਭਾਲਦੀ ਰਹੀ ਉਮਰ ਭਰ, ਸਾਥ ਨਾ ਲੱਭਿਆ ਕੋਈ।
ਅੱਧਵਾਟੇ ਹੀ ਛੱਡ-2 ਤੁਰ ਗਏ, ਤੋੜ ਨਾ ਨਿੱਭਿਆ ਕੋਈ।।
ਸਮਝ ਜਦੋਂ 'ਰਿਸ਼ੀ' ਆਈ ਸੱਚ ਦੀ, ਸੱਚ ਤੋਂ ਹੋ ਗਈ ਕੁਰਬਾਨ।
ਮੈਂ ਇਕੱਲੀ ਮੇਰਾ ਮਨ ਵੀ ਇਕੱਲੈ....

00

ਅੱਜ ਦੀ ਨੌਜਵਾਨ ਪੀੜ੍ਹੀ

ਅੱਜ ਦੀ ਨੌਜਵਾਨ ਪੀੜ੍ਹੀ, ਰਾਹ ਉਲਟੇ ਜਾ ਰਹੀ ਹੈ।
ਪੱਬ ਨਹੀਂ ਜ਼ਮੀਨ ਉਤੇ, ਉਡਦੀ ਹੀ ਜਾ ਰਹੀ ਹੈ।।
ਕਰਨੀ ਹੈ ਜੇਹਨੇ ਤਰੱਕੀ, ਨਿਘਰਦੀ ਜਾ ਰਹੀ ਹੈ।
ਜਾਗਣੇ ਦਾ ਹੈ ਵੇਲਾ, ਸੋਂਦੀ ਹੀ ਜਾ ਰਹੀ ਹੈ।

ਕਦਰਾਂ ਤੇ ਕੀਮਤਾਂ ਦੀ, ਕੀਮਤ ਨਾ ਪਾਉਂਦੀ ਭੋਰਾ।
ਬਜ਼ੁਰਗਾਂ ਦੀਆਂ ਇਛਾਵਾਂ ਨੂੰ, ਲਾਉਂਦੀ ਪਈ ਹੈ ਖੋਰਾ।
ਮਾਪਿਆਂ ਦੀ ਜੋੜੀ ਪੂੰਜੀ, ਪੁੱਟਦੀ ਹੀ ਜਾ ਰਹੀ ਹੈ।
ਇੱਜ਼ਤ ਮਾਪਿਆਂ ਦੀ, ਲੁੱਟਦੀ ਹੀ ਜਾ ਰਹੀ ਹੈ।

ਕਾਲਜ ਕਲਾਸਾਂ ਛੱਡ ਕੇ, ਜਾਂਦੀ ਹੈ ਫਿਲਮਾਂ ਵੇਖਣ।
ਫਿਲਮਾਂ ਦੀ ਰੀਸ ਕਰਕੇ, ਵਿਗੜਦੀ ਜਾ ਰਹੀ ਹੈ।।
ਕਰਦੀ ਹੈ ਕੋਝੇ ਫੈਸ਼ਨ, ਵਾਲਾਂ ਤੂੰ ਕੱਪੜਿਆਂ ਦੇ।
ਕੀ ਹੈ ਅਸਾਡਾ ਵਿਰਸਾ, ਭੁਲਦੀ ਹੀ ਜਾ ਰਹੀ ਹੈ।।

ਕੁੜੀਆਂ ਤੇ ਮੁੰਡੇ ਦੋਵੇਂ, ਮਾਡਲ ਬਣੀ ਨੇ ਜਾਂਦੇ।
ਪੈਸੇ ਨੂੰ ਪਾਉਣ ਖਾਤਿਰ, ਕਈ ਕੁੱਝ ਕਰੀ ਨੇ ਜਾਂਦੇ।।
ਲਿਆਕਤ ਦਾ ਮੁੱਲ ਨਹੀਂ ਹੈ, ਰਿਸ਼ਵਤ ਖਿਲਾ ਰਹੀ ਹੈ।
ਦਲਦਲ ਦੇ ਵਿੱਚ ਫਸੀ ਹੈ, ਧਸਦੀ ਹੀ ਜਾ ਰਹੀ ਹੈ।।

ਜੇਬਾਂ ਦੇ ਵਿੱਚ ਮੋਬਾਇਲ, ਵੱਜਦੇ ਨੇ 24 ਘੰਟੇ।
ਇੱਕ ਦੂਸਰੇ ਦੇ ਪਿੱਛੇ, ਨੱਸਦੇ ਨੇ 24 ਘੰਟੇ।।
ਕੁੜੀਆਂ ਦੀ ਸੰਗ ਵੇਖੋ! ਖੁਲਦੀ ਹੀ ਜਾ ਰਹੀ ਹੈ।
ਕਾਲਜ ਦਾ ਕਰ ਬਹਾਨਾ, ਹੋਟਲ ਨੂੰ ਜਾ ਰਹੀ ਹੈ।।

ਹੱਥ ਵਿਚ ਫੜੀ ਗਿਲਾਸੀ, ਨਸ਼ਿਆਂ ਦੇ ਸੂਟੇ ਲਾਉਂਦੀ।
ਕਹਿੰਦੀ ਹੈ ਹੁਬ-ਹੁਬ ਕੇ, ਵਧੀਆ ਹੈ ਨੀਂਦ ਆਉਂਦੀ।।
ਆਪੇ ਹੀ ਜ਼ਹਿਰ ਵਾਲੇ, ਬੂਟੇ ਇਹ ਲਾ ਰਹੀ ਹੈ।
ਕੀ ਫਰਜ਼ ਨੇ ਇਹਨਾਂ ਦੇ, ਭੁਲਦੀ ਹੀ ਜਾ ਰਹੀ ਹੈ।।

ਸੰਭਲ ਜਾਉ! ਨੌਜਵਾਨ ਬੱਚਿਓ! 'ਰਿਸ਼ੀ'! ਆਖੇ ਪਈ ਤੁਹਾਨੂੰ।
ਨਾ ਆਪਣਾ ਆਪ ਰੋਲੋ! ਨਾ ਤੜਪਾਉ ਮਾਪਿਆਂ ਨੂੰ।
ਗ਼ਮਾਂ ਵਿੱਚ ਡੁੱਬੇ ਨੇ ਮਾਪੇ, ਸ਼ਾਮ ਢਲਦੀ ਜਾ ਰਹੀ ਹੈ।
ਤੁਹਾਡੀ ਆਪਣੀ ਨਾਯਾਬ ਜਿੰਦਗੀ, ਨਰਕਾਂ ਨੂੰ ਜਾ ਰਹੀ ਹੈ।

00

ਧੀਆਂ ਪੁੱਤਰ ਰੱਬ ਦੀ ਰਹਿਮਤ

ਪੁੱਤ ਨੂੰ ਹੀਰਾ ਧੀ ਨੂੰ ਪੱਥਰ ਕਹਿੰਦੇ ਵੇਖੇ ਲੋਕੀ।
ਪੁੱਤ ਜੰਮੇ ਤੇ ਭੰਗੜੇ ਪਾਉਦੇ, ਧੀ ਵਾਰੀ ਰੋਦੇ ਲੋਕੀ।।

ਧੀ ਨੂੰ ਆਖਣ ਧੰਨ ਬੇਗਾਨਾ।
ਧੀ ਨੂੰ ਸਮਝਣ ਖੋਟਾ ਆਨਾ।
ਖੋਟੀ ਕਿਸਮਤ ਲੈ ਧੀ ਆਈ, ਆਂਹਦੇ ਵੇਖੇ ਲੋਕੀ...
ਪੁੱਤ ਨੂੰ ਹੀਰਾ ਧੀ ਨੂੰ ਪੱਥਰ ਕਹਿੰਦੇ ਵੇਖੇ ਲੋਕੀ.....
ਧੀ ਦੀ ਕੀਮਤ ਸਮਝ ਨਾ ਪਾਉਦੇ।
ਧੀ ਦੀ ਪੱਤ ਨੂੰ ਹੱਥ ਨੇ ਪਾਉਦੇ।।
ਸੰਗ ਸ਼ਰਮ ਦੀ ਪਟੜੀ ਉਤੋਂ ਲਹਿੰਦੇ ਵੇਖੇ ਲੋਕੀ...
ਪੁੱਤ ਨੂੰ ਹੀਰਾ ਧੀ ਨੂੰ ਪੱਥਰ ਕਹਿੰਦੇ ਵੇਖੇ ਲੋਕੀ...
ਬਿਨਾਂ ਚਾਂਦਨੀ ਚੰਨ ਹੈ ਫਿੱਕਾ।
ਬਿਨਾਂ ਰੋਸ਼ਨੀ ਸੂਰਜ ਫਿੱਕਾ।।
ਬੇਓਲਾਦ ਮਾਪੇ ਜੋ ਹੁੰਦੇ, ਧੀ ਮੰਗਦੇ ਵੇਖੇ ਲੋਕੀ...
ਪੁੱਤ ਨੂੰ ਹੀਰਾ ਧੀ ਨੂੰ ਪੱਥਰ ਕਹਿੰਦੇ ਵੇਖੇ ਲੋਕੀ...
ਧੀਆਂ ਪੁੱਤਰ ਰੱਬ ਦੀ ਰਹਿਮਤ।
ਦੋਵੇਂ ਮਿਲਦੇ ਨੇ ਨਾਲ ਕਿਸਮਤ।।
ਦੋਹਾਂ ਦੀ ਜੋ ਕਦਰ ਨੇ ਕਰਦੇ, ਖੁਸ਼ ਰਹਿੰਦੇ ਵੇਖੇ ਲੋਕੀ...
ਪੁੱਤ ਨੂੰ ਹੀਰਾ ਧੀ ਨੂੰ ਪੱਥਰ ਕਹਿੰਦੇ ਵੇਖੇ ਲੋਕੀ...
ਇੱਕੋ ਜਿਹਾ ਦੋਵੇਂ ਪਿਆਰ ਨੇ ਲੈਦੇ।
ਇੱਕੋ ਜਿਹਾ ਦੋਵੇਂ ਪਿਆਰ ਨੇ ਦਿੰਦੇ।।
ਦੋਹਾਂ ਨੂੰ ਹੀਰੇ ਸਮਝਣ ਜੇਹੜੇ ਲਾਹਾ ਲੈਦੇ ਵੇਖੇ 'ਰਿਸ਼ੀ' ਲੋਕੀ...
ਪੁੱਤ ਨੂੰ ਹੀਰਾ ਧੀ ਨੂੰ ਪੱਥਰ ਕਹਿੰਦੇ ਵੇਖੇ ਲੋਕੀ...

00

ਵੇ ਮੈਂ ਉੱਡਕੇ ਆ ਜਾਵਾਂ...

ਹੀਰ ਚੂਰੀਆਂ ਖਵਾਈਆਂ, ਸੱਸੀ ਤਾਰੀਆਂ ਸੀ ਲਾਈਆਂ।
ਮੈਂ ਕੀ ਕਰਾਂ ਦੱਸ ਮਾਹੀਆ, ਸਹੀਆਂ ਜਾਣ ਨਾ ਜੁਦਾਈਆਂ।।

ਦੂਰ-ਦੂਰ ਅਸੀਂ ਹੋਏ,
ਮਜਬੂਰ ਅਸੀਂ ਹੋਏ।
ਮਜਬੂਰੀਆਂ ਦੇ ਹੱਥੋਂ, ਅਸੀਂ ਦੂਰੀਆਂ ਵਧਾਈਆਂ...
ਹੀਰ ਚੂਰੀਆਂ ਖਵਾਈਆਂ.....
ਕਦੀ ਫੋਟੋ ਤੇਰੀ ਤੱਕਾਂ,
ਕਦੀ ਖਤ ਤੇਰੇ ਤੱਕਾਂ।
ਖਤ ਪੜ੍ਹ-ਪੜ੍ਹ ਤੇਰੇ, ਅਸੀਂ ਉਮਰਾਂ ਲੰਘਾਈਆਂ...
ਹੀਰ ਚੂਰੀਆਂ ਖਵਾਈਆਂ.....
ਤੇਰੇ ਵਰਗਾ ਨਹੀਂ ਕੋਈ।
ਤੈਨੂੰ ਯਾਦ ਕਰ ਰੋਈ।।
ਹਰ ਵੇਲੇ ਰੋ ਰੋ ਬੀਬਾ! ਅਸੀਂ ਨਜ਼ਰਾਂ ਗਵਾਈਆਂ...
ਹੀਰ ਚੂਰੀਆਂ ਖਵਾਈਆਂ.....
ਤੂੰ ਏਂ ਮੇਰਾ ਸੋਹਣਾ ਰਾਜਾ।
ਛੱਡ ਸਭ ਕੁਝ ਆਜਾ।।
ਉਡੀਕ ਵਿੱਚ ਤੇਰੀ, ਅਸੀਂ ਅੱਖੀਆਂ ਵਿਛਾਈਆਂ...
ਹੀਰ ਚੂਰੀਆਂ ਖਵਾਈਆਂ.....
ਵੇ ਮੈਂ ਉੱਡਕੇ ਆ ਜਾਵਾਂ।
ਤੈਨੂੰ ਦਰਦ ਸੁਣਾਵਾਂ।।
ਦੁੱਖ ਸੁਣਨ ਲਈ ਤੇਰੇ, 'ਰਿਸ਼ੀ' ਟਿਕਟਾਂ ਕਟਾਈਆਂ...
ਹੀਰ ਚੂਰੀਆਂ ਖਵਾਈਆਂ.....

00

ਮੈਂ ਹਾਂ ਧੁਖ਼ਦੀ ਚਿੰਗਾਰੀ

ਮੈਨੂੰ ਕੋਈ ਮੋਮ ਨਾ ਸਮਝੋ, ਮੈਂ ਹਾਂ ਧੁਖਦੀ ਚਿੰਗਾਰੀ।
ਮੈਂ ਲੋਕਾਂ ਨੂੰ ਵਿਖਾ ਦਊ, ਮੈਂ ਹਾਂ ਭਾਰਤ ਦੀ ਨਾਰੀ।।

ਆਖੋ ਨਾ ਕੋਈ ਵੀ ਮੈਨੂੰ,''ਤੇਰੀ ਮੱਤ ਗਿੱਟਿਆਂ ਵਿੱਚ ਏ।
ਆਖੋ ਨਾ ਕੋਈ ਵੀ ਮੈਨੂੰ, ''ਤੇਰੀ ਥਾਂਹ ਸਿਵਿਆਂ ਵਿੱਚ ਏ।।
ਇਹ ਕੁੱਝ ਨਹੀਂ ਸੁਣਨਾ ਚਾਹੁੰਦੀ, ਮੈਂ ਹਾਂ ਔਰਤ ਨਿਆਰੀ....
ਮੈਨੂੰ ਕੋਈ ਮੋਮ ਨਾ ਸਮਝੋ.....

ਸਦੀਆਂ ਤੋਂ ਪਿਸਦੀ ਆਈ ਹੋਰ ਨਾ ਪਿਸਣਾ ਚਾਹਾਂ।
ਇੱਜ਼ਤ ਮੇਰੀ ਪਿਆਰੀ ਮੈਨੂੰ, ਕਹਾਂ, ਉਲਾਰਕੇ ਬਾਹਾਂ।।
ਕਰਨ ਲਈ ਰਾਖੀ ਆਪਣੀ, ਕੱਸ ਲਈ ਹੁਣ ਮੈਂ ਤਿਆਰੀ...
ਮੈਨੂੰ ਕੋਈ ਮੋਮ ਨਾ ਸਮਝੋ.....

ਵੇਹਲੜ ਰਾਂਝੇ ਤੇ ਮਜਨੂੰ ਰਹਿੰਦੇ ਨੇ ਗਲੀਆਂ ਕੱਛਦੇ।
ਝੂਠੀ ਆਈ ਡੀ. ਬਣਾਕੇ ਹੀਰਾਂ ਤੇ ਲੈਲਾ ਲੱਭਦੇ।।
ਦਿਨੇ ਵਿਖਾਉਂ ਤਾਰੇ, ਚਾਨਣ ਦੀ ਮੈਂ ਪਟਾਰੀ...
ਮੈਨੂੰ ਕੋਈ ਮੋਮ ਨਾ ਸਮਝੋ.....

ਵੇਖੇ ਮੈਂ ਬਾਜ ਬਥੇਰੇ, ਉੱਡਣ ਜੋ ਚਾਰ ਚੁਫੇਰੇ।
ਝਾਂਕਣ ਜੋ ਉੱਲੂਆਂ ਵਾਂਙੂ, ਫਿਰਨ ਜੋ ਵਿੱਚ ਹਨੇਰੇ।।
ਕੱਢਣੀ ਮੈਂ ਅੱਖ ਉਹਨਾਂ ਦੀ, ਤਿੱਖੀ ਜਿਹੀ ਲੈ ਕਟਾਰੀ...
ਮੈਨੂੰ ਕੋਈ ਮੋਮ ਨਾ ਸਮਝੋ.....

ਵੇਲਾ ਹੁਣ ਕਹਿਣ ਦਾ ਹੈ ਨਹੀਂ, ਸੱਚੋ ਸੱਚ ਦੱਸਾਂ ਲੋਕੋ।
ਵੇਲਾ ਹੁਣ ਸੁਣਨ ਦਾ ਹੈ ਨਹੀਂ, ਝੂਠ ਨਾ ਆਖਾਂ ਲੋਕੋ।।

ਕਹਿ ਸੁਣਕੇ ਬਹੁਤ ਵੇਖਿਐ, ਪਰ ਨਾ ਘਟੀ ਬਿਮਾਰੀ...
ਮੈਨੂੰ ਕੋਈ ਮੋਮ ਨਾ ਸਮਝੋ.....

ਜਾਗ ਹੁਣ ਮੈਨੂੰ ਆਈ, ਹੋਸ਼ ਵੀ ਜਾਗਕੇ ਆਇਐ।
ਟੁੱਟੀ ਮੇਰੀ ਬੇਹੋਸ਼ੀ, ਜੋਸ਼ ਵੀ ਚਿਰਕੇ ਆਇਐ।।
ਹੋਸ਼ ਤੇ ਜੋਸ਼ ਦੋ ਗਹਿਣੇ, ਜੇਹਨਾਂ ਨਾਲ ਮੈਂ ਸ਼ਿੰਗਾਰੀ...
ਮੈਨੂੰ ਕੋਈ ਮੋਮ ਨਾ ਸਮਝੋ.....

ਬੋਝ ਨਾ ਬਣਾ ਕਿਸੇ ਤੇ, ਪੜ੍ਹ ਲਿਖਕੇ ਕਰਾਂ ਨੌਕਰੀ।
ਧੌਂਸ ਨਾ ਸਹਾਂ ਕਿਸੇ ਦੀ, ਭਾਵੇਂ ਸਿਰ ਧਰਾਂ ਟੋਕਰੀ।।
ਕੰਡਿਆਂ ਨਾਲ ਕਰਾਂ ਦੋਸਤੀ, ਫੁੱਲਾਂ ਦੀ 'ਰਿਸ਼ੀ' ਕਿਆਰੀ...
ਮੈਨੂੰ ਕੋਈ ਮੋਮ ਨਾ ਸਮਝੋ, ਮੈਂ ਹਾਂ ਧੁਖਦੀ ਚਿੰਗਾਰੀ।

00

ਉਹਨੇ ਜੀ ਕੇ 'ਰਿਸ਼ੀ' ਕੀ ਕਰਨੈ!

ਜੇਹੜਾ ਦਾਤੇ ਦਾ ਨਾ ਬਣ ਸਕਿਆ!
ਉਹਨੇ ਮਾਪਿਆਂ ਦਾ ਕੀ ਬਣਨੈ?
ਜੇਹੜਾ ਮਾਪਿਆਂ ਦਾ ਨਾ ਬਣ ਸਕਿਆ!
ਉਹਨੇ ਭੈਣ ਭਰਾਵਾਂ ਦਾ ਕੀ ਬਣਨੈ।।
ਜੇਹੜਾ ਭੈਣ ਭਰਾਵਾਂ ਦਾ ਨਾ ਬਣ ਸਕਿਆ!
ਉਹਨੇ ਪਤਨੀ ਦਾ ਕੀ ਬਣਨੈ?
ਜੇਹੜਾ ਪਤਨੀ ਦਾ ਨਾ ਬਣ ਸਕਿਆ!
ਉਹਨੇ ਬੱਚਿਆਂ ਦਾ ਕੀ ਬਣਨੈ?
ਜੇਹੜਾ ਬੱਚਿਆਂ ਦਾ ਨਾ ਬਣ ਸਕਿਆ!
ਉਹਨੇ ਰਿਸ਼ਤੇਦਾਰਾਂ ਦਾ ਕੀ ਬਣਨੈ?
ਜੇਹੜਾ ਰਿਸ਼ਤੇਦਾਰਾਂ ਦਾ ਨਾ ਬਣ ਸਕਿਆ!
ਉਹਨੇ ਮਿੱਤਰਾਂ ਦਾ ਕੀ ਬਣਨੈ?
ਜੇਹੜਾ ਮਿੱਤਰਾਂ ਦਾ ਨਾ ਬਣ ਸਕਿਆ!
ਉਹਨੇ ਦੁਨੀਆਂ ਦਾ ਕੀ ਬਣਨੈ?
ਜੇਹੜਾ ਦੁਨੀਆਂ ਦਾ ਨਾ ਬਣ ਸਕਿਆ!
ਉਹਨੇ ਜੀ ਕੇ ਫਿਰ ਕੀ ਕਰਨੈ?
ਉਹਨੇ ਜੀ ਕੇ 'ਰਿਸ਼ੀ' ਕੀ ਕਰਨੈ?

00

ਕਮਲ ਦੇ ਦੋ ਫੁੱਲ

ਇੱਕ ਦਿਨ ਮੈਂ ਤੇ ਮੇਰੇ ਮਾਹੀ ਨੇ, ਕਮਲ ਦੇ ਦੋ ਫੁੱਲ ਤੋੜ ਲਏ।
ਸਾਨੂੰ ਲੱਗੇ ਪਿਆਰੇ ਏਨੇ, ਪਿਆਰ ਨਾਲ ਅਸਾਂ ਤੋੜ ਲਏ।।

ਘਰ ਆਕੇ ਗੁਲਦਾਨ 'ਚ ਰੱਖੇ।
ਸਜਾਉਣ ਲਈ ਟੇਬਲ 'ਤੇ ਰੱਖੇ।।
ਕੁੱਝ ਹੀ ਘੰਟਿਆਂ ਮਗਰੋਂ ਦੋਹਾਂ ਨੇ, ਮੁੱਖ ਸਾਡੇ ਤੋਂ ਮੋੜ ਲਏ।
ਇਕ ਦਿਨ ਮੈਂ ਤੇ ਮੇਰੇ ਮਾਹੀ ਨੇ.....
ਪ੍ਰੇਮ ਪੈ ਗਿਆ ਨਾਲ ਦੋਹਾਂ ਦੇ।
ਫੋਟੋ ਖਿੱਚਵਾਈ ਨਾਲ ਦੋਹਾਂ ਦੇ।
ਪ੍ਰੇਮ ਟੁੱਟ ਗਿਆ ਉਦੋਂ ਸਾਡਾ, ਜਦੋਂ ਦੋਹਾਂ ਰੁਖ਼ ਕਰ ਹੋਰ ਲਏ।।
ਇਕ ਦਿਨ ਮੈਂ ਤੇ ਮੇਰੇ ਮਾਹੀ ਨੇ.....
ਵੇਖ-2 ਸਾਨੂੰ ਤਰਸ ਵੀ ਆਇਆ।
ਆਪਣੇ ਆਪ 'ਤੇ ਗੁੱਸਾ ਆਇਆ।।
ਕਿਉਂ ਤੋੜੇ ਅਸੀਂ ਫੁੱਲ ਨਿਮਾਣੇ, ਕਿਉਂ ਅਸੀਂ ਬਣ ਚੋਰ ਗਏ।
ਇਕ ਦਿਨ ਮੈਂ ਤੇ ਮੇਰੇ ਮਾਹੀ ਨੇ.....
ਮੁਸਕਾਉਂਦੇ ਤੇ ਨੱਚਦੇ ਸੀ ਉਹ।
ਨਾਲ ਬੂਟੇ ਦੇ ਜੱਚਦੇ ਸੀ ਉਹ।
ਬੇਜ਼ੁਬਾਨ ਕੁੱਝ ਬੋਲ ਨਾ ਸਕੇ, ਕਿਉਂ ਅਸੀਂ ਬਣ ਕਠੋਰ ਗਏ,
ਇਕ ਦਿਨ ਮੈਂ ਤੇ ਮੇਰੇ ਮਾਹੀ ਨੇ.....
ਅਸੀਂ ਵੀ ਆਪਣੇ ਮੂਲ ਤੋਂ ਟੁੱਟੇ।
ਤਾਹੀਉਂ ਜੱਗ ਵਾਲਿਆਂ ਨੇ ਲੁੱਟੇ।।
'ਪ੍ਰੀਤ' 'ਰਿਸ਼ੀ' ਮਨ ਜੋੜ ਲਉ ਰੱਬ ਨਾਲ, ਫੁੱਲ ਦੇ ਸਿੱਖਿਆ ਸਾਨੂੰ ਹੋਰ ਗਏ...
ਇਕ ਦਿਨ ਮੈਂ ਤੇ ਮੇਰੇ ਮਾਹੀ ਨੇ.....

00

ਇੱਕ ਨਵਾਂ ਰਿਵਾਜ

ਇੱਕ ਨਵਾਂ ਰਿਵਾਜ ਜੇਹਾ ਚੱਲ ਪਿਐ, ਨੈੱਟ 'ਤੇ ਬੈਠਣ ਦਾ।
ਆਪਣਿਆਂ ਦੀ ਸੂਰਤ ਛੱਡਕੇ, ਦੂਜਿਆਂ ਦੀ ਵੇਖਣ ਦਾ।
ਨੈੱਟ 'ਤੇ ਬਹਿੰਦੇ ਛੋਟੇ ਵੱਡੇ।
ਨੈੱਟ ਲਈ ਸਾਰੇ ਧੰਧੇ ਛੱਡੇ।
ਨੈੱਟ 'ਤੇ ਏਨਾ ਬਿਜੀ ਹੋ ਗਏ, ਵਕਤ ਰਿਹਾ ਨਹੀਂ ਖੇਡਣ ਦਾ
ਇੱਕ ਨਵਾਂ ਰਿਵਾਜ.....
ਨੈੱਟ ਛੱਡਿਆ ਮੋਬਾਇਲ ਚੱਕ ਲਿਆ।
ਮੋਬਾਇਲ ਛੱਡਿਆ ਆਈ ਪੈਡ ਚੱਕ ਲਿਆ।
ਉਹਤੋਂ ਮਗਰੋਂ ਆਈ ਪਾਡ ਦੀ ਵਾਰੀ, ਵਕਤ ਰਿਹਾ ਨਹੀਂ ਲੇਟਣ ਦਾ
ਇੱਕ ਨਵਾਂ ਰਿਵਾਜ.....
ਨੂੰਹ ਧੀ ਰਹਿੰਦੀ ਨੈੱਟ ਦੇ ਉੱਤੇ।
ਸੱਸ ਮਾਂ ਰਹਿੰਦੀ ਨੈੱਟ ਦੇ ਉੱਤੇ।।
ਕੰਮ ਪਏ ਰਹਿਣ ਭਾਵੇਂ ਪੈਡਿੰਗ, ਵਕਤ ਰਿਹਾ ਨਹੀਂ ਟੋਕਣ ਦਾ
ਇੱਕ ਨਵਾਂ ਰਿਵਾਜ.....
ਕੀ ਮੁੰਡੇ ਕੀ ਕੁੜੀਆਂ ਲੈ ਲਉ।
ਕੀ ਬੁੱਢੇ ਕੀ ਬੁੱਢੀਆਂ ਲੈ ਲਉ।।
ਗੂਗਲ ਉੱਤੇ ਜਵਾਬ ਨੇ ਲੱਭਦੇ ਵਕਤ ਰਿਹਾ ਨਹੀਂ ਸੋਚਣ ਦਾ
ਇੱਕ ਨਵਾਂ ਰਿਵਾਜ.....
ਟੈਕਨਾਲੋਜੀ ਅੱਜ ਭਾਰੀ ਪੈ ਗਈ।
ਅਕਲ-ਸਾਰ ਲੋਕਾਂ ਦੀ ਲੈ ਗਈ।
ਪੋਟੇ ਦੁਖਦੇ-ਪਿੱਠ ਵੀ ਦੁਖਦੀ-ਵਕਤ ਰਿਹਾ ਨਹੀਂ ਘੁੱਟਣ ਦਾ।
ਇੱਕ ਨਵਾਂ ਰਿਵਾਜ ਹੀ ਚਲ ਪਿਐ...
ਸਮੇਂ-2 ਏਹਦੀ ਵਰਤੋਂ ਕਰੀਏ।
ਜਦੋਂ ਲੋੜ ਹੈ ਉਦੋਂ ਹੀ ਕਰੀਏ।।
ਟੈਕਨਾਲੋਜੀ ਦੇ ਸੁਖ ਵੀ ਬੜੇ ਨੇ 'ਰਿਸ਼ੀ' ਵੇਲਾ ਹੈ ਸਮਝਣ ਦਾ
ਇੱਕ ਨਵਾਂ ਰਿਵਾਜ.....

00

ਰਿਸ਼ਤੇ

ਤੋਹਫਿਆਂ ਦੀ ਤੱਕੜੀ 'ਚ ਤੁਲ ਰਹੇ ਨੇ ਰਿਸ਼ਤੇ।
ਤਾਹੀਉਂ ਤੇ ਅੱਜਕਲ ਰੁਲ ਰਹੇ ਨੇ ਰਿਸ਼ਤੇ।।
ਸੱਚੀ-ਮੁੱਚੀ ਰਿਸ਼ਤਿਆਂ ਨੂੰ ਨਜ਼ਰ ਲੱਗ ਗਈ ਏ।
ਪਿਆਰੇ-2 ਰਿਸ਼ਤਿਆਂ ਨੂੰ ਨਜ਼ਰ ਲੱਗ ਗਈ ਏ।
ਹਨੇਰੀ ਅਤੇ ਤੂਫਾਨ ਵਾਂਙੂ ਝੁੱਲ ਰਹੇ ਨੇ ਰਿਸ਼ਤੇ।
ਤੋਹਫਿਆਂ ਦੀ ਤੱਕੜੀ....
ਮੈਂ ਉਹਨੂੰ ਕੀ ਜਾਣਾ! ਮੈਂ ਉਹਤੋਂ ਵੱਧ ਹਾਂ।
ਮੈਂ ਉਹਤੋਂ ਕੀ ਲੈਣੈ! ਮੈਂ ਕੇਹੜਾ ਘੱਟ ਹਾਂ।।
ਹਉਮੈਂ ਵਾਲੀ ਜ਼ਹਿਰ 'ਚ ਘੁਲ ਰਹੇ ਨੇ ਰਿਸ਼ਤੇ..ੀ
ਤੋਹਫਿਆਂ ਦੀ ਤੱਕੜੀ....
ਜੇ ਉਹਨੇ ਮੈਨੂੰ ਇਹ ਦਿੱਤਾ, ਮੈਂ ਉਹਨੂੰ ਇਹ ਦਉਂ।
ਜੇ ਉਹਨੇ ਮੈਥੋਂ ਇਹ ਲਿਆ, ਮੈਂ ਉਹਤੋਂ ਇਹ ਲਊਂ।।
ਹਿਸਾਬਾਂ ਤੇ ਕਿਤਾਬਾਂ 'ਚ ਹੋ ਗੁਲ ਰਹੇ ਨੇ ਰਿਸ਼ਤੇ..
ਤੋਹਫਿਆਂ ਦੀ ਤੱਕੜੀ....
ਦੁਖਦੇ ਨੇ ਦਿਲ ਜਦੋਂ ਤੋਹਫੇ ਨੇ ਮੁੜਦੇ।
ਟੁੱਟਦੇ ਨੇ ਦਿਲ ਜਦੋਂ ਤੋਹਫੇ ਨੇ ਮੁੜਦੇ।।
ਮੁੱਲ ਪੈ ਰਿਹੈ ਤੋਹਫਿਆਂ ਦਾ ਭੁੱਲ ਰਹੇ ਨੇ ਰਿਸ਼ਤੇ...
ਤੋਹਫਿਆਂ ਦੀ ਤੱਕੜੀ....
ਪਿਆਰ ਨਾਲ ਦਿੱਤੇ, ਤੋਹਫੇ ਹੁੰਦੇ ਅਨਮੋਲ ਨੇ।
ਪਿਆਰ ਨਾਲ ਲਏ ਤੋਹਫੇ ਹੁੰਦੇ ਅਨਮੋਲ ਨੇ।।
'ਰਿਸ਼ੀ' ਦਾ ਅਸੂਲ ਏਹੀਉ! ਤਾਹੀਉਂ ਫਲ ਰਹੇ ਨੇ ਰਿਸ਼ਤੇ...
ਤੋਹਫਿਆਂ ਦੀ ਤੱਕੜੀ....

00

ਪਹਿਲਾਂ ਮਾਪੇ ਰੋਂਦੇ ਨੇ ਤੇ ਫੇਰ ਸਹੁਰੇ!

ਧੀਆਂ ਰੋਂਦੀਆਂ ਨੇ ਜਦੋਂ ਪੇਕੇ ਆਣਕੇ, ਮਾਪੇ ਰੋਂਦੇ ਫੁੱਟ-ਫੁੱਟ ਕੇ।
ਉਹਤੇ ਜੱਗ ਤੋਂ ਲਕੋਂਦੇ ਰਹਿੰਦੇ ਅੱਥਰੂ, ਰਾਤੀ ਬਹਿੰਦੇ ਉੱਠ-ਉੱਠ ਕੇ।।
ਧੀ ਕਾਹਨੂੰ ਦਿੱਤੀ ਜੇ ਤੂੰ ਦੁੱਖ ਹੀ ਵਿਖਾਉਣੇ ਸੀ?
ਨਿੱਤ-ਨਿੱਤ ਆਕੇ ਧੀ ਨੇ, ਜੇ ਦੁੱਖੜੇ ਸੁਣਾਉਣੇ ਸੀ।
ਮਾਪੇ ਦਿੰਦੇ ਨੇ ਉਲਾਂਭੇ ਸੋਹਣੇ ਰੱਬ ਨੂੰ, ਜੀਉਂਦੇ ਨੇ ਉਹ ਘੁਟ-ਘੁਟ ਕੇ..
ਧੀਆਂ ਰੋਂਦੀਆਂ ਨੇ ਜਦੋਂ ਪੇਕੇ ਆਣ ਕੇ....
ਧੀਆਂ ਵੀ ਤੇ ਪੁੱਤਾਂ ਵਾਂਗੂੰ ਜਨਮ ਨੇ ਲੈਂਦੀਆਂ।
ਦੋਹਾਂ ਵਾਰੀ ਮਾਵਾਂ ਡਾਹਢੇ ਦਰਦ ਨੇ ਸਹਿੰਦੀਆਂ।
ਮਾਪੇ ਕਰਦੇ ਪਿਆਰ ਧੀਆਂ ਪੁੱਤਾਂ ਨੂੰ, ਲਾਉਂਦੇ ਸੀਨੇ ਘੁੱਟ-2 ਕੇ...
ਧੀਆਂ ਰੋਂਦੀਆਂ ਨੇ ਜਦੋਂ ਪੇਕੇ ਆਣ ਕੇ....
ਇੱਕੋ ਜੇਹੀਆਂ ਖੇਡਾਂ ਮਾਪੇ ਦੋਹਾਂ ਨੂੰ ਖਿਡਾਉਂਦੇ ਨੇ।
ਇੱਕੋ ਜੇਹੇ ਕੱਪੜੇ ਦੋਹਾਂ ਨੂੰ ਪਵਾਉਂਦੇ ਨੇ।।।
ਦਿੰਦੇ ਸਿੱਖਿਆ ਦੋਹਾਂ ਨੂੰ ਮਾਪੇ ਰੱਜਕੇ, ਖਵਾਉਂਦੇ ਚੂਰੀ ਕੁੱਟ-ਕੁੱਟ ਕੇ..
ਧੀਆਂ ਰੋਂਦੀਆਂ ਨੇ ਜਦੋਂ ਪੇਕੇ ਆਣ ਕੇ....
ਵਿਆਹਾਂ ਉੱਤੇ ਪੈਸੇ ਲਾਉਂਦੇ ਮਾਪੇ ਦਿਲ ਖੋਹਲ ਕੇ।
ਮੰਗਦੇ ਨੇ ਦਾਜ ਮੁੰਡੇ ਵਾਲੇ ਮੂੰਹੋਂ ਬੋਲ-ਬੋਲ ਕੇ।।।
ਘਰ ਭਰਦੇ ਨੇ ਮੁੰਡੇ ਵਾਲੇ ਆਪਣਾ, ਕੁੜਮਾਂ ਨੂੰ ਲੁੱਟ-ਲੁੱਟ ਕੇ...
ਧੀਆਂ ਰੋਂਦੀਆਂ ਨੇ ਜਦੋਂ ਪੇਕੇ ਆਣ ਕੇ....
ਘਰ ਭਰ ਕੇ ਵੀ ਕੇਹੜਾ ਸ਼ਾਂਤ ਉਹ ਹੁੰਦੇ ਨੇ।
ਨੂੰਹਾਂ ਨਾਲ ਰਿਸ਼ਤੇ ਅਸ਼ਾਂਤ ਹੀ ਹੁੰਦੇ ਨੇ।।
ਸਾੜ ਦਿੰਦੇ ਨੇ ਨੂੰਹਾਂ ਨੂੰ ਫਿਰ ਸਹੁਰੇ ਤੇਲ ਉਤੇ ਸੁੱਟ-ਸੁੱਟ ਕੇ..
ਧੀਆਂ ਰੋਂਦੀਆਂ ਨੇ ਜਦੋਂ ਪੇਕੇ ਆਣ ਕੇ....
ਸੀਖਾਂ ਪਿੱਛੇ ਜਾਂਦੇ ਜਦੋਂ ਕਰ ਅਪਰਾਧ ਸਹੁਰੇ।
ਪੇਸ਼ ਹੁੰਦੇ ਨੇ ਕਚਿਹਰੀਆਂ 'ਚ, ਖੜ੍ਹਦੇ ਨੇ ਜੱਜ ਮੋਹਰੇ।।
ਮਾਫੀ ਮੰਗਦੇ ਨੇ ਦੋਵੇਂ ਹੱਥ ਜੋੜਕੇ ਰੋਂਦੇ 'ਰਿਸ਼ੀ' ਫੁੱਟ-ਫੁੱਟ ਕੇ..
ਧੀਆਂ ਰੋਂਦੀਆਂ ਨੇ ਜਦੋਂ ਪੇਕੇ ਆਣ ਕੇ.....

00

ਰੱਖੜੀ

ਕਾਹਨੂੰ ਮੇਰੀ ਭੈਣ ਨੂੰ ਤੁਸਾਂ ਮਾਰ ਮੁਕਾਇਆ ਸੀ?
ਲੈਕੇ ਉਲਾਂਭਾ ਅੱਜ ਵੀਰ ਇੱਕ ਆਇਆ ਸੀ।।
''ਸੁਪਨੇ 'ਚ ਆਈ ਰਾਤੀ ਨਿੱਕੀ ਜੇਹੀ ਭੈਣ ਮੇਰੀ।
ਚੁੰਮਕੇ ਕਲਾਈ ਉਹਤੇ ਮੰਗਦੀ ਸੀ ਖੈਰ ਮੇਰੀ।।
ਮੂੰਹ ਤੇ ਉਹਦਾ ਵੇਖਿਆ ਨਾ, ਮੂੰਹ ਢੱਕ ਆਈ ਸੀ।
ਹੌਲੀ-ਹੌਲੀ ਭੈਣ ਮੇਰੇ ਕਮਰੇ 'ਚ ਆਈ ਸੀ।''
ਕਹਿੰਦੀ,''ਉੱਠ ਮੇਰੇ ਵੀਰਾ! ਤੇਰੀ ਰੱਖੜੀ ਲਿਆਈ ਹਾਂ।
ਤੇਰੀ ਮੈਂ ਪਸੰਦ ਦੀ, ਮਿਠਾਈ ਵੀ ਲਿਆਈ ਹਾਂ।''
''ਅੱਜ ਮੇਰਾ ਗੁੱਟ ਉਹਨੇ ਆਪ ਸਜਾਇਆ ਸੀ।
ਕੀਤਾ ਰੱਜਕੇ ਪਿਆਰ ਨਾਲੇ ਘੁੱਟ ਗਲੇ ਲਾਇਆ ਸੀ।''
ਫੇਰ ਕਹਿੰਦੀ,''ਰੱਬ ਕਰੇ ਵੀਰਾ ਮੇਰਾ ਜੀਉਂਦਾ ਤੇ ਵੱਸਦਾ ਰਹੇ,
ਅੰਮੜੀ ਤੇ ਬਾਬਲ ਦਾ ਵੇਹੜਾ ਏਸੇ ਤਰ੍ਹਾਂ ਹੱਸਦਾ ਰਹੇ।।''
ਏਨਾ ਕਹਿਕੇ ਮੁੜ ਮੈਨੂੰ ਦਿੱਤੀ ਵਧਾਈ ਸੀ।
ਮੈਨੂੰ ਕਹਿੰਦੀ,''ਵੇ ਵੀਰਾ! ਮੈਂ ਤੇ ਰੱਖੜੀ ਤੇ ਆਈ ਸੀ।।
ਉਹਨੂੰ ਤੁਸਾਂ ਮਾਰਕੇ ਤੇ ਪਾਪ ਲੋਈ ਲਈ ਹੈ।
ਇੱਕੋ ਇੱਕ ਭੈਣ ਮੇਰੀ ਮੈਥੋਂ ਖੋਹੀ ਗਈ ਹੈ।।
ਲੱਗਦਾ ਏ ਮੈਨੂੰ ਹਰ ਰੱਖੜੀ ਤੇ ਆਵੇਗੀ।
ਹੌਲੀ-ਹੌਲੀ ਫੇਰ, ਮੈਨੂੰ ਆਣਕੇ ਜਗਾਵੇਗੀ।।
ਬਨਵਾਉਣੀ ਮੈਂ ਤੇ ਰੱਖੜੀ ਭੈਣ ਕੋਲੋਂ ਹੈਗੀ ਏ।
ਬਜ਼ਾਰ ਤੋਂ ਲਿਆਕੇ ਰੱਖੀ ਜੇਬ 'ਚ ਹੈਗੀ ਏ।।
ਦੇਵਾਂਗਾ ਮੈਂ ਤੋਹਫਾ ਉਹਨੂੰ ਆਪਣੇ ਪਿਆਰ ਦਾ।
ਪੁੱਛਾਂਗਾ ਸੰਸਾਰ ਨੂੰ, ਉਹ ਧੀਆਂ ਭੈਣਾ ਨੂੰ ਕਿਉਂ ਮਾਰਦਾ।।
ਕੀਤਾ ਕੀ ਕਸੂਰ! ਉਹਨੂੰ ਕਾਹਨੂੰ ਪਏ ਮਾਰਦੇ ਓ!
ਆਪਣਾ ਹੀ ਆਸ਼ਿਆਨਾ ਹੱਥੀਂ ਕਿਉਂ ਉਜਾੜਦੇ ਓ।।
ਨਿੱਕੇ ਹੁੰਦੇ ਵੀਰ ਭੈਣਾ ਦੇਣੀਆਂ ਸੀ ਲੋਰੀਆਂ।
ਵੀਰਾਂ ਦੇ ਵਿਆਹਾਂ 'ਤੇ ਗਾਉਣੀਆਂ ਸੀ ਘੋੜੀਆਂ।।

ਫੜਨੀ ਸੀ ਵਾਗ ਉਹਨੇ ਘੋੜੀ ਤੇ ਚੜ੍ਹਾਉਣਾ ਸੀ।
ਗੀਤ ਉਹਨੇ ਵਿਆਹ ਦੇ ਵਾਲਾ ਵਾਰ-ਵਾਰ ਗਾਉਣਾ ਸੀ।।
ਨੱਚਣਾ ਸੀ ਆਪ ਨਾਲ ਭਾਬੀ ਨੂੰ ਨਚਾਉਣਾ ਸੀ।
ਭੈਣਾ ਦੇ ਕੀ ਚਾਅ ਹੁੰਦੇ 'ਰਿਸ਼ੀ' ਜਗ ਨੂੰ ਵਿਖਾਉਣਾ ਸੀ।।
ਰੀਝਾਂ ਉਹਦੀਆਂ ਤੇ ਤੁਸੀਂ ਕੁੱਖ ਵਿਚ ਮਾਰੀਆਂ।

00

ਪੈਗ਼ਾਮ ਮੁਹੱਬਤ ਦਾ!

ਪੈਗ਼ਾਮ ਮੁਹੱਬਤ ਦਾ। ਫੈਲਾਓ, ਗੁਰੂ ਦੇ ਪਿਆਰੇ ਸਿੰਘੋ।
ਨਫਰਤ ਦੀ ਅੱਗ ਬਲਦੀ ਬੁਝਾਉ, ਰਲਕੇ ਸਾਰੇ ਸਿੰਘੋ।।
ਤੁਹਾਡੀ ਕੌਮ ਨਿਰਾਲੀ ਏ, ਤੁਹਾਡੀ ਸ਼ਾਨ ਏ ਜੱਗੋਂ ਵੱਖਰੀ।
ਦਸ਼ਮੇਸ਼ ਪਿਤਾ ਦੇ ਬੱਚਿਓ। ਤੁਹਾਡੀ ਆਨ ਏ ਜੱਗੋਂ ਵੱਖਰੀ।।
ਤਨ, ਮਨ, ਧੰਨ ਤੋਂ ਕਰਕੇ ਸੇਵਾ, ਛਾ ਜਾਉ ਦੁਲਾਰੇ ਸਿੰਘੋ...
ਪੈਗ਼ਾਮ ਮੁਹੱਬਤ ਦਾ.....
ਤੁਹਾਡੀ ਪਹਿਚਾਨ ਵੀ ਵੱਖਰੀ ਏ, ਤੁਹਾਡੀ ਤੌਰ ਵੀ ਸਿੰਘੋ ਵੱਖਰੀ।
ਤੁਹਾਡੀ ਜ਼ੁਬਾਨ ਵੀ ਵੱਖਰੀ ਏ, ਤੁਹਾਡੀ ਲੋਰ ਵੀ ਸਿੰਘੋ ਵੱਖਰੀ।।
ਵੱਖਰਾ ਏ ਤੇਜ ਤੁਹਾਡੇ 'ਤੇ, ਤੁਹਾਡੇ ਕਾਜ ਨਿਆਰੇ ਸਿੰਘੋ...
ਪੈਗ਼ਾਮ ਮੁਹੱਬਤ ਦਾ.....
ਭਗਤ ਸਿੰਘ ਸ਼ਹੀਦ ਬਣੋ! ਬਣਕੇ ਊਧਮ ਸਿੰਘ ਵਿਖਾਵੋ।
ਬੰਦਾ ਸਿੰਘ ਬਹਾਦਰ ਵਰਗੇ ਕੰਮ ਕਰ-ਕਰ ਤੁਸੀਂ ਵਿਖਾਵੋ।।
'ਅਸੀਂ ਜਿੱਤਣ ਦੇ ਆਦੀ ਹਾਂ'', ਜਿੱਤਕੇ ਛੱਡੋ ਜੈਕਾਰੇ ਸਿੰਘੋ...
ਪੈਗ਼ਾਮ ਮੁਹੱਬਤ ਦਾ.....
ਸੰਦੇਸ਼ ਹੈ ਬਾਣੀ ਦਾ, ਅਸੀਂ ਹਾਂ ਸਾਰੇ ਭਾਈ-ਭਾਈ।
ਭਾਈ-ਭਾਈ ਮਿਲ ਬਹਿਕੇ, ਬਾਣੀ ਦੀ ਕਰਨ ਸੁਣਵਾਈ।।
ਬਾਣੀ ਦੇ ਲੜ ਲੱਗਕੇ, ਸਭ ਲੱਗੋ ਕਿਨਾਰੇ ਸਿੰਘੋ...
ਪੈਗ਼ਾਮ ਮੁਹੱਬਤ ਦਾ.....
ਜਿੰਦਗੀ ਇੱਕੋ ਵਾਰ ਮਿਲੀ, ਦਾਤੇ ਦਾ ਸ਼ੁਕਰਾਨਾ ਕਰੀਏ,
ਸ਼ੁਕਰਾਨਾ ਕਰਨ ਲਈ 'ਰਿਸ਼ੀ' ਮੁੱਖ ਗੁਰਦੁਆਰੇ ਵੱਲ ਕਰੀਏ।
ਉਹ ਦਰ ਸਭਨਾ ਦਾ ਸਾਂਝਾ ਹੈ, ਕਰ ਲਉ ਦੀਦਾਰੇ ਸਿੰਘੋ....
ਪੈਗ਼ਾਮ ਮੁਹੱਬਤ ਦਾ.....

00

ਨਾਮ

''ਚਿੰਤਾ ਤਾਕੀ ਕੀਜੀਏ ਜੋ ਅਨਹੋਨੀ ਹੋਇ
ਇਹ ਮਾਰਗਿ ਸੰਸਾਰ ਕੋ ਨਾਨਕ ਥਿਰ ਨਹੀਂ ਕੋਇ।।''
ਗੁਰਬਾਣੀ ਵਿਚ ਸਭ ਸੱਚ ਸੱਚ ਲਿਖਿਐ, ਅਸੀਂ ਤੁਸੀਂ ਸੱਭਨੇ ਹੀ ਪੜ੍ਹਿਐ।
ਚਿੰਤਾ ਛੱਡ ਦਿਉ ਸਾਰੇ ਅੱਜ ਤੋਂ, ਕਾਹਨੂੰ ਫਿਕਰ ਹਰ ਗੱਲ ਦਾ ਕਰਿਐ।।
ਕੁੱਝ ਵੀ ਆਪਣੇ ਵਸ ਨਹੀਂ ਹੈ, ਚਿੰਤਾ ਰੱਬ ਨੂੰ ਰਹਿੰਦੀ ਸਾਡੀ।
ਨਾਮ ਦੀ ਬੇੜੀ ਚੜ੍ਹ ਜਾਹ ਬੰਦਿਆ, ਜਿੰਦਗੀ ਥੋੜ੍ਹੀ ਰਹਿੰਦੀ ਜਾਂਦੀ।।
ਚੱਪੂ ਉਹਦੇ ਕੋਲ ਹੈ ਵੱਡਾ, ਨਾਨਕ ਨਾਮ ਦਾ ਭਰ ਲੈ ਗੱਡਾ।
ਏਹੀਉ ਬੰਦੇ ਦੇ ਕੰਮ ਹੈ ਆਉਣਾ, ਭਾਵੇਂ ਛੋਟਾ ਹੈ ਜਾਂ ਵੱਡਾ।।
ਕਾਲੇ ਹੁੰਦੇ ਵਾਲ ਜਦੋਂ ਨੇ ਸੋਚਦੇ ਹਾਂ! ਕਿਉਂ ਨਾਮ ਹੈ ਜੱਪਣਾ।
ਕਿਉਂ ਹੈ ਗੁਰਦੁਆਰੇ ਜਾਣਾਂ, ਉੱਥੇ ਜਾਕੇ ਕੀ ਹੈ ਲੱਭਣਾ।
ਪਰ ਇਹ ਸੋਚ ਹੈ ਮਾੜੀ ਹੁੰਦੀ, ਉਸ ਵੇਲੇ ਜੋ ਜੱਪਿਆ ਹੁੰਦਾ।
ਨਾਮ ਦਾ ਕੋਲ ਖਜ਼ਾਨਾ ਹੁੰਦਾ, ਬੁੱਢੇ ਵਾਰੇ ਇਹ ਹਾਲ ਨਾ ਹੁੰਦਾ।।
ਹੁਣ ਅੱਖਾਂ ਤੋਂ ਨਹੀਂ ਪੜ੍ਹਿਆ ਜਾਂਦਾ, ਨਾ ਹੀ ਕੰਨਾਂ ਤੋਂ ਸੁਣਿਆ ਜਾਂਦਾ।
ਲੱਤਾਂ ਵੀ ਨੇ ਥੱਕ ਜਾਂਦੀਆਂ, ਗੁਰਦੁਆਰੇ ਤੱਕ ਨਹੀਂ ਤੁਰਿਆ ਜਾਂਦਾ।।
ਮੇਰੀ ਮੰਨੋ! ਸੱਚ ਹਾਂ ਕਹਿੰਦੀ, ਬਚਪਨ ਤੋਂ ਬੱਚਿਆਂ ਨੂੰ ਸਿਖਾਵੋ।
ਕਹੋ ਚਲੋ ਗੁਰੂਦਵਾਰੇ ਚੱਲੀਏ, ਬਜ਼ੁਰਗਾਂ ਨੂੰ ਵੀ ਨਾਲ ਲੈ ਜਾਵੋ।।
ਸਾਡੇ ਮਾਪੇ ਦੋਵੇਂ ਵੇਲੇ ਲੈ ਜਾਂਦੇ ਸੀ ਸਾਨੂੰ ਗੁਰੂਦਵਾਰੇ।
ਭਾਵੇਂ ਬਰਫਾਂ ਦਾ ਮੌਸਮ ਸੀ ਹੁੰਦਾ, ਭਾਵੇਂ ਮੀਂਹ ਦੇ ਪੈਦੇ ਸੀ ਫੁਹਾਰੇ।।
ਉਹ ਵੇਲੇ ਚੰਗੇ ਸੀ ਹੁੰਦੇ, ਸੱਭ ਇੱਕ ਦੂਜੇ ਦਾ ਭਲਾ ਸੀ ਚਾਹੁੰਦੇ।
ਆਪਣਾ ਕੋਈ ਖਿਆਲ ਨਹੀਂ ਸੀ, ਨਾ ਹੀ ਚੀਜ਼ਾਂ ਨਾਲ ਦਿਲ ਸੀ ਲਾਉਂਦੇ।
ਹੁਣ ਵੇਖੋ! ਚਾਰੇ ਪਾਸੇ ਹੀ ਚੀਜ਼ਾਂ ਦੀ ਭਰਮਾਰ ਹੋ ਗਈ।
ਚੀਜ਼ਾਂ ਪਿੱਛੇ ਮਰ ਰਹੇ ਲੋਕੀ, ਹਰ ਪਾਸੇ ਲੁੱਟ ਮਾਰ ਹੋ ਰਹੀ।।
ਏਸੇ ਲਈ ਚਿੰਤਾ ਨੇ ਘੇਰੇ, ਫਿਕਰਾਂ ਨੇ ਸਿਕੰਜੇ 'ਚ ਕੱਸਿਆ।
ਮਾਇਆ ਨੇ ਆਪਣਾ ਜਾਲ ਵਿਛਾਕੇ ਨਾਮ ਤੋਂ ਦੂਰ ਹਰ ਬੰਦਾ ਰੱਖਿਐ।।
ਰਬ ਕਰੇ! ਨਾਮ ਦੀ ਬਖਸ਼ਿਸ਼ ਹਰ ਪ੍ਰਾਣੀ ਤੇ ਹੋਵੇ, ਚਿੰਤਾ ਫਿਕਰ 'ਰਿਸ਼ੀ' ਕੋਈ ਨਾ ਰੋਵੇ।
ਉਹ ਤੇ ਨਾਮ ਜਪੇ ਬਸ ਰੱਬ ਦਾ, ਜੱਪ ਕੇ ਬੇਫਿਕਰਾ ਉਹ ਸੋਵੇਂ।
ਜੱਪ ਕੇ ਬੇਫਿਕਰਾ ਉਹ ਸੋਵੇਂ।

00

ਤੋਹਫਾ

ਤੋਹਫਾ ਲੈਣ ਦੀ ਸਾਰਿਆਂ ਨੂੰ ਚਾਹ ਹੁੰਦੀ, ਤੋਹਫਾ ਖੋਲਣ ਲਈ ਫੇਰ ਬੇਜ਼ਾਰ ਰਹਿੰਦੇ।
ਤੁਸੀਂ ਰੱਬ ਦਾ ਹੀ ਤੋਹਫਾ ਮੋੜ ਦਿਤੈ, ਕਿਸ ਮੂੰਹ ਨਾਲ ਵਿੱਚ ਸੰਸਾਰ ਰਹਿੰਦੇ?
ਕਿੰਨੀ ਪਿਆਰੀ ਜੇਹੀ ਹੁੰਦੀ ਏ ਧੀ ਲੋਕੋ, ਤੁਸੀਂ ਧੀ ਨਾਲੋ ਹੀ ਨਾਤਾ ਤੋੜ ਦਿੰਤੈ,
ਲੰਗਰ ਲਵਾਉਣ ਦਾ ਤੁਸੀਂ ਹੋ ਢੋਂਗ ਕਰਦੇ, ਧੀ-ਧਿਆਣੀ ਨੂੰ ਭੁੱਖਿਆਂ ਹੀ ਮੋੜ ਦਿੰਤੈ
ਹੱਥ ਚੁੰਮ ਲੈਂਦੀ ਉਹ ਤੇ ਸਾਰਿਆਂ ਦੇ, ਭਾਵੇਂ ਇੱਕ ਇੱਕ ਉਂਗਲ ਫੜਾ ਦਿੰਦੇ।
ਤੁਸੀਂ ਤੇ ਪੱਲਾ ਹੀ ਛੁਡਾ ਲਿਐ ਧੀ ਕੋਲੋਂ, ਇੱਕ ਵਾਰ ਤੇ ਜੱਗ ਵਿਖਾ ਦਿੰਦੇ।
ਫਰਾਕਾਂ ਦੋ ਹੀ ਭਾਵੇਂ ਲਿਆਣ ਦਿੰਦੇ, ਇੱਕ ਧੋ ਲੈਂਦੀ, ਦੂਜੀ ਪਾ ਲੈਂਦੀ
ਨਿਰੀ ਪਰੀ ਹੀ ਲੱਗਣਾ ਸੀ ਉਸਨੇ, ਜਦੋਂ ਘੁੰਮ ਕੇ ਨਾਚ ਵਿਖਾ ਦੇਂਦੀ
ਜੋੜਾ ਜੁੱਤੀ ਦਾ ਇੱਕੋ ਸੀ ਬਹੁਤ ਹੋਣਾ, ਉਹ ਵੀ ਪਿਆਰ ਨਾਲ ਜੇਕਰ ਲਿਆ ਦਿੰਦੇ
ਪੱਬਾਂ ਭਾਰ ਤੁਰਦੀ ਸੋਹਣੀ ਧੀ ਲੱਗਣੀ ਸੀ, ਪੈਰੀਂ ਝਾਂਜਰ ਵੀ ਉਹਦੇ ਪੁਆ ਦਿੰਦੇ
ਗੁੰਦਕੇ ਮਿੱਢੀਆਂ ਕਲਿੱਪ ਸਜਾ ਦਿੰਦੇ, ਹਾਰ ਨਿੱਕਾ ਜੇਹਾ ਗਲ 'ਚ ਪਾ ਦਿੰਦੇ
ਝੱਟ ਦੌੜ ਕੇ ਬਾਹਾਂ 'ਚ ਆ ਜਾਂਦੀ, ਸਵੀਟੀ ਕਹਿਕੇ ਜਦੋਂ ਅਵਾਜ਼ ਦਿੰਦੇ।
ਹਾਂ ਜੀ, ਆਈ ਜੀ, ਮੰਮੀ ਜੀ, ਹਾਂ ਜੀ, ਆਈ ਜੀ ਡੈਡੀ ਜੀ, 6 ਵਾਰ ਤੇ ਜੀ ਉਹਨੇ ਆਖਣਾ ਸੀ।
ਦੱਸੋ ਜੀ! ਕੰਮ ਕੀ ਏ ਜੀ! ਮੇਰੇ ਤਾਈਂ। ਖੁਸ਼ ਹੋ ਹੋ ਕੇ ਹੱਥ ਵਟਾਵਣਾ ਸੀ।।
ਜ਼ੋਰ ਲਾ ਸਾਰਾ ਉਹਨੂੰ ਪੜ੍ਹਾ ਦਿੰਦੇ, ਪੜ੍ਹਾ ਲਿਖਾ ਕੇ ਅਫਸਰ ਬਣਾ ਦਿੰਦੇ।
ਦੇਕੇ ਅਸ਼ੀਰਵਾਦ ਉਹਨੂੰ ਆਪਣੇ ਪਿਆਰ ਵਾਲਾ, ਕਰਕੇ ਹੱਥ ਪੀਲੇ ਡੋਲੀ ਪਾ ਦਿੰਦੇ।।
ਮੇਰੇ ਮਾਪਿਆਂ ਧੀਆਂ ਸੀ ਦੋ ਜਾਈਆਂ, ਅੱਗੇ ਗਿਆਰਾਂ ਪੋਤੀਆਂ ਨੇ ਭਾਗ ਲਾਇਆ
ਖਿੜੇ ਮੱਥੇ ਜੀ ਆਈਆਂ ਨੂੰ ਕਿਹਾ ਸਭ ਨੇ, ਮੱਥੇ ਧੀਆਂ ਲਈ ਕਿਸੇ ਨਾ ਵੱਟ ਪਾਇਆ
ਮੇਰੀ ਕੁੱਖ ਵਿੱਚ ਕਦੀ ਜੇ ਧੀ ਹੁੰਦੀ, ਕਿਸੇ ਕੀਮਤ ਤੇ ਉਹਨੂੰ ਮੈਂ ਮੋੜਦੀ ਨਾ
ਤੰਦਰੁਸਤ ਪੋਤਰਾ ਹੋਵੇ ਜਾਂ ਹੋਵੇ ਪੋਤਰੀ ਮੇਰੇ, ਰੱਬ ਅੱਗੇ ਹੱਥ 'ਰਿਸ਼ੀ' ਜੋੜਦੀ ਹਾਂ।

00

ਜਾਗ ਨਾ ਮੈਨੂੰ ਆਈ

ਸੁੱਤੀ ਰਹੀ ਮੈਂ ਘੂਕ ਉਮਰ ਭਰ, ਜਾਗ ਨਾ ਮੈਨੂੰ ਆਈ।
ਜਾਗ ਉਦੋਂ ਜਾਕੇ ਖੁੱਲ੍ਹੀ, ਮੇਰੀ, ਜਦੋਂ ਕਹਾਣੀ ਮੁੱਕਣ ਤੇ ਆਈ।।

ਉਹਨੇ ਬਣਤ ਬਣਾਈ ਸਭ ਦੀ, ਉਹੀਓ ਹੈ ਸਭਨਾ ਦਾ ਰਾਖਾ।
ਉਹਦੇ ਹੁਕਮ ਬਿਨਾਂ ਨਾ ਪੱਤਾ ਹਿਲਦਾ, ਕਿੰਨੀ ਸੱਚੀ ਹੈ ਇਹ ਗਾਥਾ।।
ਗਾਥਾ ਦਾ ਮੁੱਢ ਮੈਂ ਸੁਣਿਆ ਨਾ ਸੀ, ਨਾ ਹੀ ਗੱਲ ਕਿਸੇ ਸਮਝਾਈ..
ਸੁੱਤੀ ਰਹੀ ਮੈਂ ਘੂਕ ਉਮਰ ਭਰ.....
ਨਾ ਕਦੀ ਕਿਸੇ ਜਗਾਇਆ ਮੈਨੂੰ, ਨਾ ਦਿੱਤਾ ਕਿਸੇ ਹਲੂਣਾ।
ਬੇਵਸ ਜੇਹੀ ਮੈਂ ਹੋਕੇ ਰਹਿ ਗਈ, ਜਿਵੇਂ ਕੀਤਾ ਹੋਵੇ ਕਿਸੇ ਟੂਣਾ।।
ਹੁਣ ਕੀ ਕਰਾਂ ਹੁਣ ਗੱਲ ਨਹੀਂ ਬਣਦੀ, ਹੁਣ ਤੇ ਰਹਿ ਗਈ ਝਿਹਾਈ...
ਸੁੱਤੀ ਰਹੀ ਮੈਂ ਘੂਕ ਉਮਰ ਭਰ.....
ਜੋ ਕੁੱਝ ਮੇਰੇ ਨਾਲ ਹੈ ਹੋਇਆ, ਉਹ ਕਿਸੇ ਨਾਲ ਨਾ ਹੋਵੇ।
ਆਪਣੇ ਮਾਲਿਕ ਤੋਂ ਕੋਈ ਨਾ ਵਿੱਛੜੇ, ਨਾ ਵਿੱਛੜ ਕੇ ਰੋਵੇ।
ਇੱਕੋ ਮਾਲਿਕ ਹੈ ਸਭਦਾ ਮਾਲਿਕ, ਬਾਣੀ ਨੇ ਗੱਲ ਇਹ ਪੱਲੇ ਪਾਈ...
ਸੁੱਤੀ ਰਹੀ ਮੈਂ ਘੂਕ ਉਮਰ ਭਰ.....
ਸਮੇਂ-ਸਮੇਂ ਦੀ ਗੱਲ ਹੈ ਹੁੰਦੀ, ਸਮੇਂ ਨਾਲ ਸਮਝ ਇਹ ਆਵੇ।
ਨਾ ਇਹ ਸਮੇਂ ਤੋਂ ਪਹਿਲਾਂ ਆਉਂਦੀ, ਨਾ ਹੀ ਮਗਰੋਂ ਆਵੇ।।
ਸਮਾਂ ਆ ਗਿਐ ਸਾਂਭ ਲਵਾਂ ਹੁਣ, ਸਮੇਂ 'ਚ ਰਹਾਂ ਭਲਾਈ
ਸੁੱਤੀ ਰਹੀ ਮੈਂ ਘੂਕ ਉਮਰ ਭਰ.....
ਕਰ ਲਾਂ ਭਜਨ ਬੰਦਗੀ ਹੁਣ ਤੇ, ਨਾ ਕਰਾਂ ਦੇਰ ਸਵੇਰ।
ਕਿਸੇ ਵਸਤੂ ਨੇ ਨਾਲ ਨਹੀਂ ਜਾਣਾ, ਨਾ ਕਰਾਂ ਤੇਰ ਤੇ ਮੇਰ।।
ਇਸ ਜੱਗ 'ਤੇ ਸਥਿਰ ਰਹਿਣਾ ਓਸੇ, 'ਰਿਸ਼ੀ' ਬਾਕੀ ਤੇ ਸਭ ਆਈ ਚਲਾਈ।
ਸੁੱਤੀ ਰਹੀ ਮੈਂ ਘੂਕ ਉਮਰ ਭਰ.....

00

ਮੈਂ ਲੱਕੜ ਦੀ ਲੱਠ ਵੇ ਲੋਕੋ!

ਮੈਂ ਲੱਕੜ ਦੀ ਲੱਠ ਵੇ ਲੋਕੋ! ਮੈਂ ਲੱਕੜ ਦੀ ਲੱਠ।
ਹਨੇਰੀ ਆਈ ਟੁੱਟ ਗਈ ਰੁੱਖ ਤੋਂ, ਮੇਰੇ ਟੁਕੜੇ ਹੋਏ ਸੱਠ।।
ਕਦੀ ਮੈਂ ਆਪਣਾ ਆਪ ਵੇਖਦੀ, ਕਦੀ ਮੈਂ ਰੁੱਖ ਵੱਲ ਵੇਖਾਂ।
ਕੱਲ ਤੱਕ ਰੁੱਖ ਦੇ ਨਾਲ ਜੁੜੀ ਸਾਂ, ਅੱਜ ਮੈਂ ਰੁੱਖ ਦੇ ਹੇਠਾਂ।।
ਹਰ ਕੋਈ ਠੁੱਡਾ ਮਾਰਕੇ ਲੰਘਦੈ, ਕੋਈ ਨਾ ਲਾਵੇ ਹੱਥ....
ਮੈਂ ਲੱਕੜ ਦੀ ਲੱਠ ਵੇ ਲੋਕੋ.....
ਰੁੱਖ ਦੇ ਨਾਲ ਜਦੋਂ ਸੀ ਨਾਤਾ, ਇੱਜ਼ਤ ਮਾਣ ਸੀ ਮਿਲਦਾ।
ਇੱਕ ਦੂਜੇ ਦੇ ਨਾਲ ਸਾਂ ਰਹਿੰਦੇ, ਦੁੱਖ 'ਚ ਸੁੱਖ ਸੀ ਮਿਲਦਾ।।
ਜਦੋਂ ਦੀ ਵੱਖ ਮੈਂ ਹੋਈ ਰੁੱਖ ਤੋਂ, ਮੈਨੂੰ ਰੋਗ ਲੱਗ ਗਏ ਅੱਠ।
ਮੈਂ ਲੱਕੜ ਦੀ ਲੱਠ ਵੇ ਲੋਕੋ.....
ਮੇਰੇ ਨਾਲ ਸੋਹਣੀ ਦਿਖ ਸੀ ਰੁੱਖ ਦੀ, ਹੁਣ ਸੁੰਨ੍ਹਾ-ਸੁੰਨ੍ਹਾ ਲੱਗਦੈ।
ਦਸ ਨਹੀਂ ਸਕਦਾ, ਦੁੱਖ ਉਹ ਆਪਣਾ, ਪਰ ਅੰਦਰੋ-ਅੰਦਰੀਂ ਧੁਖਦੈ।।
ਨਾ ਹਨ੍ਹੇਰੀ ਨਾ ਝੱਖੜ ਆਉਂਦਾ, ਨਾ ਅਸੀਂ ਹੁੰਦੇ ਵੱਖ...
ਮੈਂ ਲੱਕੜ ਦੀ ਲੱਠ ਵੇ ਲੋਕੋ.....
ਕਿਸੇ ਨੇ ਬਾਲਣ ਲਈ ਵਰਤਣੈ, ਕਿਸੇ ਬਣਾਉਣੀ ਸੋਟੀ।
ਕਿਸੇ ਨੇ ਚੱਕ ਪਿਛਵਾੜੇ ਰੱਖਣੈ, ਕਿਸੇ ਵੱਟਣੀ ਰਕਮ ਹੈ ਮੋਟੀ।।
ਮੇਰੀ ਮਰਜੀ ਕਿਸੇ ਨਾ ਪੁੱਛਣੀ, ਮੇਰੇ ਦਿਲ 'ਤੇ ਵੱਜਣੀ ਸੱਟ...
ਮੈਂ ਲੱਕੜ ਦੀ ਲੱਠ ਵੇ ਲੋਕੋ.....
ਟੁੱਟੇ ਨਾ ਕੋਈ ਮੂਲ ਦੇ ਨਾਲੋਂ, ਨਾ ਕੋਈ ਵੱਖਰਾ ਹੋਵੇ।
ਇਕੱਠਿਆਂ ਰਹਿ 'ਰਿਸ਼ੀ' ਕੱਟੇ ਜਿੰਦਗੀ, ਹਰ ਪਲ ਨਾਲ ਖਲੋਵੇ।।
ਸਾਥ ਨਿਭਾਵੇ ਹੱਸ-ਹੱਸ ਕੇ, ਫਿਰ ਭਾਵੇਂ ਹੋ ਜਾਏ ਬੱਸ...
ਮੈਂ ਲੱਕੜ ਦੀ ਲੱਠ ਵੇ ਲੋਕੋ.....

00

ਤੂੰ ਨਹੀਂ ਕਮਜ਼ੋਰ ਓ ਬੰਦਿਆ

ਤੂੰ ਨਹੀਂ ਕਮਜ਼ੋਰ ਓ ਬੰਦਿਆ! ਤੂੰ ਨਹੀਂ ਕਮਜ਼ੋਰ।
ਕੰਮ 'ਚ ਲਾਂਦੇ ਸਾਰੀ ਸ਼ਕਤੀ, ਲਾਦੇ ਸਾਰਾ ਤੂੰ ਜ਼ੋਰ।।
ਸ਼ਕਤੀ ਤੇ ਭਗਤੀ ਰੱਬ ਨੇ ਦਿੱਤੀ, ਜੋੜ ਲੈ ਇਹਨਾਂ ਦੋਹਾਂ ਨੂੰ।
ਭਗਤੀ ਦੇ ਨਾਲ ਵਧਦੀ ਸ਼ਕਤੀ, ਭਗਤੀ ਵੱਲ ਮਨ ਨੂੰ ਤੋਰ...
ਤੂੰ ਨਹੀਂ ਕਮਜ਼ੋਰ ਓ ਬੰਦਿਆ.....
''ਇਹ ਕੰਮ ਮੈਥੋਂ ਹੋ ਨਹੀਂ ਸਕਣਾ, ਇਹ ਕੰਮ ਮੇਰੇ ਲਈ ਔਖਾ ਏ।''
ਇਸ ਗੱਲ ਨੂੰ ਤੂੰ ਕਹਿਣਾ ਛੱਡਕੇ, ਕੋਸ਼ਿਸ਼ ਕਰ ਲੈ ਇੱਕ ਹੋਰ...
ਤੂੰ ਨਹੀਂ ਕਮਜ਼ੋਰ ਓ ਬੰਦਿਆ.....
ਵੇਖਾ ਵੇਖੀ ਦਿਲ ਨਾ ਛੱਡ ਤੂੰ। ਸ਼ੇਰ ਦੇ ਵਰਗਾ ਰੱਖ ਹੌਸਲਾ।
ਮਨ ਚਿੱਤ ਲਾਕੇ ਕੰਮ ਕਰੀ ਜਾਹ, ਨਾ ਸੁਣ ਤੂੰ ਬਾਹਰਲਾ ਸ਼ੋਰ..
ਤੂੰ ਨਹੀਂ ਕਮਜ਼ੋਰ ਓ ਬੰਦਿਆ.....
ਕੰਮ ਦੀ ਆਦਤ ਚੰਗੀ ਹੁੰਦੀ, ਕੰਮ ਕਰਨ ਦੀ ਆਦਤ ਪਾ ਤੂੰ।
ਵਕਤ ਵੀ ਸੋਹਣਾ ਲੰਘੂ ਤੇਰਾ, ਨਾ ਹੋਵੇਂਗਾ ਤੂੰ ਬੋਰ..
ਤੂੰ ਨਹੀਂ ਕਮਜ਼ੋਰ ਓ ਬੰਦਿਆ.....
ਨਾ-ਮੁਮਕਿਨ ਤੇ 'ਰਿਸ਼ੀ' ਕੁੱਝ ਨਹੀਂ ਹੁੰਦਾ, ਆਲਸ ਦਾ ਇਹ ਸਿੱਟਾ ਹੁੰਦਾ।
ਆਲਸੀ ਲੋਕ ਹੀ ਬੋਰ ਨੇ ਹੁੰਦੇ ਨਾਲੇ ਹੁੰਦੇ ਨੇ ਕੰਮ ਚੋਰ...
ਤੂੰ ਨਹੀਂ ਕੰਮਚੋਰ ਓ ਬੰਦਿਆ। ਤੂੰ ਨਹੀਂ ਕਮਜ਼ੋਰ...

00

ਸਾਥ

ਦਾਤੇ ਦਾ ਸ਼ੁਕਰ ਗੁਜ਼ਾਰ, ਜਿੰਦਗੀ ਮੁੱਕਦੀ ਜਾਂਦੀ ਹੈ।
ਇਹਨੂੰ ਨਾਮ ਦੇ ਨਾਲ ਸਿੰਗਾਰ, ਵੇਲ ਇਹ ਸੁੱਕਦੀ ਜਾਂਦੀ ਹੈ।।
ਆਪਾਂ ਅਕਸਰ ਏਹੀਉ ਕਹਿੰਦੇ ਹਾਂ,''ਏਥੇ ਕੋਈ ਕਿਸੇ ਦਾ ਬੇਲੀ ਨਹੀਂ''।
ਕਿਉਂ ਦੋਸ਼ ਕਿਸੇ ਨੂੰ ਦਿੰਦੇ ਹਾਂ,''ਆਪਣਾ ਆਪ ਵੀ ਬੇਲੀ ਨਹੀਂ।।
ਹੌਲੀ ਹੌਲੀ ਤੇ ਭਾਈ! ਅੱਖਾਂ ਦਾ ਸਾਥ ਵੀ ਛੁੱਟਦਾ ਜਾਂਦਾ ਹੈ।
ਹੋਈ ਨੇ ਵਾਲ ਸਫੈਦ ਜਾਂਦੇ, ਰੰਗ ਕਾਲਾ ਮੁੱਕਦਾ ਜਾਂਦਾ ਹੈ।।
ਦੰਦ ਵੀ ਤੇ ਆਪਣੇ ਨਹੀਂ ਹੈਗੇ, ਇਹ ਵੀ ਲਗਵਾਏ ਨਕਲੀ ਨੇ।
ਕੰਨਾਂ ਤੋਂ ਉੱਚਾ ਸੁਣਦਾ ਹੈ ਪਰ ਸ਼ੁਕਰ ਹੈ ਦੋਵੇਂ ਅਸਲੀ ਨੇ।।
ਲੱਤਾਂ ਬਿੜਕਣ, ਹੱਥ ਵੀ ਕੰਬਣ, ਮੱਥੇ ਤੇ ਪਸੀਨਾ ਆ ਜਾਂਦੈ।
ਅਪਣਾ ਸਰੀਰ ਵੀ ਨਹੀਂ ਬਣਿਆ ਆਪਣਾ, ਇਹ ਸੋਚ ਕੇ ਦਿਲ ਘਬਰਾ ਜਾਂਦੈ।।
ਗੋਡੇ ਦੀ ਚੱਪਣੀ ਟੁੱਟ ਚੁੱਕੀ, ਦਿਲ ਦਾ ਵੀ ਦੋਰਾ ਪੈ ਚੁੱਕਿਐ।
ਕੋਈ ਵੀ ਕਸ਼ਟ ਨਹੀਂ ਐਸਾ, ਜੋ ਸਰੀਰ ਮੇਰਾ ਨਾ ਸਹਿ ਚੁਕਿਐ।।
ਕਦੀ ਦੋਸ਼ ਨਾ ਦੇਵੀਂ ਦੂਜੇ ਨੂੰ, ਬੱਸ! ਖਿਆਲ ਤੂੰ ਰੱਖਿਆ ਕਰ ਆਪਣਾ।
ਸਾਂਭ ਲੈ ਤੂੰ ਜਿੰਦਗਾਨੀ ਨੂੰ, ਇਹ ਤੇ ਹੈ ਇੱਕ ਪਿਆਰਾ ਸਪਨਾ
''ਜੋ ਹੋਇਆ ਚੰਗਾ ਹੀ ਹੋਇਐ, ਜੋ ਹੋਸੀ ਚੰਗਾ ਹੀ ਹੋਸੀ।।
ਇਹ ਕਹਿਕੇ ਸ਼ੁਕਰ ਮਨਾਇਆ ਕਰ, 'ਰਿਸ਼ੀ' ਪ੍ਰੀਤ ਦਾਤੇ ਨਾਲ ਲਾਇਆ ਕਰ।
ਵਾਹਿਗੁਰੂ ਦੇ ਗੁਣ ਗਾਇਆ ਕਰ, ਵਾਹਿਗੁਰੂ ਦੇ ਗੁਣ ਗਾਇਆ ਕਰ।।

00

ਦਿਲ ਆਪਣੇ ਆਪਾਂ ਮੋਮ ਬਣਾਈਏ

ਪੱਥਰਾਂ ਦੇ ਸ਼ਹਿਰ 'ਚ ਰਹਿੰਦੇ-2,
ਆਪੂੰ ਵੀ ਅਸੀਂ ਪੱਥਰ ਹੋ ਗਏ।
ਪੱਥਰ ਦਾ ਦਿਲ ਸਾਡਾ ਹੋ ਗਿਐ,
ਹੰਝੂ ਵੀ ਸਾਡੇ ਪੱਥਰ ਹੋ ਗਏ।।
ਪੱਥਰਾਂ ਦੇ ਨਾਲ ਪੱਥਰ ਖਹਿ ਪਏ,
ਅਗਨੀ ਦਾ ਫਿਰ ਜਨਮ ਹੋ ਗਿਐ।
ਏਸੇ ਅਗਨੀ ਦੇ ਵਿਚ ਜਲ-2 ਕੇ,
ਹਰ ਕੋਈ ਵੇਖੋ! ਭਸਮ ਹੋ ਰਿਹੈ।।
ਪੱਥਰ ਦੀ ਹਰ ਮੂਰਤ 'ਤੇ,
ਡੁੱਲਦਾ ਪਿਆ ਹੈ ਦੁੱਧ ਦਾ ਡੋਲੂ।
ਦੁੱਧ ਦੀ ਕੇਵਲ ਇੱਕ ਬੂੰਦ ਹੈ ਮੰਗਦਾ,
ਭੁੱਖਾ ਤਿਹਾਇਆ ਨਿੱਕਾ ਭੋਲੂ।।
ਪਾਣੀ ਦੇ ਲਈ ਫਿਰੇ ਤਰਸਦਾ,
ਹੱਥ ਐਪਰ ਉਹਦੇ ਲੱਗੇ ਨਿਰਾਸ਼ਾ।
ਅਗਨੀ ਅਤੇ ਪਾਣੀ ਦੇਵਤਾ,
ਵੇਖਣ ਪਏ ਹੱਸ-2 ਤਮਾਸ਼ਾ।।
ਪਾਣੀ ਦੀ ਇੱਕ-ਇੱਕ ਬੂੰਦ ਬਚਾਕੇ,
ਤਪਦੇ ਮਨ ਦੀ ਅਗਨ ਬੁਝਾਈਏ।
ਪੱਥਰਾਂ ਦੇ 'ਰਿਸ਼ੀ' ਦਿਲ ਪਿਘਲਾ ਕੇ,
ਦਿਲ ਅਪਣੇ ਆਪਾਂ ਮੋਮ ਬਣਾਈਏ।
ਦਿਲ ਆਪਣੇ ਆਪਾਂ ਮੋਮ ਬਣਾਈਏ।

00

ਜਦੋਂ ਅੱਖੀਆਂ ਬਦਲ ਨੇ ਜਾਂਦੀਆਂ

ਜਦੋਂ ਅੱਖੀਆਂ ਬਦਲ ਨੇ ਜਾਂਦੀਆਂ ਕੁੱਲ ਜਹਾਨ ਦੀਆਂ।
ਉਦੋਂ ਧੀਆਂ ਹੀ ਅਪਣੇ ਮਾਪਿਆਂ ਨੂੰ ਸੰਭਾਲਦੀਆਂ।।

ਛੱਡ ਮਾਪੇ ਧੀਆਂ ਚਲੇ ਜਾਂਦੀਆਂ ਸਹੁਰਿਆਂ ਨੂੰ।
ਨੂੰਹਾਂ ਬਣਕੇ ਇੱਜ਼ਤ ਦਿੰਦੀਆਂ ਨੇ ਉਹ ਸਹੁਰਿਆਂ ਨੂੰ।।
ਲਈ ਮਾਪਿਆਂ ਤੋਂ ਜੋ ਸਿੱਖਿਆ ਉਹਨੂੰ ਉਹ ਜਾਣਦੀਆਂ
ਜਦੋਂ ਅੱਖੀਆਂ ਬਦਲ ਨੇ ਜਾਂਦੀਆਂ.....
ਮਾਪਿਆਂ ਦੇ ਸਾਹਾਂ ਤੋਂ ਹਰ ਧੀ ਵਾਕਿਫ ਹੁੰਦੀ ਏ।
ਕਿਉਂਕਿ ਇਕੱਠਿਆਂ ਨੇ ਹਰ ਘੜੀ ਲੰਘਾਈ ਹੁੰਦੀ ਏ।।
ਹੁੰਦੀ ਪਿਆਰ ਦੀ ਅੰਦਰੋਂ ਖਿੱਚ, ਨਾ ਗੱਲਾਂ ਅਹਿਸਾਨ ਦੀਆਂ
ਜਦੋਂ ਅੱਖੀਆਂ ਬਦਲ ਨੇ ਜਾਂਦੀਆਂ.....
ਧੀ ਖੁਸ਼ ਹੋਵੇ ਜਦੋਂ ਮਾਪੇ ਉਹਦੇ ਖੁਸ਼ ਹੋਵਣ।
ਸੱਟ ਲੱਗੇ ਕਾਲਜੇ ਡੂੰਘੀ ਜਦੋਂ ਉਦਾਸ ਹੋਵਣ।।
ਪ੍ਰਵਾਹ ਨਾ ਕਰਦੀਆਂ ਧੀਆਂ ਆਪਣੀ ਜਾਨ ਦੀਆਂ
ਜਦੋਂ ਅੱਖੀਆਂ ਬਦਲ ਨੇ ਜਾਂਦੀਆਂ.....
ਜਦੋਂ ਸੁਣਾ ਕਹਾਣੀ ਲੋਕਾਂ ਦੇ ਮੂੰਹੋਂ ਉਹਨਾਂ ਦੀ।
ਕੀ ਗਤ ਬਣਦੀ ਏ ਵਿੱਚ ਬੁਢਾਪੇ ਉਹਨਾਂ ਦੀ।
ਇਨਸਾਨਾਂ ਦੇ ਵਿੱਚੋਂ ਸ਼ਕਲਾਂ ਦਿਸਣ ਸ਼ੈਤਾਨ ਦੀਆਂ
ਜਦੋਂ ਅੱਖੀਆਂ ਬਦਲ ਨੇ ਜਾਂਦੀਆਂ.....
ਨੂੰਹਾਂ-ਪੁੱਤਰ ਰੱਖਣ ਖਿਆਲ 'ਰਿਸ਼ੀ' ਸਦਾ ਹੀ ਮਾਪਿਆਂ ਦਾ।
ਉਹ ਕਰਨ ਤੇ ਲੈਣ ਪਿਆਰ ਸਦਾ ਹੀ ਮਾਪਿਆਂ ਦਾ।।
ਰਹਿਣ ਮੇਹਰਾਂ ਉਹਨਾਂ ਦੇ ਸਿਰਾਂ 'ਤੇ, ਰੱਬੀ ਵਰਦਾਨ ਦੀਆਂ
ਜਦੋਂ ਅੱਖੀਆਂ ਬਦਲ ਨੇ ਜਾਂਦੀਆਂ.....

00

ਨਾ ਜਾਹ ਤੂੰ ਪ੍ਰਦੇਸ ਵੇ ਪੁੱਤਰਾ!

''ਨਾ ਜਾਹ ਤੂੰ ਪ੍ਰਦੇਸ ਵੇ ਪੁੱਤਰਾ! ਨਾ ਜਾਹ ਤੂੰ ਪ੍ਰਦੇਸ।
ਨਾ ਜਾਹ ਤੂੰ ਪ੍ਰਦੇਸ ਸੋਹਣਿਆ! ਨਾ ਜਾਹ ਤੂੰ ਪ੍ਰਦੇਸ।''

ਹੱਥ ਜੋੜ ਕੇ ਮਾਂ ਪਈ ਰੋਕੇ, ਬਾਪੂ ਵੀ ਤਰਲੇ ਪਾਉਂਦਾ ਏ।
''ਕੋਈ ਕੰਮ ਖੋਹਲ ਕੇ ਦੇ ਦਊ ਤੈਨੂੰ'', ਮਿੰਨਤਾਂ ਕਰ ਪਿਆ ਮਨਾਉਂਦਾ ਏ।
ਮਰ ਜਾਵਾਂਗੇ ਵਿੱਛੜ ਕੇ ਤੈਥੋਂ, ਜੇ ਤੁਰ ਗਿਉਂ ਤੂੰ ਵਿਦੇਸ਼
ਨਾ ਜਾਹ ਤੂੰ ਪ੍ਰਦੇਸ ਵੇ ਪੁੱਤਰਾ.....
ਕੰਧ ਓਹਲੇ ਖੜੀ ਭੈਣ ਵੀਚਾਰੀ, ਵੀਰ ਦਾ ਮੂੰਹ ਪਈ ਤੱਕਦੀ ਏ।
''ਨਾ ਜਾਹ ਵੀਰਾ! ਨਾ ਜਾਹ ਵੇ ਵੀਰਾ''। ਰੋਂਦੀ-2 ਹਫ਼ਦੀ ਏ।।
''ਕੇਹਦੇ ਬੰਨੂਗੀ ਰੱਖੜੀ ਵੀਰਾ। ਕੇਹਦੇ ਮੈਂ ਸਵਾਰੂੰ ਕੇਸ''
ਨਾ ਜਾਹ ਤੂੰ ਪ੍ਰਦੇਸ ਵੇ ਪੁੱਤਰਾ.....
ਨਿੱਕੜਾ ਵੀਰ ਚੜ੍ਹ ਬਹਿ ਗਿਐ ਗੋਦੀ, ਉਤਰਨ ਦਾ ਨਾ ਨਾਮ ਲਵੇ।
ਲਿਟਣ ਲੱਗ ਪਵੇ ਜ਼ਮੀਨ ਦੇ ਉਤੇ, ਜਦ ਵੀਰ ਜਾਣ ਦਾ ਨਾਮ ਲਵੇ।
''ਕੀ ਤੂੰ ਲੈਣ ਜਾਣਾ ਏ ਵੀਰਾ।'' ਸਭ ਕੁੱਝ ਮਿਲਦੈ ਸਵਦੇਸ਼
ਨਾ ਜਾਹ ਤੂੰ ਪ੍ਰਦੇਸ ਵੇ ਪੁੱਤਰਾ.....
ਸਜ ਵਿਆਹੀ ਵਹੁਟੀ ਆਖੇ,''ਮੈਨੂੰ ਵੀ ਲੈ ਜਾ ਨਾਲ ਚੰਨਾ।''
''ਕੌਣ ਓਥੇ ਤੈਨੂੰ ਰੋਟੀ ਪੁੱਛੂ। ਕੌਣ ਦੇਊ ਲੱਸੀ ਦਾ ਛੰਨਾ।''
ਛਣ-ਛਣ ਵੰਗਾਂ ਦੀ ਕੌਣ ਸੁਣੂਗਾ। ਜੇ ਤੂੰ ਮੈਨੂੰ ਛੱਡ ਗਿਉਂ ਦੇਸ਼
ਨਾ ਜਾਹ ਤੂੰ ਪ੍ਰਦੇਸ ਵੇ ਪੁੱਤਰਾ.....
ਪ੍ਰਦੇਸ ਗਿਆ ਕੋਈ ਵਿਰਲਾ ਮੁੜਦੈ, ਪ੍ਰਦੇਸਾਂ ਦੀ ਰਹਿਣੀ ਹੀ ਐਸੀ।
ਕੀ ਸੁਣਾਵੇ। 'ਰਿਸ਼ੀ' ਕੀ ਨਾ ਸੁਣਾਵੇ। ਪ੍ਰਦੇਸਾਂ ਦੀ ਕਹਾਣੀ ਹੀ ਐਸੀ।
ਕਹਾਣੀ 'ਤੇ ਵਿਸ਼ਵਾਸ ਨਾ ਹੋਵੇ, ਭਾਵੇਂ ਸੁਣੇ-ਸੁਣਾਵੇ ਦਰਵੇਸ਼
ਨਾ ਜਾਹ ਤੂੰ ਪ੍ਰਦੇਸ ਵੇ ਪੁੱਤਰਾ.....

00

ਕੱਚਰਾ-ਕੱਚਰਾ ਦਿਲ ਦਾ ਹੋਇਐ

ਅਪਣਿਆਂ ਦੀ ਗੱਲ ਛਾ ਛੇੜੋ। ਉਹ ਤੇ ਹੁਣ ਬੇਗਾਨੇ ਹੋ ਗਏ।
ਛੱਡ ਗਏ ਸਾਥ ਚਿਰਾਂ ਦਾ ਉਹ ਤੇ, ਗੈਰਾਂ ਨਾਲ ਯਾਰਾਨੇ ਹੋ ਗਏ।।

ਮੈਂ ਤੇਰੀ ਹਾਂ, ਮੈਂ ਤੇਰਾ ਹਾਂ, ਵਾਅਦਿਆਂ ਦੀ ਬਰਸਾਤ ਸੀ ਹੁੰਦੀ
ਕੋਈ ਨਾ ਬਣਿਆ ਇੱਕ ਦੂਜੇ ਦਾ, ਝੂਠੇ ਸਭ ਅਫਸਾਨੇ ਹੋ ਗਏ।।

ਨਿੱਕੇ ਹੁੰਦਿਆਂ ਆਰਟ-ਟੀਚਰ ਤੋਂ ਸੁਣਿਆ ਸੀ,''ਕੋਈ ਕਿਸੇ ਦਾ ਨਹੀਂ ਹੁੰਦਾ।''
ਉਦੋਂ ਤੇ ਇਹ ਗੱਲ ਸਮਝ ਨਾ ਆਈ, ਸਮੇਂ ਨਾਲ ਇਹਦੇ ਮਾਇਨੇ ਹੋ ਗਏ।

ਗੁਜ਼ਰੇ ਪਲਾਂ ਦੀ ਯਾਦ ਸਤਾਵੇ, ਮੁੜਕੇ ਫਿਰ ਵਾਪਿਸ ਨਾ ਜਾਵੇ।
ਮੈਂ ਪਾਗਲ, ਮੈਂ ਹੋਈ ਦੀਵਾਨੀ, ਉਹ ਵੀ ਤੇ ਮਸਤਾਨੇ ਹੋ ਗਏ।।

ਦੋ ਚਾਰ ਟੁਕੜੇ ਜੇ ਦਿਲ ਦੇ ਹੁੰਦੇ, ਚੱਕ ਕੇ ਝੋਲੀ ਵਿੱਚ ਪਾ ਲੈਂਦੀ।
ਕੱਚਰਾ-ਕੱਚਰਾ ਦਿਲ ਦਾ ਹੋਇਐ, 'ਪ੍ਰੀਤ-ਰਿਸ਼ੀ', ਦੀਵਾਨੇ ਹੋ ਗਏ।।

ਆਪਣਿਆਂ ਦੀ ਗੱਲ ਨਾ ਛੇੜੋ। ਹੁਣ ਤੇ ਉਹ ਬੇਗਾਨੇ ਹੋ ਗਏ।
ਛੱਡ ਗਏ ਸਾਥ ਚਿਰਾਂ ਦਾ ਉਹ ਤੇ, ਗੈਰਾਂ ਨਾਲ ਯਾਰਾਨੇ ਹੋ ਗਏ।।

00

ਛੱਡ ਮੈਂ ਮੈਂ ਦਾ ਰਾਗ ਓ ਬੰਦਿਆ!

ਛੱਡ ਮੈਂ ਮੈਂ ਦਾ ਰਾਗ ਓ ਬੰਦਿਆ! ਛੱਡ ਮੈਂ ਮੈਂ ਦਾ ਰਾਗ।
ਤੂੰ ਤੂੰ ਤੂੰ ਦਾ ਰਟਣ ਲਗਾ ਤੂੰ! ਖੁਲ੍ਹ ਜਾਣੇ ਤੇਰੇ ਭਾਗ।।
ਓ ਬੰਦਿਆ! ਛੱਡ ਮੈਂ ਮੈਂ ਦਾ ਰਾਗ.....

ਮੈਂ ਇਹ ਕੀਤੈ! ਮੈਂ ਉਹ ਕੀਤੈ! ਦਾਅਵੇ ਸਾਰੇ ਕਰਨੇ ਛੱਡ ਦੇ
ਹੰਕਾਰ ਨੂੰ ਆਪਣੇ ਦਿਲ ਤੋਂ ਕੱਢ ਦੇ, ਸੁਪਨਿਆਂ ਦੀ ਨੀਂਦ ਤੋਂ ਜਾਗ
ਓ ਬੰਦਿਆ! ਛੱਡ ਮੈਂ ਮੈਂ ਦਾ ਰਾਗ.....

ਮੈਂ ਮੈਂ ਹਉਮੈਂ ਨੂੰ ਜਨਮ ਹੈ ਦਿੰਦੀ, ਪਾਠ-ਪੂਜਾ ਇਹ ਕਰਨ ਨਾ ਦਿੰਦੀ
ਏਹਦੇ ਮਗਰ ਭੁੱਲਕੇ ਨਾ ਲੱਗੀਂ, ਮਨਮੱਤ ਨੂੰ ਤੂੰ ਦੇ ਤਿਆਗ।।
ਓ ਬੰਦਿਆ! ਛੱਡ ਮੈਂ ਮੈਂ ਦਾ ਰਾਗ.....

ਮੈਂ ਮੈਂ ਨੇ ਮਾਰ ਮੁਕਾਉਣੈ ਤੈਨੂੰ, ਤੂੰ ਤੂੰ ਨੇ ਪਾਰ ਲਗਾਉਣੈ ਏ
ਖੁਸ਼ੀ ਖੁਸ਼ੀ ਰਾਹ ਚੁਣ ਲੈ ਆਪੇ, ਮਨ 'ਚ ਨਾ ਰੱਖ ਵੈਰਾਗ
ਓ ਬੰਦਿਆ! ਛੱਡ ਮੈਂ ਮੈਂ ਦਾ ਰਾਗ.....

ਮੈਂ ਮੈਂ ਨਾਲ ਮਨ ਮੈਲਾ ਹੁੰਦੈ, ਤੂੰ ਤੂੰ ਦੇ ਨਾਲ ਮੈਲ ਹੈ ਧੁਲਦੀ
ਧੋ ਲੈ ਮੈਲ ਤੂੰ ਆਪਣੇ ਮਨ ਦੀ, ਜੀਵਨ ਵਿੱਚ ਬਲਣ ਚਿਰਾਗ।।
ਓ ਬੰਦਿਆ! ਛੱਡ ਮੈਂ ਮੈਂ ਦਾ ਰਾਗ.....

ਦੁਨਿਆਵੀਂ ਮਾਲਿਕ ਦਾ ਲੜ ਤੂੰ ਫੜਿਐ, ਸੱਚੇ ਮਾਲਕ ਦਾ ਲੜ ਵੀ ਫੜ ਲੈ।
ਸਾਰੀ ਉਮਰ 'ਰਿਸ਼ੀ' ਫੜਕੇ ਰੱਖੀਂ, ਖਿੜਿਆ ਰਹੂ ਤੇਰਾ ਬਾਗ
ਓ ਬੰਦਿਆ! ਛੱਡ ਮੈਂ ਮੈਂ ਦਾ ਰਾਗ.....

00

ਗ਼ਜ਼ਲ

ਹਰ ਰੰਗ ਜਿੰਦਗੀ ਦਾ ਵੇਖ ਲਿਐ, ਤੇਰੇ ਰੰਗ 'ਚ ਰੰਗਣਾ ਬਾਕੀ ਏ।
ਦੁਨੀਆਂ ਦਾ ਹੋ ਕੇ ਵੇਖ ਲਿਐ, ਇੱਕ ਤੇਰਾ ਹੋਣਾ ਬਾਕੀ ਏ।।

ਦੁਨੀਆਂ ਵਿੱਚੋਂ ਕੁੱਝ ਵੀ ਮਿਲਿਆ ਨਾ, ਤਿੰਨ ਹਿੱਸੇ ਜੀਵਨ ਦੇ ਬੀਤ ਗਏ।
ਜੋ ਬੀਤ ਗਏ ਸੋ ਬੀਤ ਗਏ, ਚੋਥਾ ਅਜੇ ਆਉਣਾ ਬਾਕੀ ਏ।।
ਹਰ ਰੰਗ ਜਿੰਦਗੀ ਦਾ ਵੇਖ ਲਿਐ.....

ਅਰਮਾਨ ਬਦਲਦੇ ਰਹਿੰਦੇ ਨੇ, ਅਰਮਾਨਾਂ ਤੋਂ ਕੀ ਲੈਣਾ ਮੈਂ।
ਲੈਕੇ ਵੀ ਦੇਣਾ ਪੈਂਦਾ ਏ, ਹਿਸਾਬ ਚੁਕਾਉਣਾ ਬਾਕੀ ਏ।।
ਹਰ ਰੰਗ ਜਿੰਦਗੀ ਦਾ ਵੇਖ ਲਿਐ.....

ਦਰ-ਦਰ 'ਤੇ ਭਟਕ ਰਹੀ ਹਾਂ ਮੈਂ, ਭਟਕਣ ਤੇ ਮੇਰੀ ਮੁੱਕਣੀ ਨਹੀਂ
ਹਰ ਦਰ ਤੋਂ ਠੋਕਰ ਖਾਧੀ ਮੈਂ, ਤੇਰੇ ਦਰ 'ਤੇ ਜਾਣਾ ਬਾਕੀ ਏ।
ਹਰ ਰੰਗ ਜਿੰਦਗੀ ਦਾ ਵੇਖ ਲਿਐ.....

ਸਭ ਨੂੰ ਅਜ਼ਮਾਂ ਕੇ ਵੇਖ ਲਿਐ, ਹੱਥ ਮੇਰਾ ਕਿਸੇ 'ਰਿਸ਼ੀ' ਫੜਿਆ ਨਾ
ਤੇਰੇ ਦਰ ਤੇ ਹਾਰ ਕੇ ਆਈ ਹਾਂ, ਤੈਨੂੰ ਹੱਥ ਫੜਾਉਣਾ ਬਾਕੀ ਏ
ਹਰ ਰੰਗ ਜਿੰਦਗੀ ਦਾ ਵੇਖ ਲਿਐ.....

00

ਗੱਲ

ਗੱਲ ਕਰਦੈ ਕੋਈ ਡੂੰਘੇ ਸਾਗਰਾਂ ਦੀ,
ਕੋਈ ਸੁੰਦਰ ਨਜ਼ਾਰਿਆਂ ਦੀ ਕਰੀ ਜਾਂਦੈ।
ਕੋਈ ਕਰਦੈ ਗੱਲ ਸਿਤਾਰਿਆਂ ਦੀ,
ਕੋਈ ਮਿੱਤਰ ਪਿਆਰਿਆਂ ਦੀ ਕਰੀ ਜਾਂਦੈ।।

ਗੱਲ ਕਰਦੈ ਕੋਈ ਦੁਨਿਆਵੀ ਰਿਸ਼ਤਿਆਂ ਦੀ,
ਕੋਈ ਇਨਸਾਨੀ-ਫਰਿਸ਼ਤਿਆਂ ਦੀ ਕਰੀ ਜਾਂਦੈ।
ਕੋਈ ਗੱਲ ਕਰਦੈ ਭਰਤ-ਮਿਲਾਪ ਦੀ ਤੇ
ਕੋਈ ਦਰਦ-ਵਿਛੋੜਿਆਂ ਦੀ ਕਰੀ ਜਾਂਦੈ।।

ਅਸਲ 'ਚ ਕਰਨੀ ਚਾਹੀਦੀ ਹੈ ਗੱਲ, ਸਿਰਫ ਤੇ ਸਿਰਫ ਉਸਦੀ,
ਜੋ ਇਹਨਾਂ ਸਾਰਿਆਂ ਦੀ ਗੱਲ ਕਰੀ ਜਾਂਦੈ।।
'ਰਿਸ਼ੀ', ਉਹ ਹੈ ਰੱਬ ਸੱਚਾ ਕੇਵਲ ਸੱਚਿਆਂ ਦਾ,
ਜੋ ਸਦਾ ਸੱਚ ਦੀ ਗੱਲ ਹੀ ਕਰੀ ਜਾਂਦੈ।।
ਜੋ ਯੁੱਗਾਂ ਤੋਂ ਸੱਚ ਦੀ ਗੱਲ ਹੀ ਕਰੀ ਜਾਂਦੈ।।

00

ਬੰਦੇ ਰੱਬ ਤੋਂ ਨਹੀਂ ਵੱਡੇ

ਬੰਦੇ ਰੱਬ ਤੋਂ ਨਹੀਂ ਵੱਡੇ, ਨਾ ਹੀ ਵੱਡੇ ਨੇ ਨਵਾਬ।
ਖ਼ਵਾਬ ਦੇਖਦੇ ਜੋ ਦਿਨੇ, ਮੂਧੇ ਡਿਗਦੇ ਜਨਾਬ।।

ਅਪਣੀਆਂ ਤਾਕਤਾਂ ਤੋਂ ਵਾਕਿਫ ਕਰਾਵੇ ਉਹ।
ਅਪਣੀਆ ਉਂਗਲਾਂ 'ਤੇ ਸਭ ਨੂੰ ਨਚਾਵੇ ਉਹ।।
ਉਹੀਉ ਸਭਨਾਂ ਦਾ ਰਾਖਾ, ਸਾਰਾ ਰੱਖਦੈ ਹਿਸਾਬ
ਬੰਦੇ ਰੱਬ ਤੋਂ ਨਹੀਂ ਵੱਡੇ.....
ਹੱਥ ਸਿਰਾਂ ਉਤੇ ਰੱਖ, ਮਾੜੇ ਵੇਲੇ ਤੋਂ ਬਚਾਵੇ ਉਹ।
ਹੋਵੇ ਦੁਨੀਆਂ ਤੇ ਉਹੀ, ਕਰਨਾ ਜੋ ਚਾਹਵੇ ਉਹ।।
ਬਿਲਾਂ ਬੋਲਿਆਂ ਹੀ ਸਭ ਦੀ ਉਹ ਸੁਣਦੈ ਅਵਾਜ਼
ਬੰਦੇ ਰੱਬ ਤੋਂ ਨਹੀਂ ਵੱਡੇ.....
ਕੁਝ ਛੁਪਿਆ ਨਹੀਂ ਉਹਤੋਂ, ਉਹਤੇ ਸਭ ਕੁਝ ਜਾਣਦੈ।
ਵੱਸੇ ਦਿਲਾਂ 'ਚ ਸਾਡੇ, ਪਰ ਨਜ਼ਰ ਨਾ ਆਂਵਦੈ।।
ਜੇਹੜਾ ਉਸ ਨੂੰ ਪਛਾਣੇ, ਕਦੀ ਹੋਵੇ ਨਾ ਖਰਾਬ..
ਬੰਦੇ ਰੱਬ ਤੋਂ ਨਹੀਂ ਵੱਡੇ.....

ਸੁੱਖਾਂ ਦੇ ਸਮੁੰਦਰਾਂ 'ਚ ਤਾਰੀ ਲਾਈ ਜਾਵੇ ਬੰਦਾ।
ਜੋ ਸਮੁੰਦਰਾਂ ਦਾ ਵਾਲੀ, ਉਹਨੂੰ ਭੁੱਲੀ ਤੁਰੀ ਜਾਵੇ ਬੰਦਾ।।
ਉਹਨੂੰ ਕਦੀ ਨਾ ਭੁਲਾਈਏ, ਜੇਹਨੇ ਰਖਿਐ ਅਬਾਦ...
ਬੰਦੇ ਰੱਬ ਤੋਂ ਨਹੀਂ ਵੱਡੇ.....

ਉਹਦੀ ਹਸਤੀ ਪਿਆਰੀ, ਮੰਨੇ ਦੁਨੀਆਂ ਇਹ ਸਾਰੀ।
ਉਹਦੀ ਕੁਦਰਤ ਨਿਆਰੀ, 'ਰਿਸ਼ੀ' ਜਾਈਏ ਬਲਿਹਾਰੀ।।
ਉਹਦਾ ਕਰੀਏ ਸ਼ੁਕਰਾਨਾ, ਜੇਹਦੇ ਦਿਨ ਤੇ ਨਿਸ਼ਾਦ..
ਬੰਦੇ ਰੱਬ ਤੋਂ ਨਹੀਂ ਵੱਡੇ.....

00

ਸੁਪਨਿਆਂ ਦਾ ਸੰਸਾਰ ਬੇਲੀਓ!

ਸੁਪਨਿਆਂ ਦਾ ਸੰਸਾਰ ਬੇਲੀਉ! ਸੁਪਨਿਆਂ ਦਾ ਸੰਸਾਰ।
ਸੁਪਨਿਆਂ ਦੇ ਸੰਸਾਰ 'ਚ ਜੀਵਾਂ, ਭੁਲਕੇ ਅਸਲੀ ਸੰਸਾਰ।।
ਸੁਪਨੇ ਆਉਣੇ ਸ਼ੁਰੂ ਹੋ ਗਏ, ਜਦ ਤੋਂ ਹੋਸ਼ ਸੰਭਾਲੀ।
ਸੁਣ-2 ਕੇ ਪਰੀਆਂ ਦੀ ਕਹਾਣੀ, ਬਣਾ ਲਏ ਪੁਲਾਵ ਖਿਆਲੀ।।
ਸੁਪਨਿਆਂ ਵਿਚ ਹੀ ਬੁਣ ਲਏ ਸੁਪਨੇ, ਕਦੀ ਦੋ ਕਦੀ ਚਾਰ...
ਸੁਪਨਿਆਂ ਦਾ ਸੰਸਾਰ ਬੇਲੀਉ.....
ਬਚਪਨ ਦੇ ਸੁਪਨੇ ਸੀ ਵੱਖਰੇ, ਦਿਸਦੀਆਂ ਸੀ ਬਸ ਸਹੇਲੀਆਂ,
ਵਕਤ ਉਹਨਾ ਦੇ ਨਾਲ ਗੁਜ਼ਰਦਾ, ਪੈਂਦੀਆਂ ਸੀ ਨਿੱਤ ਪਹੇਲੀਆਂ।।
ਖਾਣ-ਪੀਣ ਦੀ ਸੁਰਤ ਨਹੀਂ ਸੀ, ਗੱਲਾਂ ਦੇ ਨਾਲ ਸੀ ਪਿਆਰ..
ਸੁਪਨਿਆਂ ਦਾ ਸੰਸਾਰ ਬੇਲੀਉ.....
ਆਈ ਜਵਾਨੀ ਬਦਲੇ ਸੁਪਨੇ, ਵਿਸਰ ਗਈਆਂ ਸਭ ਗੱਲਾਂ।
ਪੜ੍ਹਾਈ ਵੱਲ ਧਿਆਨ ਸੀ ਹੁੰਦਾ, ਪੜ੍ਹਾਈ ਦੀਆਂ ਹੁੰਦੀਆਂ ਗੱਲਾਂ।
ਸੁਪਨੇ 'ਚ ਸੀ ਪੇਪਰ ਦਿਸਦੇ, ਜਾਂ ਅਧਿਆਪਕ ਦੀ ਮਾਰ..
ਸੁਪਨਿਆਂ ਦਾ ਸੰਸਾਰ ਬੇਲੀਉ.....
ਫਿਰ ਵਿਆਹ ਦਾ ਸੁਪਨਾ ਵੇਖਣ ਲੱਗੀ, ਜਿਵੇਂ ਵੇਖਦੀ ਹੈ ਹਰ ਨਾਰ।
ਮਿਲ ਜਾਵੇ ਮੈਨੂੰ ਪੜ੍ਹਿਆ ਲਿਖਿਆ, ਗੱਭਰੂ ਇੱਕ ਸਰਦਾਰ।।
ਮੇਰਾ ਸੁਪਨਾ ਰੱਬ ਪੂਰਾ ਕੀਤਾ, ਬਖਸ਼ਿਐ ਵਧੀਆ ਪਰਿਵਾਰ...
ਸੁਪਨਿਆਂ ਦਾ ਸੰਸਾਰ ਬੇਲੀਉ.....
ਆਖ਼ਰੀ ਸੁਪਨਾ 'ਰਿਸ਼ੀ' ਹੈ ਮੇਰਾ, ਮੇਰਾ ਰੱਬ ਮੈਨੂੰ ਮਿਲ ਜਾਵੇ।
ਵੇਖ ਲਵਾਂ ਮੈਂ ਉਹਨੂੰ ਰੱਜਕੇ, ਸਕੂਨ ਮੈਨੂੰ ਮਿਲ ਜਾਵੇ।।
ਕਰਾਂ ਬੇਨਤੀ ਉਹਦੇ ਅੱਗੇ, ਸੁਮੱਤ ਦੇਹ ਸਭਨੂੰ ਦਾਤਾਰ
ਸੁਪਨਿਆਂ ਦਾ ਸੰਸਾਰ ਬੇਲੀਉ.....

00

ਇੱਕ ਧੀ ਧਿਆਣੀ (ਦਾਮਿਨੀ) (ਦਿੱਲੀ ਕਾਂਡ, ਦਸੰਬਰ 16, 2012)

ਇੱਕ ਧੀ ਧਿਆਣੀ,
ਸੀ ਬੜੀ ਸਿਆਣੀ।
ਲੁੱਟ ਗਈ ਸਮਾਜ ਦੇ ਹੱਥੋਂ,
ਬਣ ਗਈ ਕਹਾਣੀ।।
ਕਦੋਂ ਤਾਈ ਲੁੱਟਦੀ ਰਹੇਗੀ,
ਭਾਰਤ ਦੀ ਨਾਰੀ?
ਕਦੋਂ ਤਾਈ ਕਹਾਉਂਦੀ ਰਹੇਗੀ,
ਅਬਲਾ ਵਿਚਾਰੀ?
ਪੁੱਛਣ ਲਈ ਇਹ ਸਵਾਲ ਮੈਂ
ਚੜ੍ਹ ਗਈ ਹਾਂ ਚੋਬਾਰੇ।
ਭਾਵੇਂ ਲੱਖ ਮੈਨੂੰ ਕੋਈ ਰੋਕੇ
ਭਾਵੇਂ ਕੋਈ ਪੱਥਰ ਮਾਰੇ।।
ਜੇ ਜਾਗੀ ਹੈ ਜ਼ਮੀਰ ਤੁਹਾਡੀ
ਹੁਣ ਏਹਨੂੰ ਸੋਣ ਨਾ ਦੇਈਓ।
ਜੋ ਕੁਝ ਹੋਇਐ 'ਦਾਮਿਨੀ' ਨਾਲ
ਹੋਰਾਂ ਨਾਲ ਹੋਣ ਨਾ ਦੇਈਓ।।
ਉਠੋ! ਜਾਗੋ! ਭਾਰਤ ਦੇ ਵਾਸੀਉ!
ਧੀਆ ਦੇ ਹੱਕ ਬਚਾਵੋ।
ਦਰਿੰਦਿਆਂ ਦੇ ਵੱਢੋ ਹੱਥ
ਅੱਖਾ 'ਚ ਮਿਰਚਾ ਪਾਵੋ।।
ਜਿਵੇਂ ਤੜਫ-2 ਮਰੀ ਧੀ,
ਉਹਨਾਂ ਨੂੰ ਵੀ ਤੜਫਾਵੋ।
ਦਿੱਲੀ ਦੇ ਹੀ ਇੰਡੀਆ ਗੇਟ ਤੇ
ਉਹਨਾਂ ਨੂੰ ਫਾਂਸੀ ਲਾਵੋ।।
ਮੈਲੀ ਸੋਚ ਨਾ ਰੱਖੇ ਕੋਈ,
ਸਭਨਾਂ ਨੂੰ ਸਮਝਾਵੋ।
ਮੋਢੇ ਨਾਲ ਮੋਢਾ ਜੋੜ ਕੇ 'ਰਿਸ਼ੀ'
ਕਿਸੇ ਹਲ ਵੱਲ ਜਾਵੋ।।

00

ਮੇਰੇ ਕੋਲੋਂ ਸਹਿ ਨਹੀਂ ਹੁੰਦਾ..

ਔਰਤ 'ਤੇ ਜ਼ੁਲਮ ਹੋ ਰਿਹੈ, ਵੇਖ ਰਿਹੈ ਇਨਸਾਨ।
ਪਰ ਮੇਰੇ ਕੋਲੋਂ ਸਹਿ ਨਹੀਂ ਹੁੰਦਾ, ਔਰਤ ਦਾ ਅਪਮਾਨ।।

ਕੁੱਖ ਦੇ ਵਿੱਚ ਹੈ ਔਰਤ ਮਰਦੀ।
ਬੱਚ ਜਾਵੇ ਤਾਂ ਕਈ ਦੁੱਖ ਜਰਦੀ।।
ਜਰਦੀ-2 ਮਰ ਹੈ ਜਾਂਦੀ, ਪਹੁੰਚ ਜਾਦੀ ਸ਼ਮਸ਼ਾਨ....
ਔਰਤ 'ਤੇ ਜੁਲਮ ਹੋ ਰਿਹੈ.....
ਕੋਈ ਲਾਵੇ ਉਹਦੇ ਮੂੰਹ ਤੇ ਜੰਦਰਾ।
ਕੋਈ ਲੁੱਟ ਲੈਂਦੇ ਉਹਨੂੰ ਚੰਦਰਾ।।
ਡਰਦੀ ਮਾਰੀ ਬੋਲ ਨਹੀਂ ਸਕਦੀ, ਜਿੱਤ ਜਾਂਦੈ ਸ਼ੈਤਾਨ...
ਔਰਤ 'ਤੇ ਜੁਲਮ ਹੋ ਰਿਹੈ.....
ਕੀ ਕਨੇਡਾ ਕੀ ਅਮਰੀਕਾ।
ਕੀ ਇੰਡੀਆ ਤੇ ਕੀ ਅਫਰੀਕਾ।।
ਔਰਤ ਨਾਲ ਵਤੀਰਾ ਇੱਕੋ, ਸੁਣ-2 ਹੋਵਾਂ ਹੈਰਾਨ
ਔਰਤ 'ਤੇ ਜੁਲਮ ਹੋ ਰਿਹੈ.....
ਕੀ ਕਾਰਨ ਨੇ ਏਹਦੇ ਪਿੱਛੇ।
ਮੈਨੂੰ ਤਾਂ ਕੁੱਝ ਸਾਫ ਨਾ ਦਿੱਸੇ।।
ਦਿਸਦੀ ਹੈ ਬਸ ਇੱਕ ਗੱਲ ਹੀ, ਰਿਹਾ ਨਹੀਂ ਦੀਨ ਇਮਾਨ..
ਔਰਤ 'ਤੇ ਜੁਲਮ ਹੋ ਰਿਹੈ.....
ਔਰਤ ਖੁਸ਼ ਤੇ ਖੁਸ਼ ਘਰ ਸਾਰਾ।
ਘਰ ਖੁਸ਼ ਤੇ ਖੁਸ਼ ਜੱਗ ਹੈ ਸਾਰਾ।।
ਔਰਤ ਹੈ ਇਸ ਜੱਗ ਦੀ ਜਨਨੀ 'ਰਿਸ਼ੀ' ਕਹਿ ਗਏ ਗੁਰੂ ਮਹਾਨ

00

ਛੱਡਕੇ ਨੀਂਦਰ ਵਿੱਚ ਵਿਚਾਲੇ...

ਛੱਡਕੇ ਨੀਂਦਰ ਵਿੱਚ ਵਿਚਾਲੇ, ਤੋੜ ਰਹੇ ਘਰਾਂ ਦੇ ਤਾਲੇ।
ਤੋੜ ਰਹੇ ਬੈਂਕਾਂ ਦੇ ਲਾਕਰ, ਜਿੱਥੇ ਲੋਕਾਂ ਕੈਸ਼ ਸੰਭਾਲੇ।।
ਬਿਗੜੇ ਬੱਚੇ ਪੜ੍ਹਦੇ ਹੈ ਨਹੀਂ।
ਕੰਮਕਾਰ ਕੁੱਝ ਕਰਦੇ ਹੈ ਨਹੀਂ।।
ਚੋਰੀ ਦਾ ਕੰਮ ਸੋਖਾ ਲੱਗਦੈ, ਸਭ ਖਰਚੇ ਕਰਨ ਸੁਖਾਲੇ।
ਛੱਡਕੇ ਨੀਂਦਰ ਵਿੱਚ ਵਿਚਾਲੇ.....
ਗੱਡੀਆਂ ਦੇ ਖਰਚ ਨਾ ਪੂਰੇ ਹੁੰਦੇ।
ਨਸ਼ਿਆਂ ਦੇ ਖਰਚ ਨਾ ਪੂਰੇ ਹੁੰਦੇ।।
ਖਰਚੇ ਪੂਰੇ ਕਰਨ ਦੀ ਖਾਤਿਰ ਕਰਦੇ ਕਈ ਘਾਲੇ ਮਾਲੇ...
ਛੱਡਕੇ ਨੀਂਦਰ ਵਿੱਚ ਵਿਚਾਲੇ.....
ਕੋਈ ਕਰਦੈ ਘਰ 'ਚ ਚੋਰੀ।
ਕੋਈ ਕਰਦੈ ਬਾਹਰ ਚੋਰੀ।।
ਘਰ-ਬਾਹਰ ਸਭ ਲੁੱਟ-ਪੁੱਟ ਖਾ ਗਏ ਵੇਚ ਕੇ ਪਿਰਚ-ਪਿਆਲੇ
ਛੱਡਕੇ ਨੀਂਦਰ ਵਿੱਚ ਵਿਚਾਲੇ.....
ਕੌਣ ਰੋਕੇ ਤੇ ਕੌਣ ਸਮਝਾਵੇ।
ਅਕਲ ਦੀ ਗੱਲ ਕੌਣ ਖਾਨੇ ਪਾਵੇ।
ਅਕਲ ਦਾ ਖਾਨਾ ਖਾਲੀ ਸਾਰਾ, ਕੌਣ ਸੁਣੇ ਤੇ ਕੌਣ ਖਿਆਲੇ..
ਛੱਡਕੇ ਨੀਂਦਰ ਵਿੱਚ ਵਿਚਾਲੇ.....
ਆਉ ਕਾਕਿਉ! ਆਉ ਬੀਬਿਓ!
ਸੁਣੋ ਕਾਕਿਓ! ਸੁਣੋ ਬੀਬਿਓ।
ਛੱਡੋ ਸਾਰੇ ਮਾੜੇ ਧੰਧੇ, ਕਰੋ 'ਰਿਸ਼ੀ' ਕੁੱਝ ਕੰਮ ਸਿਆਣੇ
ਛੱਡਕੇ ਨੀਂਦਰ ਵਿੱਚ ਵਿਚਾਲੇ.....

00

ਮੈਂ ਤੇ ਮੇਰੀ ਤਨਹਾਈ

ਮੈਂ ਤੇ ਮੇਰੀ ਤਨਹਾਈ ਨੇ,
ਦਿਲ ਖੋਹਲ ਕੇ ਕੀਤੀਆਂ ਗੱਲਾਂ ਨੇ।
ਕਿਸੇ ਹੋਰ ਨੇ ਭਾਵੇਂ ਨਹੀਂ ਸੁਣੀਆਂ,
ਸੁਣੀਆਂ ਪਾਣੀ ਦੀਆਂ ਛੱਲਾਂ ਨੇ।।
ਪਾਣੀ ਦੀਆਂ ਛੱਲਾਂ ਪੁੱਛਦੀਆਂ ਨੇ,
''ਕਿਉਂ ਚੁਪਚੁੱਪ ਅੱਜਕਲ ਰਹਿੰਦੀ ਏ।''
ਮੈਂ ਜਵਾਬ ਦਿੰਦੀ ਹਾਂ ਛੱਲਾਂ ਨੂੰ,
''ਇਹ ਸਭ ਅੰਦਰ ਦੀਆਂ ਗੱਲਾਂ ਨੇ।
ਅੰਦਰ ਦੀ ਗੱਲ ਕੋਈ ਕੀ ਜਾਣੇ!
ਅੰਦਰੋਂ-ਅੰਦਰੀ ਕੀ ਹੁੰਦਾ ਏ
ਅੰਦਰ ਤੇ ਮਨ ਦਾ ਮੰਦਿਰ ਏ,
ਇਹ ਮਨ ਮੰਦਿਰ ਦੀਆਂ ਗੱਲਾਂ ਨੇ।''
ਮਨ ਮੰਦਿਰ 'ਚ ਰੱਬ ਰਹਿੰਦਾ ਏ,
ਮੈਂ ਰੱਬ ਨਾਲ ਗੱਲਾਂ ਕਰਦੀ ਆਂ
ਉਹੀਓ ਸੁਣਦਾ ਏ ਗੱਲ ਮੇਰੀ,
ਉਹਦੇ ਨਾਲ ਕੀਤੀਆਂ ਗੱਲਾਂ ਨੇ।
ਰੱਬ ਤੇ ਮੈਂ ਇੱਕ ਮਿੱਕ ਹੋ ਜਾਈਏ,
ਏਹੀਉ ਮੰਜ਼ਿਲ ਹੁਣ ਮੇਰੀ ਏ।
ਕੋਈ ਹੋਰ ਨਹੀਂ ਮੰਜ਼ਿਲ ਮੇਰੀ 'ਰਿਸ਼ੀ'
ਮੰਜਿਲ ਦੀਆਂ ਕੀਤੀਆਂ ਗੱਲਾਂ ਨੇ
ਮੈਂ ਤੇ ਮੇਰੀ ਤਨਹਾਈ ਨੇ
ਦਿਲ ਖੋਹਲ ਕੇ ਕੀਤੀਆਂ ਗੱਲਾਂ ਨੇ
ਕਿਸੇ ਹੋਰ ਨੇ ਭਾਵੇਂ ਨਹੀਂ ਸੁਣੀਆਂ,
ਸੁਣੀਆਂ ਪਾਣੀ ਦੀਆਂ ਛੱਲਾਂ ਨੇ....

00

ਨਵੇਂ ਸਾਲ ਦਾ ਨਾਹਰਾ

ਪੁੱਤਰ ਮਿੱਠੜੇ ਨੇ ਮੇਵੇ, ਰੱਬ ਸਭ ਨੂੰ ਦੇਵੇ,
ਧੀਆਂ ਅਨਮੋਲ ਨੇ ਹੀਰੇ, ਮੈਥੋਂ ਕੋਈ ਨਾ ਖੋਹਵੇ।।
ਮੇਰੇ ਕੋਲ ਹੀ ਰਹਿਣ ਦਿਓ, ਏਹਨੂੰ ਜੀਊਂਦੀ ਰਹਿਣ ਦਿਉ।
ਕਾਹਨੂੰ ਕਰਦੇ ਹੋ ਪਾਪ ਪਏ, ਇਹ ਨਿਸ਼ਾਨੀ ਰਹਿਣ ਦਿਉ।।

ਮੰਜੀ 'ਤੇ ਲਾਚਾਰ ਬੈਠੀ, ਇੱਕ ਮਾਂ ਪਈ ਕਹਿੰਦੀ ਸੀ।
ਹਾਏ! ਕੁਝ ਤੇ ਰਹਿਮ ਕਰੋ, ਰੋ -ਰੋ ਕੇ ਡਾਕਟਰ ਨੂੰ ਕਹਿੰਦੀ ਸੀ।।
''ਮੈਂ ਜਿਊਂਦੀ ਮਰ ਜਾਊਂਗੀ, ਮੇਰੀ ਧੀ ਤੁਸੀਂ ਮਾਰੀ ਜੇ।
ਕੋਈ ਖਾ ਲਉ ਤਰਸ ਰਤਾ, ਮੇਰੀ ਧੀ ਵਿਚਾਰੀ 'ਤੇ।।
ਜੇ ਅਸੀਂ ਦੋਵੇਂ ਮਰ ਗਈਆਂ, ਟੱਬਰ ਰੁਲ ਜਾਣਾ ਸਾਰਾ।
ਕੁਝ ਵੀ ਫਿਰ ਬਚਣਾ ਨਹੀਂ, ਕੀ ਕਰੂ ਪਤੀ ਵਿਚਾਰਾ।।''

ਆਪ ਤੇ ਮਰਨ ਕਿਨਾਰੇ ਸੀ, ਫਿਕਰ ਸੀ ਬਹੁਤਾ ਟੱਬਰ ਦਾ।
ਪਤੀ ਦੀ ਚੱਲਦੀ ਪੇਸ਼ ਨਾ ਸੀ, ਰੋਹਬ ਚੱਲਦਾ ਸੀ ਟੱਬਰ ਦਾ।।
ਅੱਖਾਂ ਮਾਂ ਦੀਆਂ ਸੁੱਜ ਗਈਆਂ, ਰੋ-ਰੋ ਕੇ ਨੈਣ ਵੀ ਹੰਭ ਗਏ ਸੀ।
ਰੋਂਦੀ ਮਾਂ ਨੂੰ ਤੱਕ ਕੇ ਤੇ, ਡਾਕਟਰ ਦੇ ਹੱਥ ਵੀ ਕੰਬ ਗਏ ਸੀ।।

ਰੱਖ ਦਿੱਤੇ ਸੰਦ ਉਹਨੇ, ਮੁੜ ਕੇ ਸੀ ਟੇਬਲ 'ਤੇ।
ਉਹਨੇ ਵੇਖ ਲਿਆ ਸੀ ਕੁਝ, ਟੀ.ਵੀ. ਦੇ ਕੇਬਲ 'ਤੇ।।
ਸਕਰੀਨ 'ਤੇ ਜੋ ਪੜ੍ਹਿਆ, ਦਿਲ ਟੁੰਬ ਲਿਆ ਉਹਨੇ।
ਪੜ੍ਹ ਕੇ ਤੇ ਉਹ ਨਾਅਰਾ, ਮਨ ਬਦਲ ਲਿਆ ਉਹਨੇ।।

ਗਲ ਲਾ ਲਉ ਧੀਆਂ ਨੂੰ, ਇਹਨਾਂ ਦੀ ਲੋੜ ਹੈ ਹਰ ਪਾਸੇ।
ਇਹਨਾਂ ਦੁੱਖ ਵੰਡਾਉਣੇ ਨੇ, ਵੰਡਣੇ ਨੇ ਇਹਨਾਂ ਹਾਸੇ।।
ਨਵੇਂ ਸਾਲ 'ਤੇ ਖਾਉ ਕਸਮਾਂ, ਧੀਆ ਨਾ ਮਾਰਾਂਗੇ।
ਪੁੱਤਰਾਂ ਦੇ ਵਾਂਙੂੰ ਹੀ, ਧੀਆਂ ਨੂੰ ਸ਼ਿੰਗਾਰਾਂਗੇ।।

ਨਾਅਰਾ 'ਰਿਸ਼ੀ ਜਸਵਿੰਦਰ' ਦਾ, ਪੜ੍ਹ ਪਾਸੇ ਹੱਟ ਗਿਆ ਸੀ।
ਸੀ ਤਰਸ ਬੜਾ ਆਇਆ, ਨਾਲ ਉਹ ਮਾਂ ਦੇ ਡੱਟ ਗਿਆ ਸੀ।।
ਘਰ ਦਿਆਂ ਨੂੰ ਕਹਿਣ ਲੱਗਾ, ''ਮੈਂ ਇਹ ਪਾਪ ਨਹੀਂ ਕਰਨਾ''।
ਮੇਰਾ ਤੇ ਪੇਸ਼ਾ ਹੈ, ਬੱਸ! ਇਨਸਾਫ ਹੀ ਮੈਂ ਕਰਨਾ।।

ਮੈਂ ਜਾਨ ਬਚਾਉਂਦਾ ਹਾਂ, ਮੈਂ ਜਾਨ ਨਹੀਂ ਲੈਣੀ।
ਮੈਨੂੰ ਤੁਸੀਂ ਮਾਫ਼ ਕਰੋ, ਮੈਂ ਗਲ ਫਾਂਸੀ ਨਹੀਂ ਲੈਣੀ।।
ਏਨਾ ਕੁਝ ਕਹਿ ਕੇ ਤੇ, ਉਹ ਬਾਹਰ ਚਲਾ ਗਿਆ।
ਪੀ ਠੰਡਾ ਪਾਣੀ ਉਹ, ਕੁਰਸੀ 'ਤੇ ਬੈਠ ਗਿਆ।
ਸਾਹਵੇਂ ਦਸ ਗੁਰੂ ਸਾਹਿਬਾਂ ਦੀ, ਇੱਕ ਫੋਟੋ ਲੱਗੀ ਸੀ।
ਮਾਫ਼ੀ ਮੰਗ ਲਈ ਉਹਨੇ, ਗੱਲ ਦਿਲ 'ਤੇ ਲੱਗੀ ਸੀ।।
ਮਾਫ਼ੀ ਮੰਗ ਲਈ ਉਹਨੇ, ਗੱਲ ਦਿਲ 'ਤੇ ਲੱਗੀ ਸੀ।।

00

ਜਾਂਚ ਸਿੱਖ ਲੈ ਤੂੰ

ਸਹਾਰਾ ਭਾਲਦੈ ਜੇਕਰ ਸਹਾਰਾ ਬਣ ਕਿਸੇ ਦਾ ਤੂੰ।
ਸਹਾਰਾ ਆਪੇ ਹੀ ਮਿਲ ਜਾਊ ਨਾ ਦੁਸ਼ਮਣ ਬਣ ਕਿਸੇ ਦਾ ਤੂੰ।।
ਫਰਿਸ਼ਤਾ ਤੇ ਨਹੀਂ ਐਪਰ ਬਣਨ ਦੀ ਜਾਂਚ ਸਿੱਖ ਲੈ ਤੂੰ।
ਸਿੱਖਣਾ ਕਰਮ ਹੈ ਤੇਰਾ ਸਿੱਖਣ ਦੀ ਜਾਂਚ ਸਿੱਖ ਲੈ ਤੂੰ।।
ਤੇਰੀ ਪਹਿਚਾਣ ਤੂੰ ਹੀ ਏ, ਪਹਿਚਾਨਣ ਦੀ ਜਾਂਚ ਸਿੱਖ ਲੈ ਤੂੰ।
ਚਾਨਣ ਹੈ ਤੇਰੇ ਅੰਦਰ, ਚਮਕਣ ਦੀ ਜਾਂਚ ਸਿੱਖ ਲੈ ਤੂੰ।।
ਚਮਕ ਮੱਧਮ ਨਾ ਪੈ ਜਾਏ, ਲਿਸ਼ਕਣ ਦੀ ਜਾਂਚ ਸਿੱਖ ਲੈ ਤੂੰ।।
ਲਿਸ਼ਕਦਾ ਰਹਿ, ਚਮਕਦਾ ਰਹਿ, ਸੂਰਜ ਚੰਨ ਤਾਰਿਆਂ ਵਾਂਙੂੰ।
ਪਰ ਧਰਤੀ 'ਤੇ ਟਿਕਿਆ ਰਹਿ 'ਰਿਸ਼ੀ' ਟਿਕਣ ਦੀ ਜਾਂਚ ਸਿੱਖ ਲੈ ਤੂੰ।।
ਟਿਕੇਂਗਾ ਧਰਤੀ 'ਤੇ ਜੇ! ਅੰਬਰਾਂ ਨੂੰ ਤਾਹੀਉਂ ਛੁਹੇਂਗਾ।
ਅੰਬਰਾਂ ਨੂੰ ਕਿੰਜ ਹੈ ਛੁਹਣਾ ਛੁਹਣ ਦੀ ਜਾਂਚ ਸਿੱਖ ਲੈ ਤੂੰ।
ਅੰਬਰਾਂ ਨੂੰ ਕਿੰਜ ਹੈ ਛੁਹਣਾ ਛੁਹਣ ਦੀ ਜਾਂਚ ਸਿੱਖ ਲੈ ਤੂੰ।

00

ਮੇਰਾ ਲੱਗਦਾ ਨਹੀਂ ਦਿਲ

ਇਨਾਇਆ ਤੇਰੇ ਬਿਨ (ਆਪਣੀ ਪਿਆਰੀ ਪੋਤਰੀ ਲਈ)
ਮੇਰਾ ਲੱਗਦਾ ਨਹੀਂ ਦਿਲ, ਇਨਾਇਆ ਤੇਰੇ ਬਿਨ।
ਮੈਂ ਤੇ ਕੱਟਦੀ ਹਾਂ ਰਾਤਾਂ ਬੱਚੀ! ਤਾਰੇ ਗਿਣ ਗਿਣ।।

ਬਸੰਤ ਦੀਆਂ ਛੁੱਟੀਆਂ 'ਚ ਆਪਾਂ ਇਕੱਠੇ ਰਹੇ ਸਾਂ।
ਪਲ ਵੀ ਨਾ ਦੂਰ ਇਕ ਦੂਸਰੇ ਤੋਂ ਰਹੇ ਸਾਂ।।
ਖੁਸ਼ੀ-2 ਇਕੱਠਿਆਂ ਬਿਤਾਏ ਅੱਠ ਦਿਨ...
ਮੇਰਾ ਲੱਗਦਾ ਨਹੀਂ ਦਿਲ.....
ਦਾਦਾ ਜੀ ਕਦੀ ਚੁੱਕਦੇ ਸੀ ਦਾਦੀ ਕਦੀ ਚੁੱਕਦੀ।
ਚਾਚਾ ਜੀ ਕਦੀ ਚੁੱਕਦੇ ਸੀ ਚਾਚੀ ਕਦੀ ਚੁੱਕਦੀ।।
ਪਾਪਾ-ਮੰਮੀ ਦੀਆਂ ਗੋਦੀਆਂ 'ਚ ਕਟੇ ਰਾਤ ਦਿਨ....
ਮੇਰਾ ਲੱਗਦਾ ਨਹੀਂ ਦਿਲ.....
ਪ੍ਰਦਾਦਾ ਜੀ ਖਿਡਾਉਦੇ ਤੈਨੂੰ ਗੋਦੀ ਚੁੱਕ ਚੁੱਕ ਕੇ।
ਪ੍ਰਨਾਨਾ-ਪ੍ਰਨਾਨੀ ਜੀ ਸੁਆਉਦੇ ਤੈਨੂੰ ਗੋਦੀ ਚੁੱਕ-2 ਕੇ।।
ਨਾਨਾ-ਨਾਨੀ ਜੀ ਦੀ ਗੋਦੀ 'ਚ ਰਹੇਂ ਰਾਤ ਦਿਨ...
ਮੇਰਾ ਲੱਗਦਾ ਨਹੀਂ ਦਿਲ.....
ਮਨੀ ਚਾਚੇ ਦੇ ਵਿਆਹ 'ਤੇ
ਰੌਣਕਾਂ ਸੀ ਲੱਗੀਆਂ
ਹਰੇਕ ਦੀਆਂ ਅੱਖਾਂ ਤੇਰੇ
ਚੇਹਰੇ ਤੇ ਸੀ ਲੱਗੀਆਂ।
ਕਹਿੰਦੇ,''ਹਨੀ ਦੀ ਬੇਟੀ ਤੇ ਹਨੀ ਵਾਂਙੂੰ ਇਨ ਬਿਨ
ਇਨਾਇਆ ਤੇਰੇ ਬਿਨ.....
ਸਮਾਂ ਕਿਵੇਂ ਲੰਘਿਆ, ਪਤਾ ਵੀ ਨਾ ਲੱਗਿਆ।
ਮਿੱਤਰਾਂ-ਸਬੰਧੀਆਂ ਦਾ ਮੇਲਾ ਰਿਹਾ ਲੱਗਿਆ।।
ਯਾਦ ਰੱਖਾਂਗੇ ਹਮੇਸ਼ਾਂ, ਹਰ ਘੜੀ ਪਲ ਛਿੰਨ...
ਮੇਰਾ ਲੱਗਦਾ ਨਹੀਂ ਦਿਲ.....

ਕਦੀ ਵੀ ਨਾ ਕਰਾਂ ਤੈਨੂੰ ਅੱਖੀਆਂ ਤੋਂ ਦੂਰ ਮੈਂ।
ਕੀ ਕਰਾਂ! ਨੌਕਰੀ ਦੇ ਹੱਥੋਂ ਮਜਬੂਰ ਮੈਂ।।
ਤੇਰੇ ਤੋਂ ਬਗੈਰ 'ਰਿਸ਼ੀ' ਉਦਾਸੀਆਂ ਦੇ ਚਿੰਨ.....
ਮੇਰਾ ਲੱਗਦਾ ਨਹੀਂ ਦਿਲ.....

00

ਕੱਲ ਦਾ ਨਾ ਕਰ ਇੰਤਜਾਰ ਮਨਾ!

ਕੱਲ ਦਾ ਨਾ ਕਰ ਇੰਤਜ਼ਾਰ ਮਨਾਂ! ਕੱਲ ਹੋਵੇ ਨਾ ਹੋਵੇ।
ਜੀਅ ਭਰਕੇ ਕਰ ਤੂੰ ਪਿਆਰ ਮਨਾ! ਗੱਲ ਹੋਵੇ ਨਾ ਹੋਵੇ।।

ਗੱਲ ਦਿਲ ਦੀ ਦਿਲ 'ਚ ਰਹਿ ਗਈ ਜੇ!
ਗੱਲ ਮਨ ਦੀ ਮਨ 'ਚ ਰਹਿ ਗਈ ਜੇ।
ਗੁੰਝਲ ਜੇਹੀ ਬਣਕੇ ਰਹਿ ਗਈ ਜੇ, ਹੱਲ ਹੋਵੇ ਨਾ ਹੋਵੇ.....
ਕੱਲ ਦਾ ਨਾ ਕਰ ਇੰਤਜਾਰ ਮਨਾ.....
ਹਲ ਕੱਢਣ ਦਾ ਤੂੰ ਵੱਲ ਸਿੱਖ ਲੈ।
ਜੋ ਕੱਲ ਸਿਖਣੈ ਉਹ ਅੱਜ ਸਿੱਖ ਲੈ।।
ਸਿੱਖਣ ਦਾ ਮੂਡ ਬਣਾ ਲੈ ਤੂੰ ਵੱਲ ਹੋਵੇ ਨਾ ਹੋਵੇ....
ਕੱਲ ਦਾ ਨਾ ਕਰ ਇੰਤਜਾਰ ਮਨਾ.....
ਵਲ ਆਪਣੇ ਆਪ ਹੀ ਆ ਜਾਂਦੈ।
ਹੱਲ ਆਪਣੇ ਆਪ ਥਿਆ ਜਾਂਦੈ।।
ਰੂਹ ਲਾਲੈ ਅਪਣੇ ਕੰਮ 'ਚ ਤੂੰ, ਪਲ ਹੋਵੇ ਨਾ ਹੋਵੇ...
ਕੱਲ੍ਹ ਦਾ ਨਾ ਕਰ ਇੰਤਜਾਰ ਮਨਾ...
ਪਲ ਪਲ ਦਾ ਲੇਖਾ ਦੇਣਾ ਏ।
ਹਰ ਗੱਲ ਦਾ ਲੇਖਾ ਦੇਣਾ ਏ।
ਉਹਦੇ ਦਰ ਤੇ ਜਾਣਾ ਪੈਣਾ ਏ, ਚੱਲ ਹੋਵੇ ਨਾ ਹੋਵੇ....
ਕੱਲ ਦਾ ਨਾ ਕਰ ਇੰਤਜਾਰ ਮਨਾ.....
'ਰਿਸ਼ੀ'! ਭੁੱਲ ਜਾਹ ਵਕਤ ਦੀਆਂ ਮਾਰਾਂ ਨੂੰ।
ਹੁਣ ਲੁੱਟ ਲੈ ਮੌਜ ਬਹਾਰਾਂ ਨੂੰ।।
ਤੂੰ ਭਲਾ ਮਨਾ ਕੁੱਲ ਦੁਨੀਆਂ ਦਾ, ਫਲ ਹੋਵੇ ਨਾ ਹੋਵੇ
ਕੱਲ ਦਾ ਨਾ ਕਰ ਇੰਤਜਾਰ ਮਨਾ.....

00

ਬਾਣੀ ਨੂੰ ਕਿਉਂ ਦਿਤੈ ਤੂੰ ਵਿਸਾਰ ਓਏ ਬੰਦਿਆ!

ਬਾਣੀ ਨੂੰ ਕਿਉਂ ਦਿਤੈ ਤੂੰ ਵਿਸਾਰ ਓਏ ਬੰਦਿਆ।
ਬਾਣੀ ਵਿੱਚੋਂ ਰੱਬ ਦਾ ਦੀਦਾਰ ਕਰ ਬੰਦਿਆ।।

ਧਰਮਾਂ ਦੇ ਨਾਂ ਦੇ ਉੱਤੇ, ਪੰਗੇ ਤੂੰ ਪਵਾਉਨਾ ਏ।
ਜਗ੍ਹਾ-2 ਬੰਦਿਆ। ਦੰਗੇ ਤੂੰ ਕਰਾਉਂਨਾ ਏ।।
ਅਪਣੇ ਹੀ ਘਰ 'ਚ, ਗੱਦਾਰ ਓਏ ਬੰਦਿਆ...
ਬਾਣੀ ਨੂੰ ਕਿਉਂ ਦਿਤੈ ਤੂੰ ਵਿਸਾਰ ਓਏ ਬੰਦਿਆ..

ਦੂਜੇ ਦੀ ਕਮਾਈ 'ਤੇ, ਹੱਕ ਤੂੰ ਜਿਤਾਉਨਾਂ ਏ।
ਅਪਣੀ ਕਮਾਈ ਨੂੰ, ਤਿਜੌਰੀ 'ਚ ਛਿਪਾਉਨਾਂ ਏ।।
ਖਾਵੇ ਪਾਪ ਦੀ ਕਮਾਈ, ਪਰਿਵਾਰ ਓਏ ਬੰਦਿਆ..
ਬਾਣੀ ਨੂੰ ਕਿਉਂ ਦਿਤੈ ਤੂੰ ਵਿਸਾਰ ਓਏ ਬੰਦਿਆ..

ਗੰਦੇ-ਮੰਦੇ ਗੀਤ ਲਿਖ, ਗਵੱਈਆਂ ਤੋਂ ਗਵਾਉਨਾਂ ਏਂ।
ਭੈੜੇ-2 ਬੋਲਾਂ 'ਤੇ, ਕੁੜੀਆਂ ਨਚਾਉਨਾਂ ਏਂ।।
ਸੋਚ ਤੇਰੀ ਮਾੜੀ ਤੇ ਬੇਕਾਰ ਓਏ ਬੰਦਿਆ...
ਬਾਣੀ ਨੂੰ ਕਿਉਂ ਦਿਤੈ ਤੂੰ ਵਿਸਾਰ ਓਏ ਬੰਦਿਆ..

ਮਾੜੇ ਤੋਂ ਮਾੜੇ ਕੰਮ ਕਰ, ਸਿੱਕਾ ਆਪਣਾ ਜਮਾਉਨਾ ਏਂ।
ਅਪਣੇ ਇਸ਼ਾਰਿਆਂ 'ਤੇ, ਜੱਗ ਭਰਮਾਉਨਾਂ ਏਂ।।
ਚਲਾਕੀ ਨਾਲ ਲੁਟਿਐ, ਸੰਸਾਰ ਓਏ ਬੰਦਿਆ..
ਬਾਣੀ ਨੂੰ ਕਿਉਂ ਦਿਤੈ ਤੂੰ ਵਿਸਾਰ ਓਏ ਬੰਦਿਆ..

ਬਾਣੀ ਤੈਨੂੰ ਸਮਝਾਵੇ, ਸਿੱਧੇ ਰਾਹਾਂ ਤੇ ਲਿਜਾਵੇ।
ਸਿੱਧੇ ਰਾਹਾਂ ਉਤੇ ਤੁਰਕੇ, ਚੁਰਾਸੀ ਕੱਟੀ ਜਾਵੇ।।
'ਰਿਸ਼ੀ' ਬਾਣੀ ਦੇ ਸਹਾਰੇ, ਬੇੜਾ ਪਾਰ ਓਏ ਬੰਦਿਆ...
ਬਾਣੀ ਨੂੰ ਕਿਉਂ ਦਿਤੈ ਤੂੰ ਵਿਸਾਰ ਓਏ ਬੰਦਿਆ..

00

ਕਿਸਮਤ ਨਾਲ ਸਾਡੇ ਘਰ ਤੂੰ ਹੋਈ

ਕੱਲ ਤੂੰ ਸਾਡੇ ਕੋਲ ਨਹੀਂ ਹੋਣਾ, ਕੱਲ ਅਸੀਂ ਤੇਰੇ ਕੋਲ ਨਹੀਂ ਹੋਣਾ।
ਸੋਲਾਂ ਆਨੇ ਗੱਲ ਇਹ ਸੱਚੀ, ਅੰਦਰ ਵੜ-2 ਅਸੀਂ ਸਭ ਨੇ ਰੋਣਾ।।
ਤੇਰੇ ਵਰਗੀ ਧੀ ਕੋਈ ਕੋਈ।
ਕਿਸਮਤ ਨਾਲ ਸਾਡੇ ਘਰ ਤੂੰ ਹੋਈ।।
ਚਾਨਣ ਭਰਿਐ ਸਾਡੇ ਘਰ 'ਚ ਰੋਸ਼ਨ ਹੋਇਐ ਕੋਨਾ ਕੋਨਾ...
ਕੱਲ੍ਹ ਤੂੰ ਸਾਡੇ ਕੋਲ ਨਹੀਂ ਹੋਣਾ....
ਗੱਲ ਗੱਲ ਤੇ ਤੂੰ ਭਰੇਂ ਹੁੰਗਾਰਾ।
ਅੱਖੀਆਂ ਨਾਲ ਤੂੰ ਕਰੇਂ ਇਸ਼ਾਰਾ।।
ਤੇਰੇ ਹਾਸੇ ਨਾਲ ਘਰ ਸਾਰਾ ਹੱਸਦੈ ਭੁਲ ਜਾਂਦੈ ਸਭ ਰੋਣਾ ਧੋਣਾ...
ਕੱਲ੍ਹ ਤੂੰ ਸਾਡੇ ਕੋਲ ਨਹੀਂ ਹੋਣਾ....
ਤੇਰੇ ਨਾਲ ਰਹਿਣ ਦੀ ਆਦਤ ਪੈ ਗਈ।
ਤੇਰੇ ਬੋਲ ਸੁਣਨ ਦੀ ਆਦਤ ਪੈ ਗਈ।।
ਲੱਗਣਾ ਨਹੀਂ ਦਿਲ ਸਾਡਾ ਇਨਾਇਆ। ਨਾ ਕੋਈ ਸਾਥੋਂ ਕੰਮ ਹੀ ਹੋਣਾ..
ਕੱਲ੍ਹ ਤੂੰ ਸਾਡੇ ਕੋਲ ਨਹੀਂ ਹੋਣਾ....
ਮੰਜਾ ਸੁੰਨਾ, ਕਮਰਾ ਸੁੰਨਾ।
ਘਰ ਦਾ ਹਰ ਇੱਕ ਕੋਨਾ ਸੁੰਨਾ।।
ਰੋਣਕ ਲੱਗੇਗੀ ਵਿਚ ਕਨੇਡਾ ਜਿੱਥੇ ਚੱਲੀ ਏ ਸਾਡਾ ਨੰਨਾ...
ਕੱਲ੍ਹ ਤੂੰ ਸਾਡੇ ਕੋਲ ਨਹੀਂ ਹੋਣਾ....
ਫੇਸ-ਬੁੱਕ ਤੇ ਵੇਖਾਂਗੇ ਤੈਨੂੰ।
ਪਿਆਰ ਕਰਾਂਗੇ ਦੂਰੋਂ ਤੈਨੂੰ।।
ਟੈਲੀਫੂਨ ਤੇ ਪੁੱਛ ਲਵਾਂਗੇ,''ਕੀ ਕਰਦੀ ਏ ਸਾਡੀ ਨੰਨਾ''?..
ਕੱਲ੍ਹ ਤੂੰ ਸਾਡੇ ਕੋਲ ਨਹੀਂ ਹੋਣਾ....
ਰੂਹ ਸਾਡੀ ਸਾਥੋਂ ਦੂਰ ਏ ਚੱਲੀ।
ਦਿਲ ਦੇ 'ਚ ਮੱਚੀ ਤਰਥੱਲੀ।।
'ਰਿਸ਼ੀ' ਤੇਰਾ ਇੰਤਜ਼ਾਰ ਕਰਾਂਗੇ, ਅੱਖੀਆਂ ਦਾ ਵਿਛਾਕੇ ਵਿਛੋਣਾ...
ਕੱਲ੍ਹ ਤੂੰ ਸਾਡੇ ਕੋਲ ਨਹੀਂ ਹੋਣਾ....

00

ਆ ਗਈ ਹਾਂ ਪ੍ਰਦੇਸ ਵਿਆਹਕੇ

ਆ ਗਈ ਹਾਂ ਪ੍ਰਦੇਸ ਵਿਆਹਕੇ, ਅਪਣਾ ਨਹੀਂ ਦਿਸਦਾ ਕੋਈ।
ਜੀਅ ਕਰਦੈ ਮੁੜ ਜਾ ਵਤਨਾਂ ਨੂੰ, ਪਰ ਰਾਹ ਨਹੀਂ ਲੱਭਦਾ ਕੋਈ।।

ਰਿਸ਼ਤਾ ਜਦੋਂ ਤੈਅ ਹੋਇਆ ਮੇਰਾ, ਮੈਂ ਕਿਹਾ,''ਭਾਗ ਖੁਲ੍ਹ ਗਿਆ ਮੇਰਾ।''
ਰਾਜ ਕਰੂੰਗੀ ਪਹੁੰਚ ਅਮਰੀਕਾ, ਰਾਜਾ ਮਿਲ ਗਿਆ ਕੋਈ...
ਆ ਗਈ ਹਾਂ ਪ੍ਰਦੇਸ ਵਿਆਹਕੇ.....

ਮਾਹੀ ਤੁਰ ਜਾਏ ਕੰਮ 'ਤੇ ਤੜਕੇ, ਮੈਨੂੰ ਮੇਰੇ ਕੰਮ ਤੇ ਛੱਡਕੇ
ਲਾ ਦਿਹਾੜੀ ਆਈਏ ਥੱਕਕੇ, ਪਾਣੀ ਨਾ ਪੁੱਛਦਾ ਕੋਈ..
ਆ ਗਈ ਹਾਂ ਪ੍ਰਦੇਸ ਵਿਆਹਕੇ.....

ਕੀ ਬੱਚਾ ਕੀ ਬੁੱਢਾ ਏਥੇ, ਸਾਰੀ ਉਮਰ ਨੇ ਪੜ੍ਹਦੇ।
ਕਰਜ਼ੇ ਕੰਮ ਕਰ ਆਪੇ ਲਾਹੁੰਦੇ, ਲਾਹ ਨਹੀਂ ਸਕਦਾ ਕੋਈ...
ਆ ਗਈ ਹਾਂ ਪ੍ਰਦੇਸ ਵਿਆਹਕੇ.....

ਕੇਹਨੂੰ ਦਰਦ ਸੁਣਾਵਾਂ ਰੱਬਾ! ਕੇਹਨੂੰ ਦੁੱਖ ਸੁਣਾਵਾਂ ਰੱਬਾ!
ਦੁੱਖਾਂ ਦੇ ਮਾਰੇ ਨੇ ਸਾਰੇ, ਦੁੱਖ ਨਾ ਸੁਣਦਾ ਕੋਈ...
ਆ ਗਈ ਹਾਂ ਪ੍ਰਦੇਸ ਵਿਆਹਕੇ.....

ਦੁੱਖ ਵਿੱਚ ਸੁੱਖ ਮਨਾਉਣਾ ਹੀ ਪੈਦੈ, ਗਲ ਪਿਆ ਢੋਲ ਵਜਾਉਣਾ ਪੈਦੈ
ਆਪੇ ਹੀ ਦਿਲ ਲਾਉਣਾ ਪੈਦੈ 'ਰਿਸ਼ੀ' ਲਗਾ ਨਹੀਂ ਸਕਦਾ ਕੋਈ..
ਆ ਗਈ ਹਾਂ ਪ੍ਰਦੇਸ ਵਿਆਹਕੇ.....

00

ਸਾਂਭੋ! ਸਾਂਭੋ! ਬਈ ਪਾਣੀ ਸਾਂਭੋ!

ਸਾਂਭੋ! ਸਾਂਭੋ! ਬਈ ਪਾਣੀ ਸਾਂਭੋ! ਨਹੀਂ ਤਾਂ ਪਾਣੀ ਲਈ ਤਰਸੋਂਗੇ।
ਭਰ-2 ਬਾਲਟੀਆਂ ਅੱਜ ਰੋਹੜ ਰਹੇ ਓ, ਕੱਲ ਬੂੰਦ-2 ਲਈ ਤਰਸੋਂਗੇ।।

ਪਾਣੀ ਦੇ ਸੋਮੇ ਮੁੱਕ ਰਹੇ ਨੇ।
ਖੇਤ ਕਿਸਾਨਾ ਦੇ ਸੁੱਕ ਰਹੇ ਨੇ।।
ਮੂੰਹ ਚੱਕ-2 ਬਦਲਾਂ ਵੱਲ ਕਹਿੰਦੇ,''ਹਾਏ! ਕਦੋਂ ਬਦਲ ਜੀ ਵਰਸੋਂਗੇ?
ਸਾਂਭੋ! ਸਾਂਭੋ! ਬਈ .....
ਨਲਕੇ ਖੋਹਲ ਕੇ ਭੁੱਲ ਜਾਂਦੇ ਓ।
ਬਾਕੀ ਕੰਮਾਂ 'ਚ ਰੁੱਝ ਜਾਂਦੇ ਓ।।
ਪਾਣੀ ਦੀ ਨਾ ਕਰੋ ਬੇਅਦਬੀ, ਜੇ ਕੀਤੀ ਤਾਂ ਤਰਸੋਂਗੇ..
ਸਾਂਭੋ! ਸਾਂਭੋ! ਬਈ .....
ਗੁਰਬਾਣੀ ਵਿਚ ਲਿਖਿਆ ਪੜ੍ਹ ਲਉ।
ਅਮਲ ਲਿਖੀ ਬਾਣੀ ਤੇ ਕਰ ਲਉ।।
ਪਵਣ ਗੁਰੂ ਪਾਣੀ ਪਿਤਾ ਹੈ, ਪਿਤਾ ਸਾਂਭੋ! ਨਹੀਂ ਤਰਸੋਂਗੇ...
ਸਾਂਭੋ! ਸਾਂਭੋ! ਬਈ .....
ਭਰੋ ਬਾਲਟੀ! ਭਰ ਲਉ ਡੋਲੂ।
ਰੋਕੋ ਉਹਨੂੰ! ਜੇਹੜਾ ਵਾਧੂ ਡੋਹਲੂ।।
ਪਛਤਾਵੋਗੇ ਨਾ 'ਤੁਸੀਂ' ਕੱਲ ਨੂੰ, ਦੁੱਧ ਵਾਂਙ ਪਾਣੀ ਜੇ ਵਰਤੋਂਗੇ..
ਸਾਂਭੋ! ਸਾਂਭੋ! ਬਈ .....
ਨਹਾਉਣ ਧੋਣ ਲਈ ਪਾਣੀ ਚਾਹੀਦੈ।
ਕੱਪੜੇ ਧੋਣ ਲਈ ਪਾਣੀ ਚਾਹੀਦੈ।।
ਪੀਣ ਦੀ ਲੋੜ ਤਾਹੀਉਂ ਹੋਊ ਪੂਰੀ, ਜੇ ਸੰਜਮ ਨਾਲ 'ਰਿਸ਼ੀ' ਪਾਣੀ ਵਰਤੋਂਗੇ
ਸਾਂਭੋ! ਸਾਂਭੋ! ਬਈ .....

00

ਨੂੰਹ-ਪੁੱਤਰ (ਸੱਚੀ ਕਹਾਣੀ)

ਨੂੰਹ ਪੁੱਤਰ ਤੋਂ ਡਰਦਾ-2, ਟੁਰ ਗਿਆ ਜੱਗ ਤੋਂ ਬਾਪੂ।
ਪਾਣੀ ਦਾ ਘੁੱਟ ਮੰਗਦਾ-2, ਟੁਰ ਗਿਆ ਜੱਗ ਤੋਂ ਬਾਪੂ।।
ਨੂੰਹ ਪੁੱਤਰ ਜਾਂਦੇ ਜਦੋਂ ਕੰਮ 'ਤੇ ਡੱਕ ਜਾਂਦੇ ਸੀ ਬਾਪੂ ਨੂੰ।
ਬਾਪੂ ਮਗਰੋਂ ਕੁੱਝ ਨਾ ਖਾਈਂ ਫਰਿਜ ਖੋਹਲ ਕੇ ਆਪੂ ਤੂੰ।।
ਪਲੇਟ ਤੇਰੀ 'ਚ ਰੱਖੀ ਰੋਟੀ, ਨਾਲੇ ਰਖਿਐ ਪਾਣੀ।
ਭੁੱਲ ਕੇ ਵੀ ਤੂੰ ਦਰ ਨਾ ਖੋਹਲੀਂ, ਭਾਵੇਂ ਆਵੇ ਤੇਰਾ ਹਾਣੀ।।
ਬੈਠੇ ਹਾਂ ਅਸੀਂ ਮੁਲਖ਼ ਬੇਗਾਨੇ, ਮਹਿੰਗੇ ਨੇ ਡਾਕਟਰ ਏਥੇ।
ਬੀਮਾਰ ਨਾ ਹੋ ਜਾਈਂ ਖਾ-ਖਾ ਕੇ ਤੂੰ, ਸਾਥੋਂ ਦੇ ਨਹੀਂ ਹੋਣੇ ਲੇਖੇ।।
ਬਾਪੂ ਕਹਿੰਦਾ ਮੇਰਿਆ ਰੱਬਾ! ਹਾਏ! ਕਿਉਂ ਮੈਂ ਆਇਆ ਏਥੇ।
ਮੈਂ ਤਾਂ ਅਪਣੇ ਪਿੰਡ ਸੀ ਚੰਗਾ, ਦਿੰਦਾ ਸੀ ਅਪਣੇ ਲੇਖੇ।।
ਕੋਰੇ ਕਾਗਜ਼ ਤੇ ਲਿਖ ਕੇ ਰੱਖ ਗਿਆ ''ਲੈ ਲਈਉ ਬਚਿਉ ਲਾਹਾ।''
ਰੱਸੀ ਚੱਕ ਕੇ ਗਲ 'ਚ ਪਾ ਲਈ, ਆਪੇ ਲੈ ਲਿਆ ਫਾਹਾ।।
ਬਾਪੂ ਦੇ ਪੈਸਿਆਂ ਨਾਲ ਕਰਜ਼ੇ ਲਾਹੇ, ਨਾਲੇ ਬਣਾਈ ਕੋਠੀ।
ਬਾਪੂ ਵਿਚਾਰਾ ਸਭ ਕੰਮ ਕਰ ਗਿਆ, ਜੇਹਦੀ ਚੁੱਭਦੀ ਸੀ ਇੱਕ ਰੋਟੀ।।
ਰੋਟੀ ਖਾਤਿਰ ਲੋਕੀ ਬਾਹਰ ਨੇ ਆਉਂਦੇ, ਰੋਟੀ ਲਈ ਮੱਥੇ ਵੱਟ ਪਾਉਂਦੇ।
ਕਿਉਂ ਨਾ ਖੁਸ਼ੀ-2 'ਰਿਸ਼ੀ' ਖਾਂਦੇ? ਕਿਉਂ ਨਾ ਖੁਸ਼ੀ ਦੇ ਨਾਲ ਖਵਾਉਂਦੇ?

00

ਭੁੱਲ ਗਈ! ਮੈਂ ਭੁਲ ਗਈ!

ਭੁੱਲ ਗਈ! ਮੈਂ ਭੁੱਲ ਗਈ, ਭੁੱਲ ਗਈ। ਮੈਂ ਭੁੱਲ ਗਈ।
ਭੁੱਲ ਗਈ! ਮੈਂ ਭੁੱਲ ਗਈ, ਭੁੱਲ ਗਈ! ਮੈਂ ਭੁੱਲ ਗਈ।
ਆਪਣੇ ਨਾਮ ਦੇ ਚੱਕਰਾਂ ਦੇ ਵਿੱਚ
ਰੱਬ ਦੇ ਨਾਮ ਨੂੰ ਭੁੱਲ ਗਈ।
ਭੁੱਲ ਗਈ! ਮੈਂ ਭੁੱਲ ਗਈ.....

ਮਾਇਆ ਦੀ ਖਣ-ਖਣ-ਖਣ ਦੇ ਵਿਚ
ਅਸਲ ਖਜ਼ਾਨਾ ਭੁੱਲ ਗਈ।
ਭੁੱਲ ਗਈ! ਮੈਂ ਭੁੱਲ ਗਈ.....

ਆਹ ਘਰ ਮੇਰਾ! ਆਹ ਪ੍ਰੀਵਾਰ ਮੇਰਾ!
ਉਹਦਾ ਦਰਬਾਰ ਮੈਂ ਭੁੱਲ ਗਈ।
ਭੁੱਲ ਗਈ! ਮੈਂ ਭੁੱਲ ਗਈ.....

ਯਾਦ ਰਹੀਆਂ ਬਸ ਗੱਲਾਂ ਬਾਤਾਂ
ਉਹਦੀ ਜੈਕਾਰ ਮੈਂ ਭੁੱਲ ਗਈ।
ਭੁੱਲ ਗਈ! ਮੈਂ ਭੁੱਲ ਗਈ.....

ਦੁਨੀਆਂ ਦੇ ਵਾਅਦੇ ਯਾਦ ਰਹੇ
ਉਹਦੇ ਨਾਲ ਕੀਤਾ ਵਾਅਦਾ ਭੁੱਲ ਗਈ।
ਭੁੱਲ ਗਈ! ਮੈਂ ਭੁੱਲ ਗਈ.....

ਉਹਦੇ ਨਾਲੋਂ ਵਿਛੜ ਕੇ 'ਰਿਸ਼ੀ',
ਅੱਜ ਰੁਲ ਗਈ, ਅੱਜ ਰੁਲ ਗਈ।।
ਭੁੱਲ ਗਈ! ਮੈਂ ਭੁੱਲ ਗਈ.....

00

ਗ਼ਜ਼ਲ (ਉਦਾਸ ਮਨ)

ਉਦਾਸ ਮਨ ਗੁਜ਼ਰ ਰਿਹੈ ਪ੍ਰੇਸ਼ਾਨੀ ਦੇ ਦੌਰ 'ਚੋਂ,
ਨਾ ਖੁਸ਼ ਜੇਹਾ ਹੈ ਦਿਲ ਮੇਰਾ ਬੇਮਾਨੀ ਦੌੜ ਤੋਂ।।
ਗੁੱਡੀ ਨੂੰ ਕੱਟਦਿਆਂ ਵੇਖਿਐ, ਮੈਂ ਬੇਗਾਨੀ ਡੋਰ ਤੋਂ,
ਮੈਨੂੰ ਖਤਰੈ ਅਪਣੀ ਡੋਰ ਤੋਂ, ਨਾ ਕਿਸੇ ਵੀ ਹੋਰ ਤੋਂ।।
ਨਜ਼ਰਾਂ ਦੀ ਸਾਰੀ ਖੇਡ ਹੈ, ਨਜ਼ਰਾਂ ਵੀ ਅੱਕ ਗਈਆਂ,
ਕੰਨ ਵੀ ਮੇਰੇ ਨੇ ਥੱਕ ਗਏ, ਅਣਚਾਹੇ ਸ਼ੋਰ ਤੋਂ।।
ਇਸ ਸ਼ੋਰ ਵਿੱਚ ਗਵਾਚਿਆ ਹਰ ਸਖਸ਼ ਜਾਪਦੈ,
ਉਹ ਹਵਾ ਦਾ ਬੁਲ੍ਹਾ ਲੋੜਦੈ ਕਿਸੇ ਵੀ ਮੋੜ ਤੋਂ।।
ਹਰ ਮੋੜ ਤੋਂ ਮੁੜਨ ਵੇਲੇ 'ਰਿਸ਼ੀ' ਸਾਵਧਾਨ ਹੋ।
ਨਾ ਡਰ ਤੂੰ ਅਪਣੀ ਤੋਰ ਤੋਂ, ਡਰ ਕਿਸੇ ਦੀ ਲੋਰ ਤੋਂ।
ਡਰ ਕਿਸੇ ਦੀ ਲੋਰ ਤੋਂ।।

00

ਰੱਖੜੀ ਦੀ ਹਰ ਤਾਰ ਦੇ ਵਿੱਚੋਂ

ਰੱਖੜੀ ਦੀ ਹਰ ਤਾਰ ਦੇ ਵਿੱਚੋਂ ਝਲਕੇ ਮੇਰਾ ਪਿਆਰ।
ਬੰਨਾ ਲਉ ਰੱਖੜੀ ਮੇਰਿਓ ਵੀਰੋ, ਦੇ ਦਿਉ ਮੈਨੂੰ ਪਿਆਰ।।
ਮੇਰੇ ਵੀਰੇ ਬੜੇ ਹੀ ਪਿਆਰੇ, ਮੇਰੀਆਂ ਅੱਖਾਂ ਦੇ ਉਹ ਤਾਰੇ।
ਰੀਸ ਉਹਨਾਂ ਦੀ ਕੋਈ ਨਹੀਂ ਏ, ਸਾਰੇ ਜੱਗ ਤੋਂ ਉਹ ਨਿਆਰੇ।।
ਵੇਖ-2 ਮੈਂ ਜੀਵਾਂ ਉਹਨਾਂ ਨੂੰ, ਮੇਰੇ ਸੱਚੇ ਦਿਲਦਾਰ...
ਰੱਖੜੀ ਦੀ ਹਰ ਤਾਰ ਦੇ ਵਿੱਚੋਂ.....

ਰੱਖੜੀ ਦੇ ਵਿੱਚ ਰੱਬ ਦੀਆਂ ਰੱਖਾਂ, ਰੱਖੜੀ ਨੂੰ ਮੈਂ ਚੁੰਮ-2 ਰੱਖਾਂ..
ਥਾਲ ਸਜਾਵਾਂ ਨਾਲ ਮਿਠਾਈ, ਵਿੱਚ ਰੱਖਾਂ ਸ਼ਗਨਾਂ ਦਾ ਟਿੱਕਾ...
ਬੰਨ੍ਹਾਂ ਰੱਖੜੀ ਕਰਾਂ ਜੋਦੜੀ, ਵੱਸਦੇ ਰਹਿਣ ਪਰਿਵਾਰ..
ਰੱਖੜੀ ਦੀ ਹਰ ਤਾਰ ਦੇ ਵਿੱਚੋਂ.....

ਸੋਨਾ ਚਾਂਦੀ ਨਾ ਮੈਂ ਮੰਗਾਂ, ਨਾ ਮੰਗਾਂ ਮੈਂ ਮੋਤੀ ਹੀਰੇ,
ਮੈਂ ਤਾਂ ਮੰਗਾਂ ਖੈਰ ਵੀਰਾਂ ਦੀ, ਵਧਣ ਫੁੱਲਣ ਸਦਾ ਮੇਰੇ ਵੀਰੇ।
ਤੱਤੀ ਵਾ ਨਾ ਲੱਗੇ ਉਹਨਾਂ ਨੂੰ, ਮੈਂ ਦੇਵਾਂ ਜਿੰਦੜੀ ਵਾਰ..
ਰੱਖੜੀ ਦੀ ਹਰ ਤਾਰ ਦੇ ਵਿੱਚੋਂ.....

ਰੱਖੜੀ ਦੇ ਤਿਉਹਾਰ ਦੇ ਉੱਤੇ, ਦੂਰੋਂ ਚੱਲ-2 ਭੈਣਾ ਆਵਣ।
ਮਜਬੂਰੀ ਜੇ ਕੋਈ ਹੋਵੇ, ਜਿੱਥੇ ਹੋਵਣ ਸੁੱਖ ਮਨਾਵਣ।
ਮਨ ਦੇ ਵਿਚ ਸਦਾ ਰੱਖਣ ਉਮੀਦਾਂ, ਮਿਲਾਂਗੇ ਅਗਲੀ ਵਾਰ..
ਰੱਖੜੀ ਦੀ ਹਰ ਤਾਰ ਦੇ ਵਿੱਚੋਂ.....

ਬਾਬਲ ਤੇ ਅੰਮੜੀ ਦੇ ਜਾਇਉ, ਅਮਨ 'ਰਿਸ਼ੀ' ਨੂੰ ਭੁੱਲ ਨਾ ਜਾਈਉ
ਉਡੀਕ ਕਰਾਂਗੇ ਅਸੀਂ ਤੁਹਾਡੀ, ਛੇਤੀ-2 ਗੇੜਾ ਲਾਇਉ।
ਤੀਰ ਜੁਦਾਈ ਵਾਲੇ ਚੁੱਭਦੇ, ਕਰੀਉ ਗੱਲ 'ਤੇ ਇਤਬਾਰ
ਰੱਖੜੀ ਦੀ ਹਰ ਤਾਰ ਦੇ ਵਿੱਚੋਂ.....

00

ਮੈਨੂੰ ਹੈ ਮਾਣ ਤੇਰੇ 'ਤੇ

ਮੇਰੇ ਜਨਮ ਤੋਂ ਪਹਿਲਾਂ ਤੂੰ ਮੇਰੇ ਨਾਲ ਰਹਿੰਦਾ ਸੈਂ।
ਜਨਮ ਤੋਂ ਬਾਅਦ ਵੀ ਰੱਬਾ! ਤੂੰ ਮੇਰੇ ਨਾਲ ਰਹਿੰਦਾ ਏਂ।।
ਕੁੱਝ ਵੀ ਕਰਨ ਤੋਂ ਪਹਿਲਾਂ ਤੂੰ ਮੈਨੂੰ ਅਕਲ ਦਿੰਦਾ ਏਂ।
ਮੇਰੇ ਸੋਚਣ ਤੋਂ ਪਹਿਲਾਂ ਹੀ, ਕੱਢ ਤੂੰ ਹਲ ਦਿੰਦਾ ਏਂ।।
ਮੇਰੇ ਬੋਲਣ ਤੋਂ ਪਹਿਲਾਂ ਸੁਣ ਤੂੰ ਮੇਰੀ ਗੱਲ ਲੈਂਦਾ ਏਂ।
ਮੇਰੇ ਲਿਖਣ ਤੋਂ ਪਹਿਲਾਂ ਲਿਖਣ ਦਾ ਤੂੰ ਵਲ ਦਿੰਦਾ ਏਂ।।
ਮੇਰੇ ਮੰਗਣ ਤੋਂ ਪਹਿਲਾਂ ਝੋਲੀ ਮੇਰੀ ਭਰ ਤੂੰ ਦਿੰਦਾ ਏਂ।
ਮੇਹਨਤ ਜਦ ਵੀ ਕਰਦੀ ਆਂ ਉਹਦਾ ਤੂੰ ਫਲ ਵੀ ਦਿੰਦਾ ਏਂ।।
ਤੁਹੀਉਂ ਹੈਂ ਮੇਰਾ ਦਾਤਾ ਤੇ ਤੂੰਹੀਉਂ ਹੈਂ ਮੇਰਾ ਮਾਲਿਕ।
ਮੇਰੇ ਤੇ ਮੇਹਰ ਹੈ ਤੇਰੀ ਜੀਉਣ ਲਈ ਬਲ ਵੀ ਦਿੰਦਾ ਏਂ।।
ਮੈਨੂੰ ਤੂੰ ਖਾਣ ਲਈ ਦੇਵੇਂ ਮੈਨੂੰ ਤੂੰ ਪਾਉਣ ਲਈ ਦੇਵੇਂ।।
ਕੋਈ ਜਾਣੇ ਜਾਂ ਨਾ ਜਾਣੇ, ਮੇਰੀ ਤੂੰ ਸਾਰ ਲੈਂਦਾ ਏਂ।।
ਮੈਂ ਹਾਂ ਹੱਕਦਾਰ ਮਾਫੀ ਦੀ, ਜੇ ਗਲਤੀ ਭੁੱਲਕੇ ਹੋ ਜਾਵੇ।
ਇਨਸਾਂ ਹੈ ਪੁਤਲਾ ਗਲਤੀ ਦਾ ਤੇ ਤੂੰ ਬਖਸ਼ੰਦ ਰਹਿੰਦਾ ਏਂ।।
ਮੈਨੂੰ ਹੈ ਮਾਣ ਤੇਰੇ 'ਤੇ, ਮੈਨੂੰ ਹੈ ਤਾਣ ਤੇਰੇ 'ਤੇ।
'ਰਿਸ਼ੀ' ਪ੍ਰੀਵਾਰ ਹੈ ਤੇਰਾ ਤੇਰੇ ਭਾਣੇ 'ਚ ਰਹਿੰਦਾ ਏ।

00

ਆ ਸਜਣਾ! ਕਿਤੇ ਲਾਂਭੇ ਚਲੀਏ...

ਆ ਸਜਣਾ! ਕਿਤੇ ਲਾਂਭੇ ਚਲੀਏ, ਲੈਕੇ ਬੱਚਿਆਂ ਨੂੰ ਦੂਰ....
ਇਹ ਦੁਨੀਆਂ ਨਹੀਂ ਮਿੱਤ ਕਿਸੇ ਦੀ, ਆਦਤ ਤੋਂ ਮਜਬੂਰ...
ਜਿੱਥੇ ਕੇਵਲ ਅਪਣੇ ਹੋਵਣ, ਦੁੱਖ ਸੁੱਖ 'ਚ ਜੋ ਨਾਲ ਖਲੋਵਣ।
ਰਲ ਮਿਲ ਉੱਥੇ ਰਹੀਏ ਸਾਰੇ, ਜਿੰਦਗੀ 'ਚ ਲਿਆਈਏ ਸਰੂਰ....
ਆ ਸੱਜਣਾ! ਕਿਤੇ ਲਾਂਭੇ ਚੱਲੀਏ.....

ਇਸ ਦੁਨੀਆਂ ਤੋਂ ਵਾਕਿਫ਼ ਹੋ ਗਈ, ਇਹ ਹੈ ਬਿਜਲੀ ਦੀ ਤਾਰ।
ਕਰੰਟ ਮਾਰਦੀ ਦੂਰੋਂ ਇਹ ਤਾਂ, ਏਨੀ ਹੈ ਮਗਰੂਰ...
ਆ ਸੱਜਣਾ! ਕਿਤੇ ਲਾਂਭੇ ਚੱਲੀਏ.....

ਦੁਨੀਆਂ ਦੇ ਕਦੀ ਮਗਰ ਨਾ ਤੁਰੀਏ, ਅਪਣੇ ਰਾਹ ਆਪੇ ਹੀ ਚੁਣੀਏ
ਭੁੰਡਾਂ ਵਾਂਙੂ ਇਹ ਹੈ ਲੜਦੀ, ਏਹੀਉ ਏਹਦਾ ਦਸਤੂਰ...
ਆ ਸੱਜਣਾ! ਕਿਤੇ ਲਾਂਭੇ ਚੱਲੀਏ.....

ਦੁਨੀਆਂ ਦੇ ਨਾਲ ਦਿਲ ਨਾ ਲਾਈਏ। ਅਪਣਾ ਦਿਲ ਆਪੇ ਬਹਿਲਾਈਏ
ਦਿਲ ਦਾ ਦਰਦ ਵੀ ਸਹੀਏ ਆਪੇ, ਗੱਲ ਬੰਨੀਏ ਪੱਲੇ ਜ਼ਰੂਰ
ਆ ਸੱਜਣਾ! ਕਿਤੇ ਲਾਂਭੇ ਚੱਲੀਏ.....

ਦੁਨੀਆ ਦੇ ਮਾਲਿਕ ਦੀ ਸੁਣੀਏ, ਅਪਣਾ ਹਾਲ ਵੀ ਉਹਨੂੰ ਦੱਸੀਏ
ਉਹਦੇ ਨਾਂ ਦੀ ਜਪੀਏ ਮਾਲਾ 'ਰਿਸ਼ੀ' ਚੇਹਰੇ ਤੇ ਆਊ ਨੂਰ...
ਆ ਸੱਜਣਾ! ਕਿਤੇ ਲਾਂਭੇ ਚੱਲੀਏ.....

00

ਤੇਰੀ ਝਾਂਜਰ ਦਾ ਛਣਕਾਟਾ

ਤੇਰੀ ਝਾਂਜਰ ਦਾ ਛਣਕਾਟਾ ਮਨ ਨੂੰ ਮੋਹ ਲੈਂਦਾ
ਸੁਣਕੇ ਛਣਕਾਟਾ ਝਾਂਜਰ ਦਾ ਮੇਰਾ ਦਿਲ ਤੇਰਾ ਹੋ ਰਹਿੰਦਾ...

ਤੂੰ ਸੁਣ ਲੈ ਮੇਰੀ ਗੱਲ ਬੈਠ ਕੇ ਕੋਲ ਜ਼ਰਾ।
ਤੇਰੀ ਝਾਂਜਰ ਵਾਲੇ ਬੋਰ ਮਚਾਉਂਦੇ ਸ਼ੋਰ ਬੜਾ।।
ਮੇਰੇ ਗ਼ਮਾਂ ਦੇ ਮੰਜ਼ਰ ਨੂੰ ਇਹ ਸ਼ੋਰ ਸਮੋਂ ਲੈਂਦਾ
ਤੇਰੀ ਝਾਂਜਰ ਦਾ ਛਣਕਾਟਾ....
ਝਾਂਜਰ ਜਦ ਵੀ ਪੈਰਾਂ 'ਚ ਤੂੰ ਪਾਉਂਦੀ ਏ।
ਮੈਂ ਤੇਰੀ ਆ ਤੇਰੀ ਆਂ ਆਖ ਸੁਣਾਉਂਦੀ ਏ।।
ਤੇਰਾ ਆਖਾ ਚੰਨਾ (2) ਚੈਨ ਮੇਰੇ ਨੂੰ ਖੋਹ ਲੈਂਦਾ
ਤੇਰੀ ਝਾਂਜਰ ਦਾ ਛਣਕਾਟਾ....
ਤੇਰੇ ਕੋਮਲ-2 ਪੈਰਾਂ ਨੂੰ ਇਹ ਭਾਉਂਦੀ ਏ।
ਮੇਰੇ ਸੁੰਨੇ-2 ਵਿਹੜੇ ਨੂੰ ਸਜਾਉਂਦੀ ਏ।
ਮੇਰਾ ਵਿਹੜਾ-2 ਤੇਰੀ ਝਾਂਜਰ ਤੋਂ ਏ ਲੋ ਲੈਂਦਾ
ਤੇਰੀ ਝਾਂਜਰ ਦਾ ਛਣਕਾਟਾ....
ਛਣ ਛਣ ਕਰਦੀ ਜਦ ਵੀ ਝਾਂਜਰ ਤੇਰੀ ਨੀ।
ਜਾਨ ਨਿਕਲਦੀ ਓਸੇ ਵੇਲੇ ਮੇਰੀ ਨੀ।
ਮੇਰੀ ਜਾਨ ਕਮਲੀਏ! ਤੇਰਾ ਜੀਵਨ ਹੋ ਰਹਿੰਦਾ..
ਤੇਰੀ ਝਾਂਜਰ ਦਾ ਛਣਕਾਟਾ....
ਜਦੋਂ ਨੱਚੇ ਝਾਂਜਰ ਪਾਕੇ ਨਾਲ ਤੂੰ ਕੁੜੀਆਂ ਦੇ।
ਤੈਨੂੰ ਨੱਚਦੀ ਵੇਖਕੇ ਹੋਸ਼ ਨੇ ਉੱਡਦੇ ਮੁੰਡਿਆਂ ਦੇ।।
ਤੈਨੂੰ ਨੱਚਦੀ ਵੇਖ ਕੇ 'ਰਿਸ਼ੀ' ਪਸੀਨਾ ਚੋ ਪੈਂਦਾ
ਤੇਰੀ ਝਾਂਜਰ ਦਾ ਛਣਕਾਟਾ....

00

ਪੈਸੇ ਨਾਲ

ਪੈਸੇ ਨਾਲ ਘਰ ਦੀ ਇਮਾਰਤ ਬਣਾਈ ਜਾ ਸਕਦੀ ਹੈ ਪਰ ਘਰ ਸੰਸਾਰ ਨਹੀਂ।।
ਪੈਸੇ ਨਾਲ ਕਿਤਾਬ ਖਰੀਦੀ ਜਾ ਸਕਦੀ ਹੈ ਪਰ ਗਿਆਨ ਤੇ ਤਜਰਬਾ ਨਹੀਂ।।
ਪੈਸੇ ਨਾਲ ਜਾਇਦਾਦ ਖਰੀਦੀ ਜਾ ਸਕਦੀ ਹੈ ਪਰ ਬਜ਼ੁਰਗ ਨਹੀਂ।।
ਪੈਸੇ ਨਾਲ ਵਿਉਪਾਰ ਖਰੀਦਿਆ ਜਾ ਸਕਦੈ ਪਰ ਪਿਆਰ ਨਹੀਂ।।
ਪੈਸੇ ਨਾਲ ਸੰਸਾਰ ਖ੍ਰੀਦਿਆ ਜਾ ਸਕਦੈ ਪਰ ਪ੍ਰੀਵਾਰ ਨਹੀਂ।।
ਪੈਸੇ ਨਾਲ ਬਿਸਤਰ ਖਰੀਦਿਆ ਜਾ ਸਕਦੈ ਪਰ ਨੀਂਦ ਨਹੀਂ।।
ਪੈਸੇ ਨਾਲ ਨਸ਼ਾ ਖਰੀਦਿਆ ਜਾ ਸਕਦੈ ਪਰ ਜਵਾਨੀ ਨਹੀਂ।।
ਪੈਸੇ ਨਾਲ ਸ਼ੈਤਾਨ ਖਰੀਦਿਆ ਜਾ ਸਕਦੈ ਪਰ ਇਨਸਾਨ ਨਹੀਂ।।
ਪੈਸੇ ਨਾਲ ਪਦਾਰਥ ਖਰੀਦਿਆ ਜਾ ਸਕਦੈ ਪਰ ਪ੍ਰਮਾਰਥ ਨਹੀਂ।।
ਪੈਸੇ ਨਾਲ ਸ਼ੋਹਰਤ ਮਿਲ ਸਕਦੀ ਹੈ ਪਰ ਇੱਜ਼ਤ ਨਹੀਂ।।
ਪੈਸੇ ਨਾਲ ਤਸਵੀਰ ਮਿਲ ਸਕਦੀ ਹੈ ਪਰ ਤਕਦੀਰ ਨਹੀਂ।।
ਪੈਸੇ ਨਾਲ ਕਈ ਕੁੱਝ ਮਿਲ ਸਕਦੈ ਪਰ ਜਿੰਦਗੀ ਅਤੇ ਮੌਤ ਨਹੀਂ।।
ਪੈਸੇ ਨਾਲ ਸਰੀਰਕ ਸੁੱਖ ਮਿਲ ਸਕਦੈ ਪਰ ਰੁਹਾਨੀ ਸੁੱਖ ਨਹੀਂ।।
ਪੈਸੇ ਨਾਲ ਅਸ਼ਾਂਤੀ ਮਿਲਦੀ ਹੈ ਸ਼ਾਂਤੀ ਨਹੀਂ।।
'ਰਿਸ਼ੀ' ਪੈਸੇ ਨਾਲ ਗਰੁਦਵਾਰਿਆਂ ਅਤੇ ਹੋਰ ਧਾਰਮਿਕ ਅਤੇ ਰਾਜਨੀਤਕ ਅਹੁਦਿਆਂ
ਅਤੇ ਅਸਥਾਨਾਂ ਦੀ ਚੌਧਰ ਮਿਲ ਸਕਦੀ ਹੈ ਪਰ ਰੱਬ ਨਹੀਂ।।

00

ਮੇਰਾ ਲੱਗਦਾ ਨਹੀਂ ਏ ਦਿਲ ਸੱਜਣਾ!

ਇੱਕ ਵਾਰੀ ਆਕੇ ਮਿਲ ਸੱਜਣਾ, ਇੱਕ ਵਾਰੀ ਆਕੇ ਮਿਲ ਸੱਜਣਾ।
ਮੇਰਾ ਲੱਗਦਾ ਨਹੀਂ ਏ ਦਿਲ ਸੱਜਣਾ! ਮੇਰਾ ਲੱਗਦਾ ਨਹੀਂ ਏ ਦਿਲ ਸੱਜਣਾ।।

ਦਿਲ ਨੂੰ ਸਮਝਾਵਾਂ ਸਮਝੇ ਨਾ।
ਮਨ ਨੂੰ ਸਮਝਾਵਾਂ ਸਮਝੇ ਨਾ।।
ਆਜਾ ਸਮਝਾ ਜਾਹ ਦੋਹਾਂ ਨੂੰ ਹੋ ਜਾਵੇ ਰਾਤ ਹੀ ਦਿਨ ਸੱਜਣਾ।
ਇੱਕ ਵਾਰੀ ਆਕੇ ਮਿਲ ਸੱਜਣਾ।
ਮੈਂ ਕੇਹਨੂੰ ਦੱਸਾਂ ਸੁੱਖ ਅਪਣਾ।
ਮੈਂ ਕੇਹਨੂੰ ਦੱਸਾਂ ਦੁੱਖ ਆਪਣਾ।
ਮੇਰੇ ਨਾਲ ਦੁੱਖ-ਸੁੱਖ ਕਰ ਆਕੇ, ਮੇਰਾ ਕੱਟਦਾ ਨਹੀਂ ਪਲ ਛਿੰਨ ਸੱਜਣਾ
ਇੱਕ ਵਾਰੀ ਆਕੇ ਮਿਲ ਸੱਜਣਾ...
ਤੇਰੇ ਬਾਝੋਂ ਕੀਕਣ ਵਸਾਂ ਮੈਂ?
ਤੇਰੇ ਬਾਝੋਂ ਕੀਕਣ ਹੱਸਾਂ ਮੈਂ?
ਹੱਸਦੀ ਹਾਂ ਉਪਰੋਂ ਉਪਰੋਂ ਹੀ, ਅੰਦਰੋਂ ਤੇ ਗਈ ਹਾਂ ਹਿੱਲ ਸੱਜਣਾ...
ਇੱਕ ਵਾਰੀ ਆਕੇ ਮਿਲ ਸੱਜਣਾ...
ਮੈਂ ਅੰਦਰ ਵੜ-2 ਰੋਂਦੀ ਹਾਂ।
ਹੰਝੂਆਂ ਦੇ ਹਾਰ ਪਰੋਂਦੀ ਹਾਂ।
ਜਦੋਂ ਯਾਦ ਤੇਰੀ ਮੈਨੂੰ ਆਉਂਦੀ ਏ, ਸੀਨੇ 'ਚ ਚੁੱਭਦੇ ਕਿਲ ਸੱਜਣਾ।
ਇੱਕ ਵਾਰੀ ਆਕੇ ਮਿਲ ਸੱਜਣਾ...
ਕੀ ਹੋਇਆ ਜੇ ਸਮੁੰਦਰੋਂ ਪਾਰ ਏ ਤੂੰ।
ਕੀ ਹੋਇਆ ਜੇ ਮੀਲਾਂ ਦੂਰ ਏ ਤੂੰ!
ਜਾਹ ਜਾਕੇ ਟਿਕਟ ਬਣਾ ਛੇਤੀ 'ਰਿਸ਼ੀ' ਤਾਰ ਦਊਂਗੀ ਬਿੱਲ ਸੱਜਣਾ
ਇੱਕ ਵਾਰੀ ਆਕੇ ਮਿਲ ਸੱਜਣਾ .....

00

ਗ਼ਜ਼ਲ (ਜਦੋਂ ਵਾਰੀ ਆਈ)

ਜਦੋਂ ਵਾਰੀ ਆਈ ਆਏ ਸਾਂ, ਜਦੋਂ ਵਾਰੀ ਆਈ ਤੁਰ ਜਾਣੈ।
ਨਾ ਕਿਸੇ ਨੇ ਕਹਿਣਾ ਨਾ ਜਾਹ ਤੂੰ, ਤੇ ਨਾ ਹੀ ਕਿਸੇ ਨੇ ਮਗਰ ਆਉਣੈ।
ਇਹ ਦੁਨੀਆਂ ਰੰਗਲਾ ਮੇਲਾ ਏ, ਮੇਲੇ ਨੂੰ ਵੇਖਣ ਆਏ ਸਾਂ।
ਮੇਲੇ ਦੀ ਰੌਣਕ ਛੱਡ ਪਿੱਛੇ, ਅਗਲੇ ਮੇਲੇ ਨੂੰ ਤੁਰ ਜਾਣੈ।
ਦਿਨੇ ਰਾਤੀ ਭੱਜੇ ਫਿਰਦੇ ਆਂ, ਕੰਮ ਧੰਦੇ ਕਰਦੇ ਫਿਰਦੇ ਆਂ,
ਧੰਨ ਜੋੜ ਲਿਆ, ਧੰਨ ਖਰਚ ਲਿਆ, ਹੁਣ ਖਾਲੀ ਹੱਥੀਂ ਤੁਰ ਜਾਣੈ।
ਦਿਲ ਲਾਇਆ ਵੀ, ਬਹਿਲਾਇਆ ਵੀ, ਕਈ ਵਾਰੀ ਦਿਲ ਦਹਿਲਾਇਆ ਵੀ।
ਦਿਲ ਦੀ ਦਿਲ ਦੇ ਵਿੱਚ ਹੀ ਲੈਕੇ, ਨਾ ਚਾਹੁੰਦਿਆਂ ਵੀ ਹੁਣ ਤੁਰ ਜਾਣੈ।।
ਕਦੀ ਆਉਂਦੇ ਸਾਂ ਕਦੀ ਜਾਂਦੇ ਸਾਂ, ਕਦੀ ਜਾਂਦੇ ਸਾਂ ਕਦੀ ਆਉਂਦੇ ਸਾਂ
ਆਵਾਗਵਨ ਦਾ ਵੇਲਾ 'ਰਿਸ਼ੀ' ਮੁੱਕ ਗਿਆ, ਹੁਣ ਮੁੜਕੇ ਨਾ ਵਾਪਿਸ ਆਉਣੈ
ਹੁਣ ਮੁੜਕੇ ਨਾ ਵਾਪਿਸ ਆਉਣੈ...

00

ਜੇ

ਜੇ ਰਹਿਮਤ ਰੱਬ ਦੀ ਹੋਵੇ, ਬਿਗੜੇ ਕੰਮ ਬਣ ਵੀ ਸਕਦੇ ਨੇ।
ਜੇ ਸੱਚੇ ਦਿਲੋਂ ਦੁਆ ਨਿਕਲੇ ਤਾਂ ਖਤਰੇ ਟਲ ਵੀ ਸਕਦੇ ਨੇ।
ਜੇ ਕ੍ਰਿਪਾ ਹੋਵੇ ਦਾਤੇ ਦੀ ਤਾਂ ਗੂੰਗੇ ਬੋਲ ਸਕਦੇ ਨੇ।
ਜੇ ਮੌਲਾ ਦੀ ਮੇਹਰ ਹੋਵੇ ਤਾਂ ਪਿੰਗਲੇ ਚੱਲ ਵੀ ਸਕਦੇ ਨੇ।।
ਜੇ ਇਨਾਇਤ ਹੋਵੇ ਅਲਾ ਦੀ ਬੁਰੇ ਦਿਨ ਠੱਲ ਵੀ ਸਕਦੇ ਨੇ
ਜੇ ਰਜ਼ਾ ਹੋਵੇ ਉਹਦੀ ਤਾਂ, ਦੁਸ਼ਮਣ ਮਿੱਤ ਬਣ ਵੀ ਸਕਦੇ ਨੇ
ਜੇ ਨਦਰ ਕਰੇ ਮੇਰਾ ਸਾਈਂ, ਤਾਂ ਮੂਰਖ ਪੜ੍ਹ ਵੀ ਸਕਦੇ ਨੇ
ਜੇ ਮਜ਼ੂਰ ਹੋਵੇ ਮੇਰੇ ਮਾਲਿਕ ਨੂੰ, ਹਰੇ ਹੋਏ ਜਿੱਤ ਵੀ ਸਕਦੇ ਨੇ
ਧਾਮ ਕਈ ਪ੍ਰਮਾਤਮਾ ਦੇ ਨੇ, ਨਾਮ ਕਈ ਪ੍ਰਮਾਤਮਾ ਦੇ ਨੇ
ਜਪਕੇ ਬਸ ਨਾਮ ਇੱਕੋ ਦਾ, ਡੁੱਬਦੇ 'ਰਿਸ਼ੀ' ਤਰ ਵੀ ਸਕਦੇ ਨੇ।।

00

ਆਪਣੀ ਪਿਆਰੀ ਪੋਤਰੀ ਇਲਾਇਆ ਕੌਰ ਦੇ ਨਾਂ

ਤੇਰੀ ਚੁੱਪੀ ਦੇ 'ਚ ਬੋਲ ਕੁੜੇ
ਤੇਰੀ ਚੁੱਪੀ ਦੇ 'ਚ ਬੋਲ ਕੁੜੇ, ਤੇਰੇ ਬੋਲ ਬੜੇ ਹੀ ਸੋਹਲ ਕੁੜੇ।
ਤੂੰ ਸਾਰੇ ਜੱਗ ਤੋਂ ਨਿਆਰੀ ਏਂ, ਤੂੰ ਏਂ ਗੋਲ ਮਟੋਲ ਕੁੜੇ।।
ਤੇਰੀ ਚੁੱਪੀ ਦੇ 'ਚ ਬੋਲ ਕੁੜੇ...
ਮੇਰੀ ਰਗ਼ ਰਗ਼ ਵਿਚ ਤੂੰ ਵੱਸਦੀ ਏਂ, ਮੇਰੇ ਹਰ ਸਾਹ 'ਚ ਤੂੰ ਵਸਦੀ ਏਂ।
ਤੂੰ ਮੇਰੇ ਦਿਲ 'ਚ ਵਸਦੀ ਰਹੁ, ਤੂੰ ਮੇਰੇ ਲਈ ਅਨਮੋਲ ਕੁੜੇ।।
ਤੇਰੀ ਚੁੱਪੀ ਦੇ 'ਚ ਬੋਲ ਕੁੜੇ....
ਮੇਰੇ ਪਿਆਰ ਦੀ ਭਾਸ਼ਾ ਜਾਣੇ ਤੂੰ, ਮੇਰੇ ਪਿਆਰ ਨੂੰ ਵੀ ਪਹਿਚਾਣੇ ਤੂੰ।
ਤੇਰੀਆਂ ਅੱਖਾਂ ਦੀ ਚਮਕ ਦੱਸੇ, ਮੈਂ ਤੇਰੇ ਲਈ ਅਨਮੋਲ ਕੁੜੇ।।
ਤੇਰੀ ਚੁੱਪੀ ਦੇ 'ਚ ਬੋਲ ਕੁੜੇ....
ਤੈਨੂੰ ਜਾਨ ਤੋਂ ਵੱਧ ਪਿਆਰ ਕਰਾਂ, ਪਰ ਪਿਆਰ ਦਾ ਨਾ ਇਜ਼ਹਾਰ ਕਰਾਂ।
ਤੇਰੇ ਤੋਂ ਜਿੰਦਗੀ ਵਾਰ ਦਿਆਂ, ਤੂੰ ਮੇਰੇ ਲਈ ਅਨਮੋਲ ਕੁੜੇ।।
ਤੇਰੀ ਝਾਂਜਰ ਦਾ ਛਣਕਾਟਾ....
ਤੈਨੂੰ ਨਜਰ ਨਾ ਲੱਗੇ ਦੁਨੀਆਂ ਦੀ, ਤੈਨੂੰ ਨਜ਼ਰ ਤੋਂ ਬਚਾਣਾ ਮੈਂ
ਤੈਨੂੰ ਰੱਖਾਂ 'ਰਿਸ਼ੀ' ਮੈਂ ਬੁੱਕਲ ਵਿੱਚ, ਤੂੰ ਮੇਰੇ ਲਈ ਅਨਮੋਲ ਕੁੜੇ
ਤੇਰੀ ਚੁੱਪੀ ਦੇ 'ਚ ਬੋਲ ਕੁੜੇ।
ਤੇਰੇ ਬੋਲ ਬੜੇ ਹੀ ਸੋਹਲ ਕੁੜੇ।।

00

ਹਰ ਸਾਹ 'ਤੇ ਬਾਬਲ ਅਤੇ ਮਾਂ ਲਿਖਿਐ

ਮੇਰੀ ਬਾਂਹ 'ਤੇ ਤੇਰਾ ਨਾਂ ਲਿਖਿਐ, ਹਰ ਸਾਹ ਤੇ ਬਾਬਲ ਅਤੇ ਮਾਂ ਲਿਖਿਐ।
ਮੇਰੇ ਦਿਲ ਦੇ ਹਰ ਇੱਕ ਖਾਨੇ 'ਚ, ਮੇਰੇ ਬੱਚਿਆਂ ਦਾ ਨਾਂ ਲਿਖਿਐ।।
ਹਰ ਭਾਸ਼ਾ ਵਿੱਚ ਜੁਬਾ ਲਿਖਿਐ।
ਹਰ ਭਾਸ਼ਾ ਵਿਚ ਜ਼ੁਬਾਂ ਲਿਖਿਐ।
ਮੇਰੀ ਬਾਂਹ 'ਤੇ ਤੇਰਾ ਨਾਂ ਲਿਖਿਐ, ਹਰ ਸਾਹ 'ਤੇ ਬਾਬਲ ਅਤੇ ਮਾਂ ਲਿਖਿਐ
ਮਾਪਿਆਂ ਦਾ ਪਿਆਰ ਵੱਡਮੁੱਲਾ ਹੈ, ਅਮੁੱਲਾ ਹੈ ਭੈਣ ਭਰਾਵਾਂ ਦਾ।
ਪਤੀ-ਪਤਨੀ ਨਾਲੇ ਬੱਚਿਆਂ ਦਾ ਪਿਆਰ ਵੀ ਆਪਣੀ ਥਾਂਹ ਟਿਕਿਐ
ਮੇਰੀ ਬਾਂਹ 'ਤੇ ਤੇਰਾ ਨਾਂ ਲਿਖਿਐ...
ਪੋਤੀ ਪੋਤੀਆਂ ਦਾ ਪਿਆਰ ਅਨੋਖਾ ਏ, ਪਲ-ਪਲ ਹੁੰਦਾ ਇਹ ਚੋਖਾ ਏ।
ਸਖੀਆਂ ਤੇ ਰਿਸ਼ਤੇਦਾਰਾਂ ਦਾ ਪਿਆਰ ਵੀ ਵਾਹ-ਵਾਹ ਆ ਜੁੜਿਐ।।
ਮੇਰੀ ਬਾਂਹ 'ਤੇ ਤੇਰਾ ਨਾ ਲਿਖਿਐ....
ਕਹਿੰਦੇ 'ਪਿਆਰ ਦੀ ਕੋਈ ਭਾਸ਼ਾ ਨਹੀਂ, ਜਿੱਥੇ ਪਿਆਰ ਹੈ ਉੱਥੇ ਨਿਰਾਸ਼ਾ ਨਹੀਂ।''
ਪਰ ਪਿਆਰ ਕਹਿੰਦੈ ਹੁੰਦੈ ਅੰਨ੍ਹਾ, ਹਰ ਇੱਕ ਦੇ ਮੂੰਹੋਂ ਆਹ ਸੁਣਿਐ।।
ਮੇਰੀ ਬਾਂਹ 'ਤੇ ਤੇਰਾ ਨਾਂ ਲਿਖਿਆ....
ਪਿਆਰ ਬਿਨਾਂ ਬੇਕਾਰ ਹੈ ਸਭ, ਪਿਆਰ ਬਿਨਾਂ ਕੁੱਝ ਮੁਮਕਿਨ ਨਹੀਂ।
ਪਿਆਰ ਤਾਂ ਮੁੱਢਲੀ ਲੋੜ ਹੁੰਦੀ, ਦੁਨੀਆਂ ਦੇ ਵਿਚ ਮੈਂ ਆ ਸਿੱਖਿਐ।।
ਮੇਰੀ ਬਾਂਹ 'ਤੇ ਤੇਰਾ ਨਾਂ ਲਿਖਿਆ....
ਪਿਆਰ ਕੋਈ ਦਿਖਲਾਵਾ ਨਹੀਂ, ਇੱਕ ਪਿਆਰਾ ਜੇਹਾ ਅਹਿਸਾਸ ਹੈ ਇਹ।
ਅਹਿਸਾਸ ਤਾਂ ਹਰ ਇੱਕ ਪਾਸ ਹੁੰਦੈ ਪਰ ਬਹੁਤਿਆਂ ਇਹ ਲੁਕਾ ਰਖਿਐ।।
ਮੇਰੀ ਬਾਂਹ 'ਤੇ ਤੇਰਾ ਨਾਂ ਲਿਖਿਐ...
ਪਿਆਰ ਕਰੋ ਤੇ ਪਿਆਰ ਵੰਡੋ, ਪਿਆਰ ਦਵੋ ਤੇ ਪਿਆਰ ਲਵੋ।
ਪ੍ਰਗਟਾਵਾ ਅਤਿ ਜਰੂਰੀ ਏ, ਵਿੱਚ ਕਿਤਾਬਾਂ ਜਾ ਪੜਿਐ।।
ਮੇਰੀ ਬਾਂਹ 'ਤੇ ਤੇਰਾ ਨਾਂ ਲਿਖਿਐ....
ਜਿੱਥੇ ਪਿਆਰ ਦੀ ਵਰਖਾ ਹੁੰਦੀ ਏ, ਓਥੇ ਸਾਰੇ ਰਿਸ਼ਤੇ ਨਿੱਭ ਜਾਂਦੇ।
ਜਿੰਦਗੀ ਵੀ ਸੋਖੀ ਲੰਘ ਜਾਂਦੀ, ਪਿਆਰ ਦੇ ਵਿੱਚ ਹੀ ਸੁੱਖ ਛਿਪਿਐ।।
ਮੇਰੀ ਬਾਂਹ 'ਤੇ ਤੇਰਾ ਨਾਂ ਲਿਖਿਆ...

ਪਿਆਰ ਨਾਲ ਮਿਲਦੀਆਂ ਨੇ ਖੁਸ਼ੀਆਂ, ਪਿਆਰ ਨਾਲ ਬਰਕਤ ਪੈਂਦੀ ਏ,
ਪਿਆਰ ਹੈ ਮਸਲਾ ਬਸ ਦਿਲ ਦਾ, ਪਿਆਰ ਦਿਲ ਤੋਂ ਹੀ ਉਮੜਿਐ।
ਜਿੱਥੇ ਪਿਆਰ ਓਥੇ ਰੱਬ ਦਾ ਵਾਸਾ, ਜਿੱਥੇ ਪਿਆਰ ਓਥੇ ਹਾਸਾ-ਹਾਸਾ।
ਗ਼ਮ ਦੂਰ ਕਿਤੇ ਨੇ ਉੱਡ ਜਾਂਦੇ ਅੱਖੀਆਂ ਨਾਲ 'ਰਿਸ਼ੀ' ਏਹੀ ਤਕਿਆ।

00

ਵੇ ਮਾਹੀਆ! ਤੈਨੂੰ ਵੇਖਣ ਲਈ

ਤਰਜ਼: ਚੁੱਕ ਚਰਖਾ ਗਲੀ ਦੇ 'ਚ ਡਾਹਵਾਂ ਵੇ ਮਾਹੀਆ ਤੈਨੂੰ ਵੇਖਣ ਲਈ

ਇੰਟਰਨੈੱਟ ਦਾ ਕਨੈਕਸ਼ਨ ਲਾਵਾਂ ਵੇ ਮਾਹੀਆ! ਤੈਨੂੰ ਵੇਖਣ ਲਈ।

ਤੇਰੀ ਪ੍ਰੋਫਾਈਲ 'ਤੇ ਜਾਵਾਂ ਵੇ ਚੰਨਾਂ! ਤੈਨੂੰ ਵੇਖਣ ਲਈ।।

ਪੁੱਛਣ ਗਵਾਂਢਣਾ ਬਈ, ''ਕਿੱਥੇ ਲੁਕੀ ਰਹਿੰਦੀ ਏ?''

ਪੁੱਛਣ ਸਹੇਲੀਆਂ ਵੀ,''ਕਿੱਥੇ ਛੁਪੀ ਰਹਿੰਦੀ ਏ?''

ਮੈਂ ਤਾਂ ਸੋ ਸੋ ਬਹਾਨੇ ਬਣਾਵਾਂ, ਵੇ ਮਾਹੀਆ! ਤੈਨੂੰ ਵੇਖਣ ਲਈ-

ਇੰਟਰਨੈੱਟ ਦਾ ਕੁਨੈਕਸ਼ਨ ਲਾਵਾਂ.....

ਫੇਸ ਬੁੱਕ 'ਤੇ ਜਾਕੇ ਚੈਟਿੰਗ ਕਰਾਂ ਮੈਂ।

ਲਿਖੇ ਤੂੰ ਸਵਾਲ ਤੇ ਜਵਾਬ ਲਿੱਖ ਧਰਾ ਮੈਂ।।

ਮੈਂ ਤਾਂ ਫੇਸ-ਟਾਇਮ 'ਤੇ ਜਾਵਾਂ, ਵੇ ਮਾਹੀਆ! ਤੈਨੂੰ ਵੇਖਣ ਲਈ-

ਇੰਟਰਨੈੱਟ ਦਾ ਕਨੈਕਸ਼ਨ ਲਾਵਾਂ....

ਦਿਸ ਪੈਣ ਸੂਰਤਾਂ ਇੱਕ ਦੂਸਰੇ ਨੂੰ ਸਾਡੀਆਂ।

ਘਟ ਜਾਣ ਦੂਰੀਆਂ ਵੇ ਪਲਾਂ 'ਚ ਸਾਡੀਆਂ।

ਮੈਂ ਤਾਂ ਘੜੀ ਮੁੜੀ ਨੈੱਟ 'ਤੇ ਜਾਵਾਂ ਵੇ ਮਾਹੀਆ! ਤੈਨੂੰ ਵੇਖਣ ਲਈ

ਇੰਟਰਨੈੱਟ ਦਾ ਕਨੈਕਸ਼ਨ ਲਾਵਾਂ.....

ਦਿਲ ਮੇਰਾ ਕਰੇ ਮੈਂ ਤਾਂ ਸਾਰਾ ਦਿਨੁ ਬਹਿ ਰਵਾਂ।

ਦੂਰ ਬੈਠੀ-2 ਤੈਨੂੰ ਸਾਰਾ ਕੁੱਝ ਕਹਿ ਦਵਾਂ।।

ਮੈਂ ਤਾਂ ਮਾਰਕੇ ਉਡਾਰੀ ਆ ਜਾਵਾਂ ਵੇ ਮਾਹੀਆ! ਤੈਨੂੰ ਵੇਖਣ ਲਈ

ਇੰਟਰਨੈੱਟ ਦਾ ਕਨੈਕਸ਼ਨ ਲਾਵਾਂ.....

ਲੱਭਿਐ ਤਰੀਕਾ 'ਰਿਸ਼ੀ' ਤੇਰੇ ਕੋਲ ਆਉਣ ਦਾ।

ਵਧੀਐ ਤਰੀਕਾ ਇਹ ਤਾਂ ਦੂਰੋਂ ਮੇਲ ਜੋਲ ਦਾ।

ਦਿਲ ਅਪਣਾ ਨਾ ਹੁਣ ਤਰਸਾਵਾਂ ਵੇ ਮਾਹੀਆ! ਤੈਨੂੰ ਵੇਖਣ ਲਈ

ਇੰਟਰਨੈੱਟ ਦਾ ਕਨੈਕਸ਼ਨ ਲਾਵਾਂ....

ਮਰਦ

ਕੇਵਲ ਔਰਤ ਹੀ ਨਹੀਂ ਮਹਾਨ ਜੱਗ 'ਤੇ,
ਮਰਦ ਹੁੰਦੇ ਨੇ ਬੜੇ ਮਹਾਨ ਲੋਕੋ।
ਗ਼ਲਤ ਫਹਿਮੀ ਦੇ 'ਚ ਨਾ ਰਹੀ ਜਾਵੋ,
ਸਾਰੇ ਮਰਦ ਨਹੀਂ ਹੁੰਦੇ ਸ਼ੈਤਾਨ ਲੋਕੋ।
ਮਰਦ ਦੇ ਅੱਖਰੀ ਅਰਥ ਮੈਂ ਜਦੋਂ ਕੀਤੇ,
ਮਰਦ ਹੋਰ ਵੀ ਮੈਨੂੰ ਮਹਾਨ ਲੱਗੇ।
ਮ=ਮਹਾਨ, ਰ=ਰਹਿਮ-ਦਿਲ, ਦ=ਦਰਦੀ,
ਸੱਦੇ ਦਿਲੋਂ ਰੱਖਣ ਔਰਤ ਨਾਲ ਹਮਦਰਦੀ।
ਮਰਦ ਦੇ ਅਸਲੀ ਦੀਦਾਰ ਮੈਂ ਜਦੋਂ ਕੀਤੇ,
ਮਰਦ ਔਰਤ ਦੇ ਕਦਰਦਾਨ ਲੱਗੇ।
ਮਰਦਾਂ ਦੀ ਇਕੋ ਹੀ ਗੱਲ 'ਰਿਸ਼ੀ' ਲੱਗੀ ਮਾੜੀ,
ਦਾਰੂ ਪੀਂਦੇ ਨੇ ਜੇਹੜੇ ਨਾਦਾਨ ਲੱਗੇ।
ਦਾਰੂ ਪੀਕੇ ਕਰਨ ਖਰਾਬੀਆਂ ਜੋ,
ਇਨਸਾਨੀ ਭੇਸ 'ਚ ਮੈਨੂੰ ਬੇਈਮਾਨ ਲੱਗੇ।।

00

ਇਹ ਝੂਠ ਨਹੀਂ ਇਹ ਸੱਚਾਈ ਹੈ

ਔਰਤ ਦੀਆਂ ਸਿਫਤਾਂ ਕਰਦੀ ਰਹੀ, ਅੱਜ ਮਰਦਾਂ ਦੀ ਵਾਰੀ ਆਈ ਹੈ।
ਮਰਦਾਂ ਨੂੰ ਸਰਾਹਵਾਂ ਦਿਲ ਤੋਂ ਮੈਂ, ਇਹ ਝੂਠ ਨਹੀਂ ਇਹ ਸੱਚਾਈ ਹੈ।
ਔਰਤ ਮਰਦ ਦਾ ਸਾਥ ਜ਼ਰੂਰੀ ਏ।
ਕਰਨੀ ਦੋਹਾਂ ਦੀ ਬਾਤ ਜ਼ਰੂਰੀ ਏ।।
ਮਰਦ ਨਾਲ ਸੋਂਹਦੀ ਹੈ ਔਰਤ, ਇਹ ਝੂਠ ਨਹੀਂ ਇਹ ਸੱਚਾਈ ਹੈ...
ਔਰਤ ਦੀਆਂ ਸਿਫਤਾਂ ਕਰਦੀ ਰਹੀ...
ਸਾਡੇ ਗੁਰੂ ਤੇ ਪੀਰ ਵੀ ਮਰਦ ਹੀ ਸੀ।
ਔਰਤ ਦੇ ਸੱਚੇ ਹਮਦਰਦ ਵੀ ਸੀ।
ਉਹਨਾਂ ਦੱਸਿਆ ਉੱਚਾ ਔਰਤ ਨੂੰ, ਇਹ ਝੂਠ ਨਹੀਂ ਇਹ ਸੱਚਾਈ ਹੈ।
ਔਰਤ ਦੀਆਂ ਸਿਫਤਾਂ ਕਰਦੀ ਰਹੀ.....
ਪਿਤਾ, ਪੁੱਤਰ ਤੇ ਪਤੀ ਨੇ ਮਰਦ ਹੁੰਦੇ।
ਭਰਾ-ਭਤੀਜੇ ਤੇ ਪੋਤਰੇ ਨੇ ਮਰਦ ਹੁੰਦੇ।
ਮਰਦਾਂ ਨਾਲ ਬਣਦੇ ਨੇ ਸਭ ਰਿਸ਼ਤੇ, ਇਹ ਝੂਠ ਨਹੀਂ ਇਹ ਸੱਚਾਈ ਹੈ।
ਔਰਤ ਦੀਆਂ ਸਿਫਤਾਂ ਕਰਦੀ ਰਹੀ.....
ਚੱਕਦੇ ਨੇ ਭਾਰ ਉਹ ਟੱਬਰ ਦਾ
ਰੱਖਦੇ ਨੇ ਖਿਆਲ ਉਹ ਟੱਬਰ ਦਾ
ਟੱਬਰ ਨੂੰ ਕਰਨ ਪਿਆਰ ਬੜਾ, ਇਹ ਝੂਠ ਨਹੀਂ ਇਹ ਸੱਚਾਈ ਹੈ...
ਔਰਤ ਦੀਆਂ ਸਿਫਤਾਂ ਕਰਦੀ ਰਹੀ.....
ਮੰਜਿਲ ਵੱਲ ਵਧਦੇ ਰਹਿੰਦੇ ਨੇ।
ਮੰਜਿਲ ਸਰ ਕਰਦੇ ਰਹਿੰਦੇ ਨੇ।
ਮੇਹਨਤ ਦਾ ਪੱਲਾ ਫੜਨ ਸਦਾ, ਇਹ ਝੂਠ ਨਹੀਂ ਸ਼ਇਹ ਸਚਾਈ ਹੈ।
ਔਰਤ ਦੀਆਂ ਸਿਫਤਾਂ ਕਰਦੀ ਰਹੀ.....
ਮਰਦਾਂ ਦੇ ਦਿਲ ਦੇ ਵੀ ਦਰਦ ਹੁੰਦੈ,
ਮਰਦਾਂਦੇ ਦਿਲ ਦੇ ਵੀ ਰਹਿਮ ਹੁੰਦੇ।
ਹੁੰਦੇ ਨੇ ਮਹਾਨ 'ਰਿਸ਼ੀ' ਮਰਦ ਬੜੇ ਇਹ ਝੂਠ ਨਹੀਂ ਇਹ ਸਚਾਈ ਹੈ।
ਔਰਤ ਦੀਆਂ ਸਿਫਤਾਂ ਕਰਦੀ ਰਹੀ.....

ਔਰਤ ਦੀ ਇਜ਼ਤ ਕਰਦੇ ਨੇ।
ਔਰਤ ਲਈ ਲੜ-2 ਮਰਦੇ ਨੇ।।
ਸਾਰੇ ਮਰਦ ਨਹੀਂ ਹੁੰਦੇ ਮਾੜੇ, ਇਹ ਝੂਠ ਨਹੀਂ ਇਹ ਸਚਾਈ ਹੈ

00

ਅੰਬਰਾਂ ਦੇ ਵਿਚ ਮੈਂ ਉਡੀ ਜਾ ਰਹੀ ਹਾਂ

ਅੰਬਰਾਂ ਦੇ 'ਚ ਮੈਂ ਉੱਡੀ ਜਾ ਰਹੀ ਹਾਂ, ਅੰਬਰਾਂ ਦੇ 'ਚ ਮੈਂ ਉੱਡੀ ਜਾ ਰਹੀ ਹਾਂ।
ਹੋਰ ਤਾਂ ਮੈਨੂੰ ਕੰਮ ਹੈ ਨਹੀਂ ਕੋਈ, ਲਿਖਣ ਦਾ ਕੰਮ ਮੈਂ ਕਰੀ ਜਾ ਰਹੀ ਹਾਂ।

ਹਵਾਈ ਜਹਾਜ਼ 'ਚ ਬੈਠੀ ਇਕੱਲੀ।
ਪੇਕੇ ਮੈਂ ਚੱਲੀ, ਸੋਹਰੇ ਮੈਂ ਚੱਲੀ।।
ਨਾਲ ਨਹੀਂ ਹੈ ਕੋਈ ਵੀ ਮੇਰੇ, ਆਪੇ ਹੀ ਗੱਲਾਂ ਕਰੀ ਜਾ ਰਹੀ ਹਾਂ।
ਅੰਬਰਾਂ ਦੇ 'ਚ ਮੈਂ ਉਡੀ ਜਾ ਰਹੀ ਹਾਂ....
ਪਹੁੰਚੀ ਹੋਈ ਹਾਂ ਰੱਬ ਦੇ ਮੈਂ ਨੇੜੇ।
ਦਿਸਦਾ ਹੈ ਓਹੀਉ ਮੈਨੂੰ ਚਾਰ ਚੁਫੇਰੇ।।
ਲੱਗਦਾ ਨਹੀਂ ਮੈਂ ਡਰ ਅੱਜ ਰਤਾ ਵੀ, ਉਹਦੇ ਸਹਾਰੇ ਚੱਲੀ ਜਾ ਰਹੀ ਹਾਂ
ਅੰਬਰਾਂ ਦੇ 'ਚ ਮੈਂ ਉਡੀ ਜਾ ਰਹੀ ਹਾਂ....
ਲੰਡਨ ਤੋਂ ਹੋਕੇ ਇੰਡੀਆ ਮੈ ਜਾਣਾ।
ਆਪਣੇ ਵਤਨ ਨੂੰ ਜਾ ਸੀਸ ਨਿਵਾਉਣਾ।
ਚੱਲੀ ਹਾਂ ਜਰਸੀ ਮੈਂ ਬੱਚਿਆਂ ਨੂੰ ਛੱਡਕੇ, ਹਾਲੇ ਵੀ ਹਉਕੇ ਭਰੀ ਜਾ ਰਹੀ ਹਾਂ।
ਅੰਬਰਾਂ ਦੇ 'ਚ ਮੈਂ ਉਡੀ ਜਾ ਰਹੀ ਹਾਂ....
ਕਿਦਾਂ ਮਿਲਣਗੇ ਆਪਣੇ ਮੈਨੂੰ ਸਾਰੇ,
ਸੋਚਾਂ ਦੇ ਵਿਚ ਨੇ ਉਹ ਸਾਰੇ ਨਜ਼ਾਰੇ।
ਰਾਜੀ ਖੁਸ਼ੀ ਪਹੁੰਚ ਜਾਵਾਂ ਵਿਆਹ 'ਤੇ ਏਹੀਉ ਦੁਆਵਾਂ ਕਰੀ ਜਾ ਰਹੀ ਹਾਂ
ਅੰਬਰਾਂ ਦੇ 'ਚ ਮੈਂ ਉੱਡੀ ਜਾ ਰਹੀ ਹਾਂ....
ਖੁਸ਼ੀਆਂ ਨਾਲ ਸਾਰੇ ਸਮਾਗਮ ਨੇ ਹੋਏ।
ਸਬੰਧੀਆਂ ਨਾਲ ਸਾਰੇ ਸਮਾਗਮ ਨੇ ਹੋਣੇ।
'ਰਿਸ਼ੀ' ਕਿੰਨਾ ਵਕਤ ਆਪਾਂ ਰਹਿਣਾ ਹੈ ਇਕੱਠਿਆਂ ਘੜੀਆਂ ਦੀ ਗਿਣਤੀ ਕਰੀ ਜਾ ਰਹੀ ਹਾਂ।
ਅੰਬਰਾਂ ਦੇ 'ਚ ਮੈਂ ਉਡੀ ਜਾ ਰਹੀ ਹਾਂ....

00

ਧੀ ਮਾਰ ਮੁਕਾਈ ਲੋਕਾਂ

ਮੈਂ ਸਾਂ ਖਾਨ ਹੀਰਿਆਂ ਦੀ ਮੇਰੀ ਕਦਰ ਨਾ ਪਾਈ ਲੋਕਾਂ।
ਮੈਂ ਸਾਂ ਸ਼ਾਨ ਵੀਰਿਆਂ ਦੀ ਮਿੱਟੀ 'ਚ ਮਿਲਾਈ ਲੋਕਾਂ।।
ਮੈਂ ਹੱਸਦੀ ਰਹਿੰਦੀ ਸਾਂ, ਰੱਜ-ਰੱਜ ਰੁਆਈ ਲੋਕਾਂ।
ਹਉਕੇ ਭਰਦੀ ਰਹਿੰਦੀ ਸਾਂ, ਨਾ ਚੁੱਪ ਕਰਾਈ ਲੋਕਾਂ।।
ਬੇਕਸੂਰ ਨੂੰ ਬਾਹਰ ਕੀਤਾ ਨਾ ਦਿੱਤੀ ਦੁਹਾਈ ਲੋਕਾਂ।
ਮੈਂ ਸ਼ੋਰ ਮਚਾਉਂਦੀ ਰਹੀ, ਨਾ ਕੀਤੀ ਸੁਣਵਾਈ ਲੋਕਾਂ।।
ਮੈਂ ਰਪਟ ਵੀ ਕੀਤੀ ਸੀ, ਕੰਨੀ ਖਿਸਕਾਈ ਲੋਕਾਂ।
ਮੈਂ ਕੀਤੀਆਂ ਮਿੰਨਤਾਂ ਸੀ ਨਾ ਸਜ਼ਾ ਦੁਆਈ ਲੋਕਾਂ।।
ਕਿਉਂ ਧੀਆਂ ਹਿੱਸੇ ਹੀ ਇਹ ਬੇਕਦਰੀ ਹੈ ਆਈ?
'ਰਿਸ਼ੀ' ਕਾਰਨ ਲੱਭਦੀ ਰਹੀ ਧੀ ਮਾਰ ਮੁਕਾਈ ਲੋਕਾਂ।।

00

ਘੜੀ ਦਾ ਵਿਸਾਹ ਕੋਈ ਨਾ

ਗੱਲ ਗੱਲ 'ਤੇ ਅੜੀ ਜਾਹ ਵੇ ਬੰਦਿਆ, ਘੜੀ ਦਾ ਵਿਸਾਹ ਕੋਈ ਨਾ
ਗੱਲ-2 ਤੇ ਨਾ ਲੜੀ ਜਾਹ ਵੇ ਬੰਦਿਆ, ਪਲ ਦਾ ਵਿਸਾਹ ਕੋਈ ਨਾ।।
ਚਾਰੇ ਖੁਰ ਚੱਕਕੇ ਤੂੰ ਲੜਨ ਨੂੰ ਪੈਂਦਾਂ ਏਂ।
ਘੋੜੇ 'ਤੇ ਸਵਾਰ ਹਰ ਵਕਤ ਨੂੰ ਰਹਿੰਦਾ ਏਂ।।
ਗੁੱਸਾ ਥੁੱਕ ਦੇ ਤੇ ਕਰ ਲੈ ਪਿਆਰ ਵੇ, ਘੜੀ ਦਾ ਵਿਸਾਹ ਕੋਈ ਨਾ।
ਗੱਲ-2 ਤੇ ਨਾ ਅੜੀ ਜਾਹ ਵੇ ਬੰਦਿਆ
ਦੌੜਦਾਂ ਤੂੰ ਫਿਰੇ ਜਿਵੇਂ ਅੱਗ ਕਿਤੇ ਲੱਗੀ ਏ।
ਭੱਜਦਾ ਤੂੰ ਫਿਰੇ ਜਿਵੇਂ ਜੰਗ ਕਿਤੇ ਲੱਗੀ ਏ।।
ਸ਼ਾਂਤ ਮਨ ਨਾਲ ਕੰਮ ਸਾਰੇ ਕਰ ਵੇ, ਘੜੀ ਦਾ ਵਿਸਾਹ ਕੋਈ ਨਾ...
ਗੱਲ-2 'ਤੇ ਨਾ ਅੜੀ ਜਾਹ ਵੇ ਬੰਦਿਆ....
ਮੁੱਕ ਜਾਣੇ ਸਾਹ ਕਦੋਂ ਪਤਾ ਵੀ ਨਹੀਂ ਲੱਗਣਾ।
ਕਿਹੜੇ ਵੇਲੇ ਮੌਤ ਆਣ ਜਿੰਦਗੀ ਨੂੰ ਠੱਗਣਾ।।
ਨਾ ਕਰ ਠੱਗੀਆਂ ਤੇ ਨਾ ਕਰ ਚੋਰੀਆਂ ਵੇ ਘੜੀ ਦਾ ਵਿਸਾਹ ਕੋਈ ਨਾ।
ਗੱਲ-2 'ਤੇ ਨਾ ਅੜੀ ਜਾਹ ਵੇ ਬੰਦਿਆ....
ਛੱਡ ਜਾਣੈ ਚੋਲਾ ਤੂੰ ਵੀ ਬਾਕੀਆਂ ਦੇ ਵਾਂਗ ਵੇ।
ਬਲ ਜਾਣੇ ਹੱਡ ਤੇਰੇ ਲੱਕੜੀਆਂ ਵਾਂਗ ਵੇ।।
ਖਾਕ ਸੰਗ ਕਦੋਂ ਰਲ ਜਾਣਾ ਵੇ ਘੜੀ ਦਾ ਵਿਸਾਹ ਕੋਈ ਨਾ.....
ਗੱਲ-2 'ਤੇ ਨਾ ਅੜੀ ਜਾਹ ਵੇ ਬੰਦਿਆ....
ਰੋਣਗੇ ਉਹ ਭੁਬੀ ਜੋ ਜਨਾਜ਼ੇ ਨਾਲ ਹੋਣਗੇ।
ਭੋਗ ਪੈਣ ਵੇਲੇ ਵੀ ਉਹ ਫੁਟ-2 ਰੋਣਗੇ।।
'ਰਿਸ਼ੀ' ਹੱਸ ਲੈ ਤੇ ਹੋਰਾਂ ਨੂੰ ਹਸਾ ਲੈ, ਘੜੀ ਦਾ ਵਿਸਾਹ ਕੋਈ ਨਾ
ਗੱਲ-2 'ਤੇ ਨਾ ਅੜੀ ਜਾਹ ਵੇ ਬੰਦਿਆ।

00

ਜਦੋਂ ਵਾਰੀ ਆਈ ਆਏ ਸਾਂ.....

ਜਦੋਂ ਵਾਰੀ ਆਈ ਆਏ ਸਾਂ, ਜਦੋਂ ਵਾਰੀ ਆਈ ਤੁਰ ਜਾਣੈ।
ਨਾ ਕਿਸੇ ਨੇ ਕਹਿਣਾ ਮੁੜ ਆ ਤੂੰ ਤੇ ਨਾ ਹੀ ਕਿਸੇ ਨੇ ਮਗਰ ਆਉਣੈ।।
ਇਹ ਦੁਨੀਆਂ ਰੰਗਲਾ ਮੇਲਾ ਏ, ਮੇਲੇ ਨੂੰ ਵੇਖਣ ਆਏ ਸਾਂ।
ਇਸ ਮੇਲੇ ਦੀ ਰੌਣਕ ਵੇਖ ਲਈ, ਅਗਲੇ ਮੇਲੇ ਨੂੰ ਤੁਰ ਜਾਣੈ।।
ਦਿਨੇ ਰਾਤੀ ਭੱਜੇ ਫਿਰਦੇ ਆਂ, ਕੰਮ ਧੰਧੇ ਕਰਦੇ ਫਿਰਦੇ ਆਂ।
ਧੰਨ ਖਰਚ ਲਿਐ, ਧੰਨ ਜੋੜ ਲਿਐ, ਹੁਣ ਖਾਲੀ ਹੱਥੀਂ ਤੁਰ ਜਾਣੈ।।
ਦਿਲ ਲਾਇਆ ਵੀ ਬਹਿਲਾਇਆ ਵੀ, ਕਈ ਵਾਰੀ ਦਿਲ ਦਹਿਲਾਇਆ ਵੀ।
ਦਿਲ ਦੀ ਦਿਨ ਦੇ 'ਚ ਹੀ ਲੈਕੇ, ਨਾ ਚਾਹੁੰਦਿਆਂ ਵੀ ਹੁਣ ਤੁਰ ਜਾਣੈ।
ਕਦੀ ਜੀਉਂਦੇ ਸਾਂ ਕਦੀ ਮਰਦੇ ਸਾਂ, ਕਦੀ ਮਰਦੇ ਸਾਂ ਕਦੀ ਜੀਉਂਦੇ ਸਾਂ।
ਹੁਣ ਜੀਉਣ ਦਾ ਵੇਲਾ 'ਰਿਸ਼ੀ', ਮੁੱਕ ਗਿਐ, ਹੁਣ ਮਰਕੇ ਨਾ ਵਾਪਿਸ ਆਉਣੈ।
ਜਦੋਂ ਵਾਰੀ ਆਈ ਆਏ ਸਾਂ, ਜਦੋਂ ਵਾਰੀ ਆਈ ਤੁਰ ਜਾਣੈ
ਨਾ ਕਿਸੇ ਨੇ ਕਹਿਣਾ ਮੁੜ ਆ ਤੂੰ ਤੇ ਨਾ ਹੀ ਕਿਸੇ ਮਗਰ ਆਉਣੈ।

00

ਜੇ ਰਹਿਮਤ ਰੱਬ ਦੀ ਹੋਵੇ ਤਾਂ....

ਜੇ ਰਹਿਮਤ ਰੱਬ ਦੀ ਹੋਵੇ ਤਾਂ ਖ਼ਤਰੇ ਟਲ ਵੀ ਸਕਦੇ ਨੇ।।
ਜੇ ਸੱਚੇ ਦਿਲੋਂ ਦੁਆ ਨਿਕਲੇ ਬਿਗੜੇ ਕੰਮ ਬਣ ਵੀ ਸਕਦੇ ਨੇ।।
ਜੇ ਮੋਲਾ ਦੀ ਮੇਹਰ ਹੋਵੇ ਤਾਂ ਪਿੰਗਲੇ ਵੀ ਚੱਲ ਸਕਦੇ ਨੇ।।
ਜੇ ਇਨਾਇਤ ਹੋਵੇ ਅੱਲਾ ਦੀ ਬੁਰੇ ਦਿਨ ਠੱਲ ਵੀ ਸਕਦੇ ਨੇ।।
ਜੇ ਕ੍ਰਿਪਾ ਹੋਵੇ ਦਾਤੇ ਦੀ ਤਾਂ ਗੂੰਗੇ ਬੋਲ ਵੀ ਸਕਦੇ ਨੇ।
ਜੇ ਮਾਲਿਕ ਦੀ ਰਜ਼ਾ ਹੋਵੇ ਤਾਂ ਬਹਰੇ ਸੁਣ ਵੀ ਸਕਦੇ ਨੇ।
ਜੇ ਭਗਵਾਨ ਚਾਹੇ ਤਾਂ ਦੁਸ਼ਮਣ ਮਿੱਤ ਬਣ ਵੀ ਸਕਦੇ ਨੇ।।
ਜੇ ਗਾਡ ਚਾਹੇ ਤਾਂ ਹਰੇ ਹੋਏ ਜਿੱਤ ਵੀ ਸਕਦੇ ਨੇ।
ਜੇ ਹੋਣੇ ਮੰਜੂਰ ਵਾਹਿਗੁਰੂ ਨੂੰ ਤਾਂ ਮੂਰਖ ਪੜ੍ਹ ਵੀ ਸਕਦੇ ਨੇ।।
ਜੇ ਹੋਣੇ ਮਰਜੀ ਕੁਦਰਤ ਦੀ ਤਾਂ ਮੁਰਦੇ ਪੜ੍ਹ ਵੀ ਸਕਦੇ ਨੇ।।
ਅਨੇਕਾਂ ਨਾਮ ਦਾਤੇ ਦੇ, ਅਨੇਕਾਂ ਧਾਮ ਦਾਤੇ ਦੇ।
ਲੈਕੇ ਬਸ ਨਾਮ ਓਸੇ ਦਾ, ਡੁੱਬਦੇ 'ਰਿਸ਼ੀ' ਤਰ ਵੀ ਸਕਦੇ ਨੇ।।

00

ਦਿਲ ਦੇ ਜ਼ਖ਼ਮਾਂ ਦੀ ਕਹਾਂ ਕਹਾਣੀ

ਦਿਲ ਦੇ ਜ਼ਖ਼ਮਾਂ ਦੀ ਕਹਾਂ ਕਹਾਣੀ,
ਇਹ ਲੁਕਦੇ ਛਿਪਦੇ ਰਹਿੰਦੇ ਨੇ।
ਅਪਣੇ ਹੀ ਹਾਲ ਤੇ ਜੀਉਣ ਵਿਚਾਰੇ,
ਕਿਸੇ ਨੂੰ ਕੁੱਝ ਨਾ ਕਹਿੰਦੇ ਨੇ।।
ਦਿਲ ਦੇ ਜ਼ਖ਼ਮ ਨੇ ਜ਼ਖ਼ਮੀ ਏਨੇ,
ਤਾਂ ਉਮਰ ਹੀ ਦੁਖਦੇ ਰਹਿੰਦੇ ਨੇ।
ਦੁਆ ਤੇ ਦਾਰੂ ਕੰਮ ਨਾ ਕਰਦੇ
ਤਾਂ ਉਮਰ ਹੀ ਰਿਸਦੇ ਰਹਿੰਦੇ ਨੇ।।
ਦਿਲ ਦੇ ਜ਼ਖ਼ਮ ਨਾ ਕੋਈ ਵੇਖੇ,
ਨਾ ਇਹਨਾਂ ਨੂੰ ਕੋਈ ਸੇਕੇ।
ਅੱਗ ਦੀ ਇੱਕ ਚੰਗਿਆੜੀ ਵਾਂਙੂੰ,
ਆਪੇ ਹੀ ਧੁੱਖਦੇ ਰਹਿੰਦੇ ਨੇ।।
ਇਹ ਤਾਂ ਰਹਿੰਦੇ ਨਾਲ ਬੰਦੇ ਦੇ,
ਇਹ ਤਾਂ ਜਾਂਦੇ ਨਾਲ ਬੰਦੇ ਦੇ।।
ਬੰਦਾ ਤੇ ਮਰ ਮੁੱਕ ਹੈ ਜਾਂਦਾ
'ਰਿਸ਼ੀ' ਜ਼ਖ਼ਮ ਤੜਫਦੇ ਰਹਿੰਦੇ ਨੇ।।
ਦਿਲ ਦੇ ਜ਼ਖ਼ਮਾਂ ਦੀ ਕਹਾਂ ਕਹਾਣੀ,
ਇਹ ਲੁਕਦੇ ਛਿਪਦੇ ਰਹਿੰਦੇ ਨੇ।
ਆਪਣੇ ਹੀ ਹਾਲ ਤੇ ਜੀਊਣ ਵਿਚਾਰੇ,
ਕਿਸੇ ਨੂੰ ਕੁੱਝ ਨਾ ਕਹਿੰਦੇ ਨੇ।।

00

ਪਿਆਰ ਮੈਨੂੰ ਸਦਾ ਮਿਲਿਐ

ਮੇਰੀ ਬਾਂਹ 'ਤੇ ਤੇਰਾ ਨਾਂ ਲਿਖਿਐ, ਹਰ ਸਾਹ ਤੇ ਬਾਬਲ ਮਾਂ ਲਿਖਿਐ।
ਮੇਰੇ ਦਿਲ ਦੇ ਹਰ ਇੱਕ ਖਾਨੇ 'ਤੇ, ਮੇਰੇ ਬੱਚਿਆਂ ਦਾ ਨਾਂ ਲਿਖਿਐ।।
ਕਹਿੰਦੇ ਪਿਆਰ ਦੀ ਕੋਈ ਭਾਸ਼ਾ ਨਹੀਂ, ਜਿੱਥੇ ਪਿਆਰ ਹੈ ਉਥੇ ਨਿਰਾਸ਼ਾ ਨਹੀਂ।
ਪਰ ਪਿਆਰ ਕਹਿੰਦੇ ਹੁੰਦੈ ਅੰਨ੍ਹਾ, ਹਰ ਇੱਕ ਦੇ ਮੂੰਹੋਂ ਆਹ ਸੁਣਿਐ।
ਮਾਪਿਆਂ ਦਾ ਪਿਆਰ ਵੱਡਮੁੱਲਾ ਹੈ, ਅਮੁੱਲਾ ਹੈ ਭੈਣ ਭਰਾਵਾਂ ਦਾ।
ਪਤੀ-ਪਤਨੀ ਤੇ ਬੱਚਿਆਂ 'ਚ ਪਿਆਰ ਵੀ ਆਪਣੀ ਥਾਂ ਟਿਕਿਐ,
ਪੋਤੇ ਪੋਤੀਆਂ ਦਾ ਪਿਆਰ ਅਨੋਖਾ ਏ, ਪਲ-2 ਹੁੰਦਾ ਇਹ ਚੋਖਾ ਏ।
ਸਖੀਆਂ ਤੇ ਰਿਸ਼ਤੇਦਾਰਾਂ ਦਾ ਪਿਆਰ ਵੀ ਵਾਰ-ਵਾਰ ਆ ਜੁੜਿਐ।।
ਪਿਆਰ ਬਿਨਾ ਬੇਕਾਰ ਹੈ ਸਭ, ਪਿਆਰ ਬਿਨਾ ਕੁੱਝ ਮੁਮਕਿਨ ਨਹੀਂ।
ਪਿਆਰ ਤਾਂ ਮੁੱਢਲੀ ਲੋੜ ਹੁੰਦੀ, ਦੁਨੀਆ ਦੇ 'ਚ ਮੈਂ ਆ ਸਿੱਖਿਐ।।
ਪਿਆਰ ਕੋਈ ਦਿਖਲਾਵਾ ਨਹੀਂ, ਇੱਕ ਪਿਆਰਾ ਜੇਹਾ ਅਹਿਸਾਸ ਹੈ ਇਹ।
ਅਹਿਸਾਸ ਤਾਂ ਹਰ ਇੱਕ ਪਾਸ ਹੁੰਦੈ, ਪਰ ਬਹੁਤਿਆਂ ਇਹ ਲੁਕਾ ਰਖਿਐ।।
ਪਿਆਰ ਕਰੋ ਤੇ ਪਿਆਰ ਵੰਡੋ,, ਪਿਆਰ ਦਵੋ ਤੇ ਪਿਆਰ ਲਵੋ।
ਪ੍ਰਗਟਾਵਾ ਅਤਿ ਜਰੂਰੀ ਏ, ਵਿੱਚ ਕਿਤਾਬਾਂ ਮੈਂ ਜਾ ਪੜਿਐ।।
ਜਿੱਥੇ ਪਿਆਰ ਦੀ ਵਰਖਾ ਹੁੰਦੀ ਏ, ਓਥੇ ਸਾਰੇ ਰਿਸ਼ਤੇ ਨਿੱਭ ਜਾਂਦੇ।
ਜਿੰਦਗੀ ਫਿਰ ਸੌਖੀ ਲੰਘ ਜਾਂਦੀ, ਪਿਆਰ ਦੇ 'ਚ ਸਭ ਸੁੱਖ ਛਿਪਿਐ।
ਜਿੱਥੇ ਪਿਆਰ ਓਥੇ ਰੱਬ ਦਾ ਵਾਸਾ, ਜਿੱਥੇ ਪਿਆਰ ਓਥੇ ਹਾਸਾ-ਹਾਸਾ।
ਗ਼ਮ ਦੂਰ ਕਿਤੇ ਉੱਡ ਜਾਂਦੇ ਨੇ, ਅੱਖੀਆਂ ਦੇ ਨਾਲੋਂ 'ਰਿਸ਼ੀ' ਤੱਕਿਐ।
ਪਿਆਰ ਨਾਲ ਮਿਲਦੀਆਂ ਲੱਖ ਖੁਸ਼ੀਆਂ, ਪਿਆਰ ਨਾਲ ਬਰਕਤ ਪੈਂਦੀ ਹੈ,
ਪਿਆਰ ਹੈ ਮਸਲਾ 'ਰਿਸ਼ੀ' ਦਿਲ ਦਾ, ਪਿਆਰ ਮੈਨੂੰ ਸੱਦਾ ਮਿਲਿਐ।।
ਪਿਆਰ ਮੈਨੂੰ ਸਦਾ ਮਿਲਿਐ।।

00

ਕਿਧਰ ਨੂੰ ਜਾ ਰਿਹੈ ਜ਼ਮਾਨਾ!

ਇਸ ਦੁਨੀਆਂ ਦੇ ਰੰਗ ਨੇ ਵੱਖਰੇ,
ਵੱਖਰੇ ਏਹਦੇ ਢੰਗ ਵੇ ਲੋਕੋ।
ਰੰਗ ਬਦਲੇ ਇਹ ਗਿਰਗਿਟ ਵਾਂਗੂ,
ਰਤਾ ਨਾ ਕਰਦੀ ਸੰਗ ਵੇ ਲੋਕੋ।।
ਰਿਸ਼ਤੇ ਨਾਤੇ ਫਿੱਕੇ ਪੈ ਗਏ,
ਪ੍ਰੇਮ ਨਾ ਰਹਿ ਗਿਐ ਆਪੋਵਿੱਚੀਂ।
ਮਿਲਜੁਲ ਕੇ ਤਾਂ ਰਹਿਣਾ ਭੁੱਲ ਗਏ,
ਜਾਂਦੇ ਨੇ ਬਸ ਲੱਤਾਂ-ਖਿੱਚੀ।।
ਕਿੱਧਰ ਨੂੰ ਜਾ ਰਿਹੈ ਜ਼ਮਾਨਾ।
ਬੱਚੇ ਕੱਢੀ ਫਿਰਨ ਕਿਰਪਾਨਾਂ।
ਵਾਰ ਕਰਦੇ ਨੇ ਜਣਦਿਆਂ ਉਪਰ,
ਜੇਹੜੇ ਵਾਰਨ ਬੱਚਿਆਂ 'ਤੇ ਜਾਨਾਂ।।
ਮੇਹਨਤ ਕਰ ਗੁਰੂਜਨ ਨੇ ਪੜ੍ਹਾਉਂਦੇ,
ਵਿਦਿਆਰਥੀ ਉਹਨਾਂ ਨੂੰ ਅੱਖਾਂ ਵਿਖਾਉਂਦੈ,
ਇੱਜ਼ਤ ਨਾ ਕੋਈ ਰਹੀ ਉਹਨਾਂ ਦੀ,
ਜਿਹੜੇ ਮੈਲ ਦਿਲਾਂ ਤੋਂ ਲਾਹੁੰਦੇ।।
'ਰਿਸ਼ੀ' ਕਾਰਨ ਭਾਵੇਂ ਕੋਈ ਵੀ ਹੋਵੇ,
ਇਹ ਵਿਵਹਾਰ ਹੁੰਦੇ ਨੇ ਮਾੜੇ।
ਇੱਜ਼ਤ ਕਰੀਏ ਸਦਾ ਉਹਨਾਂ ਦੀ,
ਜੇਹਨਾਂ ਵੀ ਸਾਡੇ ਰਾਹ ਸੰਵਾਰੇ।।
ਜੇਹਨਾ ਵੀ ਸਾਡੇ ਰਾਹ ਸੰਵਾਰੇ।।

00

ਬਦਲ ਰਹੀ ਹੈ ਦੁਨੀਆ ਲੋਕੋ!

ਬਦਲ ਰਹੀ ਹੈ ਦੁਨੀਆ ਲੋਕੋ! ਹੋਰ ਵੀ ਬਦਲ ਇਹ ਜਾਣੀ।
ਗਰਕ ਰਹੀ ਹੈ ਦੁਨੀਆ ਯਾਰੋ! ਹੋਰ ਵੀ ਗਰਕ ਇਹ ਜਾਣੀ।।

ਦੁਆਪਰ-ਸਤਿਯੁੱਗ ਦੀਆਂ ਗੱਲਾਂ ਸੁਣੀਏ।
ਝੂਠੀਆਂ-ਸੱਚੀਆਂ ਗੱਲਾਂ ਸੁਣੀਏ।।
ਪਰ ਕਲਯੁੱਗ ਵਿੱਚ ਸਭ ਝੂਠ ਹੈ ਲੋਕੋ। ਸੱਚੀ ਇਹ ਕਹਾਣੀ।
ਬਦਲ ਰਹੀ ਹੈ ਦੁਨੀਆਂ ਲੋਕੋ।
ਪੈਸਾ ਪੈਸਾ! ਬਸ! ਪੈਸਾ ਹੀ ਪੈਸਾ।
ਹੋਰ ਨਹੀਂ ਕੁੱਝ ਪੈਸੇ ਜੈਸਾ।
ਪਿਆਰ ਵਿਕ ਰਿਹੈ ਵਿੱਚ ਮੰਡੀ ਦੇ, ਝੂਠੀ ਨਹੀਂ ਇਹ ਕਹਾਣੀ।
ਬਦਲ ਰਹੀ ਹੈ ਦੁਨੀਆ ਲੋਕੋ.....
ਆਸਾ ਰਾਮ ਸੀ ਆਸ ਲਗਾਈ।
ਲੁੱਟ ਲਉ ਹਰ ਧੀ ਪਰਾਈ।।
ਵਿਛਿਆ ਜਾਲ ਰਹਿ ਗਿਆ ਉਹਦਾ, ਆਸਾਂ ਤੇ ਫਿਰਿਆ ਪਾਣੀ...
ਬਦਲ ਰਹੀ ਹੈ ਦੁਨੀਆਂ ਲੋਕੋ...
ਸਕੇ ਸਬੰਧੀ ਲੜ-ਲੜ ਮਰ ਰਹੇ।
ਸ਼ੋਹਰਤ ਦੇ ਲਈ ਕਈ ਕੁੱਝ ਕਰ ਰਹੇ।।
ਖੂਨ ਦੀ ਹੋਲੀ ਖੇਡੀ ਜਾ ਰਹੀ, ਕੋਈ ਕੋਈ ਬਚਿਐ ਪ੍ਰਾਣੀ...
ਬਦਲ ਰਹੀ ਹੈ ਦੁਨੀਆ ਲੋਕੋ....
ਤਰਸ ਖਾਈਏ ਕੁੱਝ ਅਪਣਿਆਂ ਉੱਤੇ।
ਤਰਸ ਖਾਈਏ ਕੁੱਝ ਬੇਗਾਨਿਆਂ ਉੱਤੇ।।
ਬਦਲੀਏ ਪਰ ਚੰਗੇ ਲਈ ਬਦਲੀਏ ਕਹਿੰਦੀ 'ਰਿਸ਼ੀ' ਨਿਮਾਣੀ

00

ਅੱਖੀਆਂ ਮੀਟ ਗਏ ਪੰਡਿਤ ਜੀ..

ਅੱਖੀਆਂ ਮੀਟ ਗਏ ਪੰਡਿਤ ਜੀ, ਹੋ ਗਿਆ ਉਹਨਾਂ ਦਾ ਸੰਸਕਾਰ।
ਪੰਡਿਤ ਜੀ ਦੀ ਸੋਟੀ ਬਾਹਰ, ਪੰਡਿਤ ਜੀ ਦਾ ਲੋਟਾ ਬਾਹਰ।।
ਘਰ ਬਾਹਰ ਉਹਨਾਂ ਦਾ ਹੈ ਸੀ।
ਟੱਬਰ-ਟੀਹਰ ਉਹਨਾਂ ਦਾ ਹੈ ਸੀ।।
ਕਰ-ਕਰ ਕਥਾ ਮੰਦਿਰ 'ਚ ਉਨ੍ਹਾਂ, ਪਾਲਿਆ ਸੀ ਆਪਣਾ ਪਰਿਵਾਰ....
ਪੰਡਿਤ ਜੀ ਦੀ ਸੋਟੀ ਬਾਹਰ.....
ਜੋਤਿਸ਼ ਦੀ ਉਹਨਾਂ ਪਾਈ ਹੱਟੀ।
ਸਾਰੀ ਉਮਰ ਉਹਨਾਂ ਵਾਹ-ਵਾਹ ਖੱਟੀ।।
ਖਵਾਉਂਦੇ ਸੀ ਸਭ ਖੀਰਾਂ ਪੂੜੇ, ਵਾਹਵਾ ਮਿਲਦਾ ਸੀ ਸਤਿਕਾਰ....
ਪੰਡਿਤ ਜੀ ਦੀ ਸੋਟੀ ਬਾਹਰ.....
ਫਰੋਲ ਲਈਏ ਚਲੋ ਟਰੰਕ ਪੇਟੀਆਂ।
ਆਖਣ ਲੱਗੀਆਂ ਬਹੁ-ਬੇਟੀਆਂ।।
ਪੁੱਤਰ ਅਤੇ ਜਵਾਈ ਆਪਣੇ, ਵੰਡੀਏ ਧੰਨ ਦਾ ਅੱਜ ਅੰਬਾਰ।।
ਪੰਡਿਤ ਜੀ ਦੀ ਸੋਟੀ ਬਾਹਰ.....
ਲਾਹ ਛੱਡੀਆਂ ਉਹਨਾਂ ਦੀਆਂ ਫੋਟੋ।
ਟੰਗ ਲਈਆਂ ਹੁਣ ਆਪਣੀਆਂ ਫੋਟੋ।।
ਕੀ ਕਰਨੈ ਇਹ ਕੂੜਾ ਕਰਕੱਟ, ਸਜਾਈਏ ਮੁੱਢ ਤੋਂ ਇਹ ਦੀਵਾਰ...
ਪੰਡਿਤ ਜੀ ਦੀ ਸੋਟੀ ਬਾਹਰ...
'ਰਿਸ਼ੀ' ਏਹੀਉ ਕੁੱਝ ਹੁੰਦੈ ਮਰਨ ਦੇ ਪਿੱਛੋਂ।
ਕੋਈ ਨਹੀਂ ਪੁੱਛਦਾ ਮਰਨ ਦੇ ਪਿੱਛੋਂ।।
ਰੱਖ ਦਿੰਦੇ ਨੇ ਬਾਹਰ ਸਭ ਕੁੱਝ, ਲਾਕੇ ਲੰਮੀ ਜੇਹੀ ਕਤਾਰ...
ਪੰਡਿਤ ਜੀ ਦੀ ਸੋਟੀ ਬਾਹਰ...

00

ਹੀਰਿਆਂ ਤੋਂ ਵੱਧ ਮੈਨੂੰ ਸਾਰੇ

ਮਾਣਯੋਗ ਤੇ ਬੜੇ ਪਿਆਰੇ ਨੇ ਭਾਪਾ ਜੀ ਬੀਜੀ ਮੇਰੇ, ਮੈਨੂੰ ਗੁੱਡੀ-2 ਕਹਿਣ।
ਜਿੰਦਗੀ ਉਨ੍ਹਾਂ ਸ਼ਿੰਗਾਰੀ ਮੇਰੀ, ਮੈਨੂੰ ਰਜ-2 ਪਿਆਰ ਦੋਵੇਂ ਦੇਣ।।
ਸਹੁਰਾ ਸਾਹਿਬ ਜੀ ਪਿਆਰ ਨੇ ਦਿੰਦੇ, ਪ੍ਰੀਵਾਰ ਨਾਲ ਉਹ ਰਹਿਣ।
ਕੀਮਤੀ ਸਾਥ ਮੈਨੂੰ ਮਿਲਿਐ ਪਤੀ ਦਾ, ਗੱਲ ਪਤੇ ਦੀ ਕਹਿਣ।।
ਬੱਚੇ ਬੱਚੀਆਂ ਮੇਰੇ ਬੜੇ ਹੀ ਲਾਡਲੇ, ਲਾਡ ਉਹ ਕਰਦੇ ਰਹਿਣ।
ਨਨਾਣਾ ਤੇ ਸਹੁਰਾ ਪ੍ਰੀਵਾਰ ਵੀ ਸਤਿਕਾਰ ਨੇ ਦਿੰਦੇ, ਸਾਡੇ ਨੇੜੇ-2 ਰਹਿਣ।।
ਬੜੇ ਪਿਆਰੇ ਅੱਠੇ ਵੀਰੇ ਮੇਰੇ, ਇੱਕ ਨਿੱਕੀ ਪਿਆਰੀ ਭੈਣ।
ਜੀਜਾ ਜੀ, ਭਾਬੀਆਂ, ਬੱਚੇ ਬੜੇ ਸਿਆਣੇ, ਖਿੜੇ ਮੱਥੇ ਮਿਲਦੇ ਰਹਿਣ।।
ਛੋਟੇ ਨੇ ਸਾਰੇ ਹੀ ਮੈਥੋਂ, ਮੈਨੂੰ ਭੈਣ ਜੀ-ਭੈਣ ਜੀ ਕਹਿਣ।
ਲਗਦੇ ਮੈਨੂੰ ਅਪਣੇ ਬਚਿਆਂ ਵਾਂਙੂੰ, ਜਦੋਂ ਨੇੜੇ ਮੇਰੇ ਬਹਿਣ।।
ਦੁੱਖ-ਸੁੱਖ 'ਚ ਭੱਜੇ ਨੇ ਆਉਂਦੇ, ਭਾਵੇਂ ਪਾਰ ਸਮੁੰਦਰੋਂ ਰਹਿਣ।
ਖਬਰਸਾਰ ਨਿੱਤ ਲੈਣ ਫੋਨ 'ਤੇ, ਗੱਲ ਦਿਲ ਦੀ ਦੱਸਦੇ ਰਹਿਣ।।
ਕੰਮਕਾਰ ਕਰਦੇ ਦਿਲ ਲਾਕੇ, ਮੇਹਨਤ ਸਭ ਕਰਦੇ ਰਹਿਣ।
ਮੇਰੇ ਬੱਚਿਆਂ ਨੂੰ ਸੇਧ ਨੇ ਦਿੰਦੇ, ਮੱਤ ਚੰਗੀ ਦਿੰਦੇ ਰਹਿਣ।।
ਨਾਨਕੇ-ਦਾਦਕੇ-ਕੁੜਮ ਵੀ ਚੰਗੇ ਮੇਰੇ, ਸਭ ਆਉਂਦੇ ਜਾਂਦੇ ਰਹਿਣ।
ਸਹੇਲੀਆਂ ਤੇ ਪ੍ਰੀਵਾਰ ਵੀ ਚੰਗੇ ਮੇਰੇ, ਸਭ ਮਿਲਦੇ ਜੁਲਦੇ ਰਹਿਣ
ਦਿਲੋਂ ਧੰਨਵਾਦ ਕਰਾਂ ਮੈਂ ਸਭਨਾਂ ਦਾ, ਸਭ ਹੱਸਦੇ ਵੱਸਦੇ ਰਹਿਣ
ਹੀਰਿਆਂ ਤੋਂ ਵੱਧ ਮੈਨੂੰ ਸਾਰੇ, ਬਸ ਪਿਆਰ ਨਾਲ 'ਰਿਸ਼ੀ' ਰਹਿਣ।।
ਬਸ ਪਿਆਰ ਨਾਲ ਸਭ ਰਹਿਣ।।

00

ਨਾ ਹੋਇਆ ਕਰ ਪ੍ਰੇਸ਼ਾਨ ਮਨਾ!

ਨਾ ਹੋਇਆ ਕਰ ਪ੍ਰੇਸ਼ਾਨ ਮਨਾ। ਨਾ ਹੋਇਆ ਕਰ ਹੈਰਾਨ ਮਨਾ।
ਪ੍ਰੇਸ਼ਾਨੀ 'ਚੋਂ ਕੁੱਝ ਲੱਭਣਾ ਨਹੀਂ, ਬਸ ਰੱਬ ਵੱਲ ਲਾ ਤੂੰ ਧਿਆਨ ਮਨਾ।
ਜੇ ਰੱਬ ਵੱਲ ਧਿਆਨ ਲਗਾਏਂਗਾ।
ਭਵ-ਸਾਗਰ ਤੋਂ ਤਰ ਜਾਏਂਗਾ।।
ਤੂੰ ਹੋਰਾਂ ਨੂੰ ਵੀ ਤਾਰ ਸਕੇਂ, ਕਰ ਦਾਤੇ ਦਾ ਗੁਣਗਾਨ ਮਨਾ,
ਨਾ ਹੋਇਆ ਕਰ ਪ੍ਰੇਸ਼ਾਨ ਮਨਾ...
ਮੁਸ਼ਕਿਲ ਨਾਲ ਜੀਵਨ ਮਿਲਿਆ ਏ।
ਤੇਰੇ ਜੀਵਨ ਦਾ ਫੁੱਲ ਖਿਲਿਆ ਏ।।
ਇਸ ਫੁੱਲ ਦੀਆਂ ਮਹਿਕਾਂ ਵੰਡ ਸਕੇਂ ਬਣ ਦਾਤੇ ਦਾ ਕਦਰਦਾਨ ਮਨਾ,
ਨਾ ਹੋਇਆ ਕਰ ਪ੍ਰੇਸ਼ਾਨ ਮਨਾ...
ਉਹਨੇ ਹੀ ਅਰਜ਼ ਤੇਰੀ ਸੁਣਨੀ ਏ।
ਉਹਨੇ ਝੋਲੀ ਤੇਰੀ ਭਰਨੀ ਏ।।
ਤੇਰੇ ਅਪਣੇ ਹੱਥ ਵੱਸ ਕੁੱਝ ਵੀ ਨਹੀਂ, ਨਾ ਬਣਿਆ ਕਰ ਪ੍ਰਧਾਨ ਮਨਾ
ਨਾ ਹੋਇਆ ਕਰ ਪ੍ਰੇਸ਼ਾਨ ਮਨਾ...
ਹੱਥਕੰਡੇ ਨਾ ਅਪਣਾਇਆ ਕਰ।
ਬਹੁਤੇ ਨਾ ਜਾਲ ਵਿਛਾਇਆ ਕਰ।।
ਅਪਣੇ ਹੀ ਜਾਲ 'ਚ ਫਸ ਜਾਏਗਾ, ਸੁਣ ਲੈ ਤੂੰ ਨਾਦਾਨ ਮਨਾ।
ਨਾ ਹੋਇਆ ਕਰ ਪ੍ਰੇਸ਼ਾਨ ਮਨਾ...
ਨਾ ਦਿਲ ਦੀ ਸੁਣ ਨਾ ਦੂਜੇ ਦੀ।
ਸੁਣ ਆਪਣੇ ਹਰ ਇੱਕ ਖੁੰਜੇ ਦੀ।।
ਦਿਲ ਤੇ ਦੂਜੇ 'ਰਿਸ਼ੀ' ਪੱਟਦੇ ਨੇ
ਪੂਰੇ ਕਰਨ ਲਈ ਅਰਮਾਨ ਮਨਾ।
ਨਾ ਹੋਇਆ ਕਰ ਪ੍ਰੇਸ਼ਾਨ ਮਨਾ

00

ਠਿਕਾਣਾਂ

ਤੇਰੇ ਦਰ ਦੀ ਕੁਕਰ ਮੈਂ ਰੱਬਾ ਹੋਰ ਨਾ ਕੋਈ ਠਿਕਾਣਾ।
ਤੇਰੇ ਆਸਰੇ ਕੱਟਣੀ ਜਿੰਦਗੀ ਆਖਿਰ ਤੇਰੇ ਕੋਲ ਹੀ ਆਉਣਾ।।
ਜੱਗ ਤੇ ਇੱਕ ਸਰਾਂ ਜੇਹੀ ਜਾਪੇ ਏਥੇ ਲਗਿਐ ਆਉਣਾ ਜਾਣਾ।
ਪੈਂਡਾ ਤੇਰੇ ਕੋਲ ਆਕੇ ਮੁਕਣੈ, ਉਹੀਉ ਹੈ ਅਸਲ ਠਿਕਾਣਾ।।
ਮਾਪਿਆਂ ਦੀ ਗੋਦ ਦੇ ਬਾਲਪਨ ਬੀਤਿਐ, ਬਚਪਨ ਨਾਲ ਭੈਣ ਭਰਾਵਾਂ।
ਸਖੀਆਂ ਦੇ ਸੰਗ ਗੁਜਰੀ ਜਵਾਨੀ, ਪਤੀ ਨਾਲ ਲਈਆਂ ਲਾਵਾਂ।।
ਰੱਬ ਨੇ ਮੇਹਰ ਕੀਤੀ ਫਿਰ ਆਪਣੀ, ਜੋੜੀ ਲਾਲਾਂ ਦੀ ਦਿੱਤੀ।
ਵਿਆਹੇ ਗਏ ਹੁਣ ਲਾਲ ਨੇ ਦੋਵੇਂ, ਸੇਵਾ ਨੂੰਹਾਂ-ਪੁੱਤਰਾਂ ਨੇ ਕੀਤੀ।।
ਤੋਟ ਨਾ ਰੱਖੀ ਦਾਤੇ ਨੇ ਕੋਈ, ਪਿਆਰੀ ਜੇਹੀ ਪੋਤਰੀ ਦਿੱਤੀ।।
ਬਿਨਾਂ ਮੰਗਿਆਂ ਸਭ ਕੁਝ ਮੈਂ ਪਾਇਆ, ਹਰ ਹਸਰਤ ਪੂਰੀ ਕੀਤੀ।
ਫਿਰ ਵੀ ਰੋਣ-ਧੋਣ ਦੀ ਆਦਤ ਪਤਾ ਨਹੀਂ ਕਦੋਂ ਹੈ ਜਾਣੀ।
ਇਹ ਆਦਤ ਜਾਵੇ ਨਾ ਜਾਵੇ, ਪਰ ਜਿੰਦਗੀ ਮੁੱਕ ਹੈ ਜਾਣੀ।।
'ਰਿਸ਼ੀ' ਛੱਡਦੇ ਆਦਤ ਰੋਣ ਧੋਣ ਦੀ, ਹੱਸ ਖੇਡ ਕੇ ਵਕਤ ਟਪਾ ਲੈ।
ਸਤਿਨਾਮ-ਵਾਹਿਗੁਰੂ ਜੀ ਦਾ ਜਾਪ ਤੂੰ ਕਰਕੇ, ਰਹਿੰਦੇ ਜੋ ਪਲ ਲੰਘਾ ਲੈ।।

00

ਤੈਥੋਂ ਬਲਿਹਾਰ ਜਾਵਾਂ ਮੈਂ....

ਤੈਥੋਂ ਬਲਿਹਾਰ ਜਾਵਾਂ ਮੈਂ, ਤੈਥੋਂ ਕੁਰਬਾਨ ਮੈਂ ਜਾਵਾਂ।
ਤੂੰ ਹੈ ਸਰਬੰਸ ਦਾ ਦਾਨੀ, ਤੈਥੋਂ ਜਿੰਦ ਵਾਰ ਮੈਂ ਜਾਵਾਂ।।
ਮਾਪਿਆਂ ਦਾ ਦਾਨ ਦੇਕੇ ਤੂੰ, ਕੀਤਾ ਉਪਕਾਰ ਸਾਡੇ 'ਤੇ।
ਦਿੱਤਾ ਫਿਰ ਦਾਨ ਪੁੱਤਰਾਂ ਦਾ, ਇਹ ਵੀ ਉਪਕਾਰ ਸਾਡੇ 'ਤੇ।।
ਤੇਰੇ ਇਸ ਦਾਨ ਦੇ ਬਦਲੇ, ਦੇ ਅਪਣੀ ਜਾਨ ਮੈਂ ਜਾਵਾਂ...
ਤੈਥੋਂ ਬਲਿਹਾਰ ਜਾਵਾਂ ਮੈਂ.....
ਜਗਾਇਆ ਨੀਂਦ ਤੋਂ ਸਾਨੂੰ, ਅਸੀਂ ਤਾਂ ਸੋਣ ਜੋਗੇ ਸਾਂ।
ਬਚਾਇਆ ਜੁਲਮ ਤੋਂ ਸਾਨੂੰ, ਅਸੀਂ ਤਾਂ ਸਹਿਣ ਜੋਗੇ ਸਾਂ।।
ਅਥਾਹ ਸ਼ਕਤੀ ਦਾ ਮਾਲਿਕ ਤੂੰ, ਹੋਈ ਹੈਰਾਨ ਮੈਂ ਜਾਵਾਂ...
ਤੈਥੋਂ ਬਲਿਹਾਰ ਜਾਵਾਂ ਮੈਂ.....
ਤੂੰ ਵਾਲੀ ਦੋ ਜਹਾਨਾਂ ਦਾ, ਤੇਰੀ ਤਸਵੀਰ ਹੈ ਵੱਖਰੀ।
ਤੇਰੀ ਹੈ ਮੇਹਰ ਸਾਡੇ ਤੇ, ਸਾਡੀ ਤਕਦੀਰ ਹੈ ਵੱਖਰੀ।।
ਮਨਾਵਾਂ ਸ਼ੁਕਰ ਮੈਂ ਹਰਪਲ, ਤੇਰੇ ਗੁਣਗਾਨ ਮੈਂ ਗਾਵਾਂ....
ਤੈਥੋਂ ਬਲਿਹਾਰ ਜਾਵਾਂ ਮੈਂ.....
ਤੂੰ ਜਾਣੀਜਾਣ ਤੂੰ ਮਾਲਿਕ, ਸ਼ਹਿਨਸ਼ਾਹਾਂ ਤੋਂ ਉਪਰ ਤੂੰ।
ਤੇਰਾ ਸਾਨੀ ਨਹੀਂ ਜੱਗ 'ਤੇ, ਸਭਨਾ ਤੋਂ ਹੈ ਉਪਰ ਤੂੰ।
ਮੇਰੇ ਅੰਗ ਸੰਗ ਤੂੰ ਰਹਿੰਦਾ ਏਂ ਮੰਨੀ ਅਹਿਸਾਨ ਮੈਂ ਜਾਵਾਂ....
ਤੈਥੋਂ ਬਲਿਹਾਰ ਜਾਵਾਂ ਮੈਂ.....
ਤੇਰਾ ਮੈਂ ਆਸਰਾ ਮੰਗਾਂ, ਤੇਰੀ ਭਗਤੀ ਤੈਥੋਂ ਮੰਗਾਂ।
ਰਹੇ ਨਾ ਹੋਸ਼ ਕੋਈ ਵੀ, ਤੇਰੀ ਭਗਤੀ 'ਚ ਮੈਂ ਰੰਗਾਂ।
ਦੇਦੇ ਮੈਨੂੰ ਦਾਨ ਭਗਤੀ ਦਾ 'ਰਿਸ਼ੀ', ਤੇਰਾ ਵਰਦਾਨ ਮੈਂ ਚਾਹਵਾਂ
ਤੈਥੋਂ ਬਲਿਹਾਰ ਜਾਵਾਂ ਮੈਂ, ਤੈਥੋਂ ਕੁਰਬਾਨ ਮੈਂ ਜਾਵਾਂ
ਤੂੰ ਹੈਂ ਸਰਬੰਸ ਦਾ ਦਾਨੀ, ਤੈਥੋਂ ਜਿੰਦ ਵਾਰ ਮੈਂ ਜਾਵਾਂ।

00

ਬਾਬਾਲ ਤੇ ਅੰਮੜੀ ਦਾ ਦਿਨ

ਬਾਬਲ ਨੂੰ ਕਰੀਏ ਪਿਆਰ,ਹਰ ਦਿਨ ਬਾਬਲ ਦਾ,
ਅੰਮੜੀ ਨੂੰ ਕਰੀਏ ਪਿਆਰ, ਹਰ ਦਿਨ ਅੰਮੜੀ ਦਾ,
ਦੋਹਾਂ ਦਾ ਕਰੀਏ ਸਤਿਕਾਰ,ਹਰ ਦਿਨ ਦੋਹਾਂ ਦਾ
ਭੁਲਕੇ ਵੀ ਨਾ ਕਰੀਏ ਸਤਿਕਾਰ, ਹਰ ਦਿਨ ਦੋਹਾਂ ਦਾ
ਉਂਜ ਤਾਂ ਹਰ ਦਿਨ ਹੀ ਮਾਪਿਆਂ ਦਾ ਹੁੰਦੈ, ਜੇਹਨਾਂ ਇਹ ਜੱਗ ਵਿਖਾਇਆ।
ਪਰ ਅੱਜ ਦਾ ਦਿਨ ਹੈ ਖਾਸ ਬਾਬਲ ਲਈ, ਜੂਨ ਮਹੀਨੇ ਆਇਆ
ਮਈ ਮਹੀਨੇ ਮਾਂ ਦੇ ਦਿਨਨੂੰ, ਕੁਲ ਦੁਨੀਆਂ ਨੇ ਮਨਾਇਆ।
ਮਾਂ ਨੇ ਦੇ ਕੇ ਜਨਮ ਬਾਲ ਨੂੰ, ਬਾਬਲ ਦੀ ਝੋਲੀ ਪਾਇਆ।
ਸ਼ਾਇਦ ਏਸੇ ਕਰਕੇ ਹੀ ਬਾਬਲ ਦਾ ਦਿਨ ਹੈ ਮਗਰੋਂ ਆਇਆ।
ਲਾਡ ਲਡਾਇਆ ਦੋਹਾਂ ਨੇ ਬਾਲਾਂ ਨੂੰ, ਰੱਜ-2 ਗੋਦ ਖਿਡਾਇਆ।
ਮੇਹਨਤ ਕਰਕੇ ਹੱਡ ਭੰਨਵੀਂ, ਜੋਰ ਲਾ ਉਹਨੂੰ ਪੜ੍ਹਾਇਆ।
ਪਾਲ ਪੋਸ ਕੇ ਵੱਡਿਆਂ ਕੀਤਾ, ਚਾਵਾਂ ਨਾਲ ਫੇਰ ਵਿਆਹਿਆ
ਕੀਤੀ ਨਾ ਪ੍ਰਵਾਹ ਪੈਸੇ ਦੀ, ਪਾਣੀ ਦੇ ਵਾਂਙ ਬਹਾਇਆ।
ਹਾਲੇ ਵੀ ਉਹਨਾਂ ਬਸ ਨਾ ਕੀਤੀ, ਪੋਤੇ-ਪੋਤੀਆਂ ਤਾਈਂ ਤੇਹ ਵਿਖਾਇਆ
ਰੱਬਾ! ਖੁਸ਼ੀਆਂ ਦੇਵੀਂ ਮਾਪਿਆਂ ਨੂੰ 'ਰਿਸ਼ੀ' ਦੁਆਰ ਤੇਰਾ ਖੜਕਾਇਆ
ਮਿਲਦਾ ਰਹੇ ਸਾਨੂੰ ਪਿਆਰ ਦੋਹਾਂ ਦਾ, ਸਿਰਾਂ ਤੇ ਬਣਿਆ ਰਹੇ ਸਾਡੇ ਸਾਇਆ।

00

ਤੇਰੀ ਹੀ ਤੇਰਾ ਪ੍ਰਭੂ ਸੱਭ ਕੁਝ ਤੇਰਾ....

ਤੇਰਾ ਹੀ ਤੇਰਾ ਪ੍ਰਭੂ ਸਭ ਕੁਝ ਤੇਰਾ, ਤੇਰਾ ਹੀ ਤੇਰਾ ਦਾਤਾ ਸਭ ਕੁੱਝ ਤੇਰਾ।
ਤੇਰੇ ਨਾਲ ਹੀ ਜਿੰਦਗੀ ਮੇਰੀ, ਤੇਰੇ ਨਾਲ ਸਾਂਝ ਸਵੇਰਾ।।
ਤੇਰੇ ਬਿਨ ਮੈਨੂੰ ਦਿਸੇ ਨਾ ਕੋਈ।
ਤੇਰੇ ਬਿਨ ਮੈਨੂੰ ਮਿਲੇ ਨਾ ਢੋਈ।।
ਤੇਰੇ ਆਸਰੇ ਜਿੰਦਗੀ ਰੋਸ਼ਨ, ਤੇਰੇ ਬਿਨ ਘੋਰ ਹਨੇਰਾ...
ਤੇਰਾ ਹੀ ਤੇਰਾ ਪ੍ਰਭੂ ਸਭ ਕੁੱਝ ਤੇਰਾ..
ਤੂੰ ਜੀਉਣ ਦਾ ਵਲ ਸਿਖਾਵੇਂ ਮੈਨੂੰ।
ਤੂੰ ਸਿੱਧੇ ਰਾਹੇ ਪਾਵੇਂ ਮੈਨੂੰ।।
ਤੇਰੀ ਕ੍ਰਿਪਾ ਦੇ ਸਦਕੇ ਹੀ, ਛੂਹ ਲਵਾਂ ਅਕਾਸ਼ ਉਚੇਰਾ..
ਤੇਰਾ ਹੀ ਤੇਰਾ ਪ੍ਰਭੂ ਸਭ ਕੁੱਝ ਤੇਰਾ....
ਤੇਰੀ ਕ੍ਰਿਪਾ ਤੋਂ ਬਲਿਹਾਰੀ
ਤੈਥੋਂ ਹਰਪਲ ਜਾਵਾਂ ਵਾਰੀ।
ਵਾਰ ਦਿਆਂ ਮੈਂ ਜਿੰਦੜੀ ਤੈਥੋਂ, ਤੈਥੋਂ ਨਹੀਂ ਦੋਈ ਚੰਗੇਰਾ...
ਤੇਰਾ ਹੀ ਤੇਰਾ ਪ੍ਰਭੂ ਸਭ ਕੁੱਝ ਤੇਰਾ....
ਤੂੰ ਹੈ ਸਭਨਾ ਦਾ ਰਖਵਾਲਾ,
ਤੂੰ ਹੈ ਵੱਡੇ ਜਿਗਰੇ ਵਾਲਾ।।
ਅੰਗ ਸੰਗ ਰਹੀਂ ਸਦਾ ਮੇਰੇ ਮਾਲਿਕ, 'ਰਿਸ਼ੀ' ਕਟ ਜਾਉ ਪੰਧ ਲੰਮੇਰਾ...
ਤੇਰਾ ਹੀ ਤੇਰਾ ਪ੍ਰਭੂ ਸਭ ਕੁੱਝ ਤੇਰਾ....
ਹਰ ਇੱਕ ਜੀਵ 'ਚ ਤੇਰਾ ਵਾਸਾ।
ਹਰ ਇੱਕ ਨੂੰ ਤੇਰਾ ਭਰਵਾਸਾ।
ਤੇਰੇ ਭਰਵਾਸੇ ਹੀ ਜੱਗ ਚਲਦਾ, ਚਲਦਾ ਏ ਨਾਂ ਤੇਰਾ...
ਤੇਰਾ ਹੀ ਤੇਰਾ ਪ੍ਰਭੂ ਸਭ ਕੁੱਝ ਤੇਰਾ....

00

ਨਕਲੀ ਚੇਹਰਾ

ਹਰ ਦੂਜੇ ਸਖਸ਼ ਨੇ ਚੇਹਰੇ ਤੇ ਨਕਲੀ ਚੇਹਰਾ ਲਾ ਰਖਿਐ।
ਅਪਣੇ ਗ਼ਮ ਨੂੰ ਅਪਣੇ ਹੀ ਦਿਲ 'ਚ ਚੰਗੀ ਤਰ੍ਹਾਂ ਦਬਾ ਰਖਿਐ।
ਹੈਲੋ ਹਾਏ! ਹਾਉ ਆਰ ਯੂ? ਹੈਲੋ ਹਾਏ! ਹਾਉ ਆਰ ਯੂ?
ਆਈ ਐਮ ਫਾਈਨ। ਬੈਂਕ ਯੂ ਸੋ ਮੱਚ, ਵਾਕ ਦਾ ਰੱਟਾ ਲਾ ਰਖਿਐ
ਹਰ ਦੂਜੇ ਸਖਸ਼ ਨੇ ਚੇਹਰੇ 'ਤੇ....
ਬਾਹਰੋਂ ਬਾਹਰੋਂ ਹੱਸੀ ਜਾਵੇ, ਹੱਸੀ ਜਾਵੇ-ਹੱਸੀ ਜਾਵੇ।
ਹਾਸੇ ਅੰਦਰ ਰੋਣਾ ਸ਼ਾਮਿਲ, ਰੋਣ 'ਚ ਦਰਦ ਲੁਕਾ ਰਖਿਐ..
ਹਰ ਦੂਜੇ ਸਖਸ਼ ਨੇ ਚੇਹਰੇ 'ਤੇ....
ਦਰਦੀ ਬਣਦੈ ਕੋਈ ਕੋਈ, ਸੁੱਖ-ਦੁੱਖ ਕਰਦੈ ਕੋਈ ਕੋਈ।
ਛੱਡ ਪਰਾਂ! ਬਈ ਮੈਂ ਕੀ ਲੈਣੈ, ਏਹੋ ਜੇਹਾ ਦਸਤੂਰ ਬਣਾ ਰਖਿਐ..
ਹਰ ਦੂਜੇ ਸਖਸ਼ ਨੇ ਚੇਹਰੇ 'ਤੇ....
ਦੋਹੀਂ ਹੱਥੀਂ ਲੁੱਟੀ ਜਾਵੇ, ਲੁੱਟੀ ਜਾਵੇ ਖੋਹੀ ਜਾਵੇ।
ਖੋਹ-ਖੋਹ ਕੇ ਧੰਨ ਦੂਜੇ ਕੋਲੋਂ, ਅਪਣਾ ਆਪ ਸਜਾ ਰਖਿਐ...
ਹਰ ਦੂਜੇ ਸਖਸ਼ ਨੇ ਚੇਹਰੇ 'ਤੇ....
ਦੁੱਖ ਅਪਣੇ ਆਪ ਸਹੇੜੀ ਜਾਵੇ, ਦੁੱਖਾਂ ਨਾਲ ਮਨ ਲਵੇੜੀ ਜਾਵੇ
ਕਰ-ਕਰ ਨਿੰਦਿਆ ਚੁਗਲੀ ਦੂਜੇ ਦੀ, ਸਿਰ ਤੇ ਬੋਝਾ ਉਠਾ ਰਖਿਐ
ਹਰ ਦੂਜੇ ਸਖਸ਼ ਨੇ ਚੇਹਰੇ 'ਤੇ....
ਜੋ ਅੰਦਰੋਂ ਹਾਂ ਬਾਹਰੋਂ ਵੀ ਉਹੀ, ਅਸਲ-ਨਕਲ ਵਿੱਚ ਫਰਕ ਨਾ ਕੋਈ,
ਏਸੇ ਕਰਕੇ ਆਪਣੇ ਆਪ ਨੂੰ, ਅੱਜ ਤਾਈਂ 'ਰਿਸ਼ੀ' ਬਚਾ ਰਖਿਐ
ਹਰ ਦੂਜੇ ਸਖਸ਼ ਨੇ ਚੇਹਰੇ 'ਤੇ ਨਕਲੀ ਚੇਹਰਾ ਲਾ ਰਖਿਐ
ਆਪਣੇ ਗਮ ਨੂੰ ਆਪਣੇ ਅੰਦਰ ਚੰਗੀ ਤਰ੍ਹਾਂ ਦਬਾ ਰਖਿਐ।

00

ਤੂੰ ਹੀ ਤੂੰ, ਤੂੰ ਹੀ ਤੂੰ...

ਤੂੰ ਹੀ ਤੂੰ, ਤੂੰ ਹੀ ਤੂੰ...ਤੂੰ ਹੀ ਤੂੰ, ਤੂੰ ਹੀ ਤੂੰ...
ਤੂੰ ਹੀ ਤੂੰ, ਤੂੰ ਹੀ ਤੂੰ...,ਤੂੰ ਹੀ ਤੂੰ, ਤੂੰ ਹੀ ਤੂੰ...
ਗੁਰਦੁਆਰੇ 'ਚ ਤੂੰ, ਮਸੀਤ 'ਚ ਤੂੰ।
ਮੰਦਿਰ 'ਚ ਤੂੰ, ਚਰਚ 'ਚ ਤੂੰ।।
ਤੂੰ ਹੀ ਤੂੰ, ਤੂੰ ਹੀ ਤੂੰ...
ਵਾਹਿਗੁਰੂ 'ਚ ਤੂੰ, ਅੱਲ੍ਹਾ 'ਚ ਤੂੰ।
ਭਗਵਾਨ 'ਚ ਤੂੰ, ਗਾਡ 'ਚ ਤੂੰ।।
ਤੂੰ ਹੀ ਤੂੰ, ਤੂੰ ਹੀ ਤੂੰ...
ਧਰਤੀ 'ਚ ਤੂੰ, ਪਾਤਾਲ 'ਚ ਤੂੰ।
ਸਾਗਰਾਂ 'ਚ ਤੂੰ, ਅਸਮਾਨ 'ਚ ਤੂੰ।।
ਤੂੰ ਹੀ ਤੂੰ, ਤੂੰ ਹੀ ਤੂੰ...
ਜਲ 'ਚ ਤੂੰ, ਥਲ 'ਚ ਤੂੰ।
ਮਿੱਟੀ ਦੇ ਹਰ ਇੱਕ ਕਣ 'ਚ ਤੂੰ।।
ਤੂੰ ਹੀ ਤੂੰ, ਤੂੰ ਹੀ ਤੂੰ...
ਸਜੀਵ 'ਚ ਤੂੰ, ਨਿਰਜੀਵ 'ਚ ਤੂੰ।
ਦੁਨੀਆ ਦੀ ਨਿੱਕੀ ਵੱਡੀ ਚੀਜ਼ 'ਚ ਤੂੰ।।
ਤੂੰ ਹੀ ਤੂੰ, ਤੂੰ ਹੀ ਤੂੰ...
ਇਨਸਾਨ 'ਚ ਤੂੰ, ਹੈਵਾਨ 'ਚ ਤੂੰ।
ਜਾਣੀਜਾਣ 'ਚ ਤੂੰ, ਅਣਜਾਣ 'ਚ ਤੂੰ।।
ਤੂੰ ਹੀ ਤੂੰ, ਤੂੰ ਹੀ ਤੂੰ...
ਜੰਗਲਾਂ 'ਚ ਤੂੰ, ਬੇਲਿਆਂ 'ਚ ਤੂੰ।
ਗੁਰੂਆਂ 'ਚ ਤੂੰ, ਚੇਲਿਆਂ 'ਚ ਤੂੰ।।
ਤੂੰ ਹੀ ਤੂੰ, ਤੂੰ ਹੀ ਤੂੰ...
ਸੰਗੀਤ 'ਚ ਤੂੰ, ਰਾਗ 'ਚ ਤੂੰ।
ਸੂਫੀਗੀਤ 'ਚ ਤੂੰ, ਨਾਦ 'ਚ ਤੂੰ।।
ਤੂੰ ਹੀ ਤੂੰ, ਤੂੰ ਹੀ ਤੂੰ...

ਅਮੀਰ 'ਚ ਤੂੰ, ਗਰੀਬ 'ਚ ਤੂੰ।
ਦੋਹਾਂ ਜਣਿਆਂ ਦੇ ਨਸੀਬ 'ਚ ਤੂੰ।।
ਤੂੰ ਹੀ ਤੂੰ, ਤੂੰ ਹੀ ਤੂੰ...
ਸਾਧ 'ਚ ਤੂੰ ਚੋਰ 'ਚ ਤੂੰ।
ਚੁੱਪੀ 'ਚ ਤੂੰ, ਸ਼ੋਰ 'ਚ ਤੂੰ।।
ਤੂੰ ਹੀ ਤੂੰ, ਤੂੰ ਹੀ ਤੂੰ...
ਸੁੱਖ 'ਚ ਤੂੰ, ਦੁੱਖ 'ਚ ਤੂੰ।
ਰੱਜ 'ਚ ਤੂੰ ਭੁੱਖ 'ਚ ਤੂੰ।।
ਤੂੰ ਹੀ ਤੂੰ, ਤੂੰ ਹੀ ਤੂੰ...
ਤੇਰੀ ਹਸਤੀ ਨਿਆਰੀ, ਤੇਰੀ ਹਸਤੀ ਪਿਆਰੀ,
ਤੇਰੀ ਹਰ ਸ਼ੈਅ ਨਿਆਰੀ, 'ਰਿਸ਼ੀ' ਹਰ ਸ਼ੈਅ ਪਿਆਰੀ।
ਤੂੰ ਹੀ ਤੂੰ, ਤੂੰ ਹੀ ਤੂੰ...

00

ਸ਼ਾਇਦ

ਸ਼ਾਇਦ ਸਾਨੂੰ ਇਸ ਗੱਲ ਦਾ ਇਲਮ ਨਹੀਂ ਕਿ ਜਦੋਂ ਅਸੀਂ ਕਿਸੇ ਦੀ ਛਵੀ ਵਿਗਾੜ ਰਹੇ ਹੁੰਦੇ ਹਾਂ ਤਾਂ ਅਸਲ 'ਚ ਅਸੀਂ ਆਪਣੀ ਹੀ ਛਵੀ ਵਿਗਾੜ ਰਹੇ ਹੁੰਦੇ ਹਾਂ।

ਸ਼ਾਇਦ ਸਾਨੂੰ ਇਸ ਗੱਲ ਦਾ ਇਲਮ ਨਹੀਂ ਕਿ ਜਦੋਂ ਅਸੀਂ ਕਿਸੇ ਨਾਲ ਝੂਠ ਬੋਲ ਰਹੇ ਹੁੰਦੇ ਹਾਂ ਯਾਂ ਧੋਖਾ ਧੜੀ ਕਰ ਰਹੇ ਹੁੰਦੇ ਹਾਂ ਤਾਂ ਅਸੀਂ ਅਪਣੇ ਆਪ ਨਾਲ ਹੀ ਝੂਠ ਬੋਲ ਰਹੇ ਹੁੰਦੇ ਹਾਂ ਤੇ ਆਪਣੇ ਆਪ ਨੂੰ ਹੀ ਧੋਖਾ ਦੇ ਰਹੇ ਹੁੰਦੇ ਹਾਂ।

ਸ਼ਾਇਦ ਸਾਨੂੰ ਇਸ ਗੱਲ ਦਾ ਇਲਮ ਨਹੀਂ ਕਿ ਜੋ ਇਨਸਾਨ ਇਸ ਵਕਤ ਸਾਡੇ ਕੋਲ ਕਿਸੇ ਦੀ ਨਿੰਦਾ ਚੁਗਲੀ ਕਰ ਰਿਹੈ ਉਹ ਥੋੜੀ ਦੇਰ ਪਹਿਲਾਂ ਹੀ ਸਾਡੀ ਨਿੰਦਾ ਚੁਗਲੀ ਕਿਸੇ ਹੋਰ ਕੋਲ ਕਰ ਕੇ ਆਇਆ ਹੁੰਦੈ।

ਸ਼ਾਇਦ ਸਾਨੂੰ ਇਸ ਗੱਲ ਦਾ ਇਲਮ ਨਹੀਂ ਕਿ ਦੂਸਰੇ ਦਾ ਬੁਰਾ ਸੋਚਕੇ ਅਤੇ ਕਰਕੇ ਅਸੀਂ ਆਪਣੇ ਲਈ ਤੇ ਆਪਣੇ ਪ੍ਰੀਵਾਰ ਲਈ ਹੀ ਕੰਡੇ ਬੀਜ ਰਹੇ ਹੁੰਦੇ ਹਾਂ।

ਸ਼ਾਇਦ ਸਾਨੂੰ ਇਸ ਗੱਲ ਦਾ ਇਲਮ ਨਹੀਂ ਕਿ ਕਈ ਅਨਪੜ੍ਹ ਇਨਸਾਨ ਵੀ ਪੜ੍ਹੇ ਲਿਖੇ ਇਨਸਾਨਾਂ ਨਾਲੋਂ ਕਿਤੇ ਵੱਧ ਸਿਆਣੇ, ਸਮਝਦਾਰ ਅਤੇ ਅਕਲਮੰਦ ਹੁੰਦੇ ਹਨ।

'ਰਿਸ਼ੀ' ਸਾਨੂੰ ਇਸ ਗੱਲ ਦਾ ਇਲਮ ਨਹੀਂ ਕਿ ਆਉਣ ਵਾਲਾ ਸਮਾਂ ਸਾਡੇ ਲਈ ਚੰਗਾ ਆਵੇਗਾ ਜਾਂ ਕਿ ਮਾੜਾ। ਸੋ ਸਾਨੂੰ ਦੋਹਾਂ ਲਈ ਸਦਾ ਤਿਆਰ ਰਹਿਣਾ ਚਾਹੀਦੈ। ਸਾਨੂੰ ਏਹੋ ਜੇਹੇ ਕੰਮ ਕਦੀ ਵੀ ਨਹੀਂ ਕਰਨੇ ਚਾਹੀਦੇ ਜਿਹੜੇ ਕੰਮ ਕਰਕੇ ਸਾਨੂੰ ਮਗਰੋਂ ਪਛਤਾਉਣਾ ਪਵੇ। ਬਲਕਿ ਏਹੋ ਜੇਹੇ ਕੰਮ ਹੀ ਕਰਨੇ ਚਾਹੀਦੇ ਹਨ ਜੇਹਨਾਂ ਨਾਲ ਸਾਡਾ, ਸਾਡੇ ਪਰਿਵਾਰ, ਸਮਾਜ, ਦੇਸ਼ ਅਤੇ ਕੌਮ ਦਾ ਸਿਰ ਮਾਣ ਨਾਲ ਉੱਚਾ ਹੋਵੇ।

00

ਮੇਰੀ ਵਸੀਅਤ

ਕੋਈ ਕਰਦੈ ਵਸੀਅਤ ਪੈਸੇ ਦੀ,
ਕੋਈ ਕਰਦੈ ਜ਼ਮੀਨ-ਮਕਾਨਾਂ ਦੀ।
ਕੋਈ ਕਰਦੈ ਵਸੀਅਤ ਖੇਤਾਂ ਦੀ,
ਕੋਈ ਕਰਦੈ ਵਸੀਅਤ ਦੁਕਾਨਾਂ ਦੀ।
ਮੇਰੇ ਕੋਲ ਤਾਂ ਕੁੱਝ ਵੀ ਨਹੀਂ ਹੈਗਾ,
ਕਾਹਦੀ ਮੈਂ ਵਸੀਅਤ ਬਣਾਉਂਗੀ!
ਮੇਰੇ ਕੋਲ ਤਾਂ ਦੋ ਕਿਤਾਬਾਂ ਨੇ,
ਜੋ ਮੈਂ ਬੱਚਿਆਂ ਦੇ ਹੱਥ ਧਰ ਜਾਊਂਗੀ।।
ਦੋ-ਦੋ ਸਾਲਾਂ 'ਚ ਇੱਕ-2 ਕਿਤਾਬ ਤਿਆਰ ਹੋਈ।
ਪਰ ਤਿਆਰ ਇਹ ਨਾਲ ਪਿਆਰ ਹੋਈ।।
ਮਨ ਦਾ ਨੀਰ ਅਤੇ ਪ੍ਰੇਰਣਾ,
ਨਾਮ ਨੇ ਦੋਹਾਂ ਕਿਤਾਬਾਂ ਦੇ।
ਦੋ-ਦੋ ਘੰਟੇ ਲਾਕੇ ਫੋਲ ਲਈਉ,
ਤੁਸੀਂ ਵਰਕੇ ਦੋਹਾਂ ਕਿਤਾਬਾਂ ਦੇ।।
ਹਰ ਵਰਕੇ ਉਤੇ ਸੱਚਾਈ ਹੈ,
ਮੈਥੋਂ ਮੇਰੇ ਦਾਤੇ ਨੇ ਲਿਖਵਾਈ ਹੈ।
ਹਰ ਲਿਖਤ ਦੇ ਵਿਚ ਨਸੀਹਤ ਹੈ,
ਨਸੀਹਤ 'ਤੇ ਅਮਲ ਕਰੀ ਜਾਈਓ।
ਜਦੋਂ ਜਦੋਂ ਨਸੀਹਤ ਕੰਮ ਆਊ,
ਉਦੋਂ ਯਾਦ ਦਾਤੇ ਨੂੰ ਕਰੀ ਜਾਈਉ।।
ਉਦੋਂ ਯਾਦ 'ਰਿਸ਼ੀ' ਨੂੰ ਕਰੀ ਜਾਈਉ।।
ਬੱਚਿਓ! ਯਾਦ ਅੰਮੜੀ ਨੂੰ ਕਰੀ ਜਾਈਉ।।।

00

ਨਵੇਂ ਸਾਲ 'ਚ ਨਵਾਂ ਕੁੱਝ ਕਰਕੇ....

ਨਵੇਂ ਸਾਲ 'ਚ ਨਵਾਂ ਕੁੱਝ ਕਰਕੇ, ਮਾਰੀਏ ਨਵੀਆਂ ਮੱਲ੍ਹਾਂ।
ਝਗੜੇ ਝੇੜੇ ਪਿੱਛੇ ਛੱਡਕੇ, ਕਰੀਏ ਪਿਆਰ ਦੀਆਂ ਗੱਲਾਂ।।
2013 ਸਾਥ ਛੱਡ ਗਿਆ, 2014 ਹੱਥ ਹੈ ਆਇਆ।
ਨਵਾਂ ਕੈਲੰਡਰ ਆਪਾਂ ਸਭਨੇ, ਮੇਜ਼ ਦੇ ਉੱਤੇ ਸਜਾਇਆ।
ਇੱਕ-2 ਦਿਨ ਹੈ ਬੜਾ ਕੀਮਤੀ, ਮਾਰੀਏ ਨਵੀਆਂ ਮੱਲ੍ਹਾਂ...
ਨਵੇਂ ਸਾਲ 'ਚ ਨਵਾਂ ਕੁੱਝ ਕਰਕੇ.....
ਹਰ ਦਿਨ ਨਵਾਂ ਨਕੋਰ ਹੈ ਹੁੰਦਾ।
ਹਰ ਦਿਨ ਹੋਰ ਤੋਂ ਹੋਰ ਹੈ ਹੁੰਦਾ।
ਹਰ ਦਿਨ ਨਵੀਂ ਕਹਾਣੀ ਲਿਖਕੇ, ਮਾਰੀਏ ਨਵੀਆਂ ਮੱਲ੍ਹਾਂ...
ਨਵੇਂ ਸਾਲ 'ਚ ਨਵਾਂ ਕੁੱਝ ਕਰਕੇ.....
ਕਿਸੇ ਦਾ ਦਿਲ ਨਾ ਕਦੀ ਦੁਖਾਈਏ
ਕਿਸੇ ਦਾ ਮਨ ਨਾ ਕਦੀ ਕਲਪਾਈਏ।।
ਹਰ ਇੱਕ ਜੀਵ ਨੂੰ ਖੁਸ਼ੀਆਂ ਦੇਕੇ, ਮਾਰੀਏ ਨਵੀਆਂ ਮੱਲ੍ਹਾਂ....
ਨਵੇਂ ਸਾਲ 'ਚ ਨਵਾਂ ਕੁੱਝ ਕਰਕੇ.....
ਅਪਣੇ ਦੁੱਖਾਂ ਨੂੰ ਭੁੱਲ ਜਾਈਏ।
ਸੁਖਾਂ ਵਾਲੇ ਬੂਟੇ ਲਾਈਏ।।
ਜੋ ਬੀਤ ਗਈ ਸੋ ਬੀਤ ਗਈ, ਕਹਿਕੇ, ਮਾਰੀਏ ਨਵੀਆਂ ਮੱਲ੍ਹਾਂ...
ਨਵੇਂ ਸਾਲ 'ਚ ਨਵਾਂ ਕੁੱਝ ਕਰਕੇ.....
ਕੰਮਕਾਰ ਰੂਹ ਲਾਕੇ ਕਰੀਏ।
ਦਾਤੇ ਦਾ ਸ਼ੁਕਰਾਨਾ ਕਰੀਏ।
ਲੈਕੇ ਅਸੀਸਾਂ ਰੱਬ ਦੇ ਦਰ ਤੋਂ 'ਰਿਸ਼ੀ' ਮਾਰੀਏ ਨਵੀਆਂ ਮੱਲਾਂ
ਨਵੇਂ ਸਾਲ 'ਚ ਨਵਾਂ ਕੁੱਝ ਕਰਕੇ...

00

ਅਪਣੀ ਪਿਆਰੀ ਪੋਤਰੀ ਦੇ ਨਾਂ **(ਅਸੀਂ ਤੈਨੂੰ ਪਿਆਰ ਕਰਦੇ ਹਾਂ)...**

ਅਸੀਂ ਤੈਨੂੰ ਪਿਆਰ ਕਰਦੇ ਹਾਂ। ਅਸੀਂ ਤੈਨੂੰ ਪਿਆਰ ਕਰਦੇ ਹਾਂ।
ਇੱਕ ਵਾਰ ਨਹੀਂ ਕਰਦੇ, ਅਸੰਖਾ ਵਾਰ ਕਰਦੇ ਹਾਂ।

ਇਨਾਇਆ ਜਾਨ ਹੈ ਸਾਡੀ, ਇਨਾਇਆ ਸ਼ਾਨ ਹੈ ਸਾਡੀ।
ਇਨਾਇਆ ਆਨ ਹੈ ਸਾਡੀ, ਅਸੀਂ ਇਜ਼ਹਾਰ ਕਰਦੇ ਹਾਂ...
ਅਸੀਂ ਤੈਨੂੰ ਪਿਆਰ ਕਰਦੇ ਹਾਂ....
ਤੂੰ ਕਲੀਆਂ ਤੋਂ ਵੀ ਸੋਹਣੀ ਏਂ, ਤੂੰ ਫੁੱਲਾਂ ਤੋਂ ਮਨਮੋਹਣੀ ਏਂ।
ਤੂੰ ਪਰੀਆਂ ਤੋਂ ਵੀ ਸੋਹਣੀ ਏਂ, ਅਸੀਂ ਦੀਦਾਰ ਕਰਦੇ ਹਾਂ।
ਅਸੀਂ ਤੈਨੂੰ ਪਿਆਰ ਕਰਦੇ ਹਾਂ....
ਤੂੰ ਹੀ ਪ੍ਰੀਵਾਰ ਹੈ ਸਾਡਾ, ਤੂੰ ਹੀ ਸ਼ਿੰਗਾਰ ਹੈ ਸਾਡਾ।
ਤੂੰ ਹੀ ਸੰਸਾਰ ਹੈ ਸਾਡਾ, ਅਸੀਂ ਇਕਰਾਰ ਕਰਦੇ ਹਾਂ...
ਅਸੀਂ ਤੈਨੂੰ ਪਿਆਰ ਕਰਦੇ ਹਾਂ....
ਤੂੰ ਸਾਨੂੰ ਜਾਨ ਤੋਂ ਪਿਆਰੀ, ਤੂੰ ਸਾਨੂੰ ਪ੍ਰਾਣ ਤੋਂ ਪਿਆਰੀ।
ਤੂੰ ਹਰ ਇਨਸਾਨ ਤੋਂ ਪਿਆਰੀ 'ਰਿਸ਼ੀ' ਸਵੀਕਾਰ ਕਰਦੇ ਹਾਂ
ਅਸੀਂ ਤੈਨੂੰ ਪਿਆਰ ਕਰਦੇ ਹਾਂ....

00

ਮੇਰੇ ਮੱਥੇ ਤੇ ਤਰੇਲੀਆਂ ਨੇ ਆਈਆਂ

ਜੱਗ ਦੇ ਹਾਲਾਤ ਵੇਖਕੇ ਅੱਖਾਂ ਮਲੋਮਲੀ ਦੋਵੇਂ ਭਰ ਆਈਆਂ।
ਅੱਜ ਦੇ ਹਾਲਾਤ ਵੇਖਕੇ ਮੇਰੇ ਮੱਥੇ 'ਤੇ ਤਰੇਲੀਆਂ ਨੇ ਅਈਆਂ।।
ਕਿਤੇ ਹੜ ਆਏ ਕਿਤੇ ਧਰਤੀ ਪਿਆਸੀ ਹੈ।
ਕਿਤੇ ਰੌਣਕਾਂ ਨੇ ਚੇਹਰਿਆਂ 'ਤੇ ਕਿਤੇ ਘੋਰ ਉਦਾਸੀ ਹੈ।
ਕਿਤੇ ਨੱਚ-ਨੱਚ ਧਰਤਾਂ ਹਿਲਾਈਆਂ...
ਜੱਗ ਦੇ ਹਾਲਾਤ ਵੇਖਕੇ.....
ਕਿਤੇ ਬੱਤੀ ਗੁੱਲ ਲੋਕੀ ਹਨੇਰੇ 'ਚ ਰਹਿਣ ਪਏ।
ਕਿਤੇ ਪਾਣੀ ਦੀ ਹੈ ਕਮੀ, ਪਿਆਸੇ ਲੋਕੀ ਮਰਨ ਪਏ।।
ਕਿਤੇ 24 ਘੰਟੇ ਬੱਤੀਆਂ ਜਗਾਈਆਂ
ਜੱਗ ਦੇ ਹਾਲਾਤ ਵੇਖਕੇ.....
ਕਿਸੇ ਕੋਲ ਛੱਤ ਹੈ ਨਹੀਂ, ਸਿਰ ਨੂੰ ਛੁਪਾਉਣ ਲਈ।
ਕਿਸੇ ਕੋਲ ਦਰ ਹੈ ਨਹੀਂ ਵਕਤ ਟਪਾਉਣ ਲਈ।।
ਕਿਸੇ ਕੋਠੀਆਂ ਤੇ ਕੋਝੀਆਂ ਬਣਾਈਆਂ..
ਜੱਗ ਦੇ ਹਾਲਾਤ ਵੇਖਕੇ.....
ਕਿਸੇ ਨੂੰ ਰੋਟੀ ਮਿਲਦੀ ਨਹੀਂ ਭੁੱਖ ਨੂੰ ਮਿਟਾਉਣ ਲਈ।
ਕਿਸੇ ਨੂੰ ਦੁੱਧ ਮਿਲਦਾ ਨਹੀਂ, ਬਾਲਾਂ ਨੂੰ ਪਿਲਾਉਣ ਲਈ।।
ਕਿਸੇ ਦੁੱਧ ਨਾਲ ਮੂਰਤਾਂ ਨੁਹਾਈਆਂ...
ਜੱਗ ਦੇ ਹਾਲਾਤ ਵੇਖਕੇ.....
ਕਿਸੇ ਨੂੰ ਕੱਪੜਾ ਮਿਲਦਾ ਨਹੀਂ ਤਨ 'ਤੇ ਪਾਉਣ ਲਈ।
ਕਿਸੇ ਨੂੰ ਜੁੱਤੀ ਜੁੜਦੀ ਨਹੀਂ ਪੈਰਾਂ 'ਚ ਪਾਉਣ ਲਈ।
ਕਿਸੇ ਗੱਲ 'ਚ ਸਿਲਕਾਂ ਨੇ ਪਾਈਆਂ...
ਜੱਗ ਦੇ ਹਾਲਾਤ ਵੇਖਕੇ.....
ਕਿਸੇ ਕੋਲ ਪੈਸਾ ਹੈ ਨਹੀਂ ਘਰ ਨੂੰ ਚਲਾਉਣ ਲਈ।
ਕਿਸੇ ਕੋਲ ਧੇਲਾ ਹੈ ਨਹੀਂ ਜੇਬ 'ਚ ਪਾਉਣ ਲਈ।।
ਕਿਸੇ ਤਿਜੌਰੀਆਂ ਨੂੰ ਤਾਲੀਆਂ ਨੇ ਲਾਈਆਂ...
ਜੱਗ ਦੇ ਹਾਲਾਤ ਵੇਖਕੇ.....

ਕਿਸੇ ਕੋਲ ਸਮਾ ਹੈ ਨਹੀਂ ਪ੍ਰੀਵਾਰ ਨੂੰ ਰਿਝਾਉਣ ਲਈ।
ਕਿਸੇ ਕੋਲ ਸਮਾਂ ਹੈ ਨਹੀਂ ਧਰਮ-ਖਾਤੇ ਲਾਉਣ ਲਈ।।
ਕਿਸੇ ਕਲੱਬਾਂ 'ਚ ਰਾਤਾਂ ਨੇ ਲੰਘਾਈਆਂ...
ਜੱਗ ਦੇ ਹਾਲਾਤ ਵੇਖਕੇ.....
ਕਿਸੇ ਕੋਲ ਓਲਾਦ ਨਹੀਂ, ਉਹ ਤਰਸਦੈ ਓਲਾਦ ਲਈ।
ਕਿਸੇ ਕੋਲ ਓਲਾਦ, ਪਰ ਤਰਸਦੈ ਪਿਆਰ ਲਈ।।
ਕਿਸੇ ਕੁੱਖ 'ਚ ਰਿਸ਼ੀ ਧੀਆਂ ਮਰਵਾਈਆਂ..
ਜੱਗ ਦੇ ਹਾਲਾਤ ਵੇਖਕੇ.....

00

ਪਤਾ ਲਗਦੈ...

ਜਿੰਦਗੀ ਕਿਹਨੂੰ ਕਹਿੰਦੇ ਨੇ, ਜਿੰਦਗੀ ਜੀਉ ਕੇ ਹੀ ਪਤਾ ਲਗਦੈ।
ਬੰਦਗੀ ਕਿਹਨੂੰ ਕਹਿੰਦੇ ਨੇ, ਬੰਦਗੀ ਕਰ ਕੇ ਹੀ ਪਤਾ ਲਗਦੈ।
ਜਵਾਨੀ ਕਿਹਨੂੰ ਕਹਿੰਦੇ ਨੇ, ਜਵਾਨ ਹੋ ਕੇ ਹੀ ਪਤਾ ਲਗਦੈ।
ਨਾਦਾਨੀ ਕਿਹਨੂੰ ਕਹਿੰਦੇ ਨੇ, ਨਾਦਾਨ ਬਣ ਕੇ ਹੀ ਪਤਾ ਲਦਗੈ।
ਹੈਰਾਨੀ ਕਿਹਨੂੰ ਕਹਿੰਦੇ ਨੇ, ਹੈਰਾਨ ਹੋਕੇ ਹੀ ਪਤਾ ਲਗਦੈ।
ਪ੍ਰੇਸ਼ਾਨੀ ਕਿਹਨੂੰ ਕਹਿੰਦੇ ਨੇ, ਪ੍ਰੇਸ਼ਾਨ ਹੋ ਕੇ ਹੀ ਪਤਾ ਲਗਦੈ।
ਖੁਸ਼ੀ ਕਿਹਨੂੰ ਕਹਿੰਦੇ ਨੇ, ਖੁਸ਼ ਹੋਕੇ ਹੀ ਪਤਾ ਲਗਦੈ।
ਦੁੱਖ ਕਿਹਨੂੰ ਕਹਿੰਦੇ ਨੇ, ਦੁਖੀ ਹੋਕੇ ਹੀ ਪਤਾ ਲਗਦੈ।
ਅਮੀਰੀ ਕਿਹਨੂੰ ਕਹਿੰਦੇ ਨੇ, ਅਮੀਰ ਬਣ ਕੇ ਹੀ ਪਤਾ ਲਗਦੈ।
ਗਰੀਬੀ ਕਿਹਨੂੰ ਕਹਿੰਦੇ ਨੇ, ਗਰੀਬੀ ਕੱਟਕੇ ਹੀ ਪਤਾ ਲਗਦੈ।
ਪਿਆਰ ਕਿਹਨੂੰ ਕਹਿੰਦੇ ਨੇ, ਪਿਆਰ ਕਰਕੇ ਹੀ ਪਤਾ ਲਗਦੈ।
ਇੰਤਜ਼ਾਰ ਕਿਹਨੂੰ ਕਹਿੰਦੇ ਨੇ, ਇੰਤਜ਼ਾਰ ਕਰਕੇ ਹੀ ਪਤਾ ਲਗਦੈ।
ਮਾਪੇ ਕਿਹਨੂੰ ਕਹਿੰਦੇ ਨੇ, ਮਾਪੇ ਬਣ ਕੇ ਹੀ ਪਤਾ ਲਗਦੈ।
ਸਿਆਪੇ ਕਿਹਨੂੰ ਕਹਿੰਦੇ ਨੇ, ਸਿਆਪੇ ਪਿਆਂ ਤੇ ਹੀ ਪਤਾ ਲਗਦੈ।
ਗੀਤ ਕਿਹਨੂੰ ਕਹਿੰਦੇ ਨੇ, ਗੀਤ ਗਾਕੇ ਹੀ ਪਤਾ ਲਗਦੈ।
ਸੰਗੀਤ ਕਿਹਨੂੰ ਕਹਿੰਦੇ ਨੇ, ਸੰਗੀਤ ਸੁਣ ਕੇ ਹੀ ਪਤਾ ਲਗਦੈ।
ਸ਼ੋਰ ਕਿਹਨੂੰ ਕਹਿੰਦੇ ਨੇ, ਸ਼ੋਰ ਪਾਕੇ ਹੀ ਪਤਾ ਲਗਦੈ।
ਬੋਰ ਕਿਹਨੂੰ ਕਹਿੰਦੇ ਨੇ, ਬੋਰ ਹੋਕੇ ਹੀ ਪਤਾ ਲਗਦੈ।
ਕਹਾਣੀ ਕਿਹਨੂੰ ਕਹਿੰਦੇ ਨੇ, ਕਹਾਣੀ ਪੜ੍ਹ, ਸੁਣ, ਲਿਖ ਕੇ ਹੀ ਪਤਾ ਲਗਦੈ।
ਕਵਿਤਾ ਕਿਹਨੂੰ ਕਹਿੰਦੇ ਨੇ, ਕਵਿਤਾ ਪੜ੍ਹ, ਸੁਣ, ਲਿਖ ਕੇ ਹੀ ਪਤਾ ਲਗਦੈ।
ਹੱਸਣਾ ਕਿਹਨੂੰ ਕਹਿੰਦੇ ਨੇ, ਹੱਸ ਕੇ ਹੀ ਪਤਾ ਲਗਦੈ।
ਰੋਣਾ ਕਿਹਨੂੰ ਕਹਿੰਦੇ ਨੇ, ਰੋ ਕੇ ਹੀ ਪਤਾ ਲਗਦੈ।
ਇਨਸਾਨ ਕਿਹਨੂੰ ਕਹਿੰਦੇ ਨੇ, ਇਨਸਾਨ ਬਣ ਕੇ ਹੀ ਪਤਾ ਲਗਦੈ।
ਭਗਵਾਨ ਕਿਹਨੂੰ ਕਹਿੰਦੇ ਨੇ, ਗਿਆਨ ਸੁਣ ਕੇ ਹੀ ਪਤਾ ਲਗਦੈ।
ਮੌਤ ਕਿਹਨੂੰ ਕਹਿੰਦੇ ਨੇ, 'ਰਿਸ਼ੀ' ਇਹ ਤਾਂ ਮੌਤ ਨੂੰ ਹੀ ਪਤਾ ਲਗਦੈ।

00

ਮੁੜ-ਮੁੜ ਕੇ ਨਾ ਵੇਖ ਓ ਬੰਦਿਆ!

ਮੁੜ-2 ਕੇ ਨਾ ਵੇਖ ਓ ਬੰਦਿਆ! ਮੁੜ-2 ਕੇ ਨਾ ਵੇਖ!
ਮੰਜਿਲ ਤੇਰੀ ਖੜੀ ਉਡੀਕੇ, ਲੈ-ਲੈ ਸਤਿਗੁਰੂ ਦੀ ਟੇਕ।।
ਮੁੜ-2 ਕੇ ਜੇ ਵੇਖੇਂਗਾ ਤੂੰ, ਮੰਜਿਲ ਨਾ ਤੈਨੂੰ ਦਿਸਣੀ।
ਪਿਛਲੀਆਂ ਪੈਡਾਂ ਦੇ ਚੱਕਰ 'ਚ, ਅਗਲੀ ਵਾਟ ਨਾ ਕੱਟਣੀ।।
ਚੁਣ ਲੈ ਰਾਹ ਆਪਣੀ ਮੰਜਿਲ ਲਈ ਤੇਰੇ ਸਾਹਵੇਂ ਰਾਹ ਅਨੇਕ...
ਮੁੜ-2 ਕੇ ਨਾ ਵੇਖ ਓ ਬੰਦਿਆ....
ਮੁੜ-2 ਕੇ ਜੋ ਵੇਂਹਦੇ ਰਹਿੰਦੇ,
ਰਹਿੰਦੇ ਨੇ ਉਹ ਡਿੱਗਦੇ ਢਹਿੰਦੇ।।
ਨਿਸ਼ਾਨਾ ਮਿੱਥ ਕੇ ਜੋ ਨਾ ਤੁਰਦੇ, ਡੁੱਬ ਜਾਂਦੇ ਉਹਨਾਂ ਦੇ ਲੇਖ
ਮੁੜ-2 ਕੇ ਨਾ ਵੇਖ ਓ ਬੰਦਿਆ....
ਮੂੰਹ ਚੁੱਕ ਕੇ ਜੋ ਤੁਰਦੇ ਬੰਦੇ।
ਮੂਧੇ ਮੂੰਹ ਉਹ ਡਿੱਗਦੇ ਬੰਦੇ।।
ਸੱਟਾਂ ਖਾ-ਖਾ ਜ਼ਖ਼ਮੀ ਹੁੰਦੇ, ਦਿੰਦੇ ਰਹਿਣ ਇੱਟਾਂ ਦਾ ਸੇਕ
ਮੁੜ-2 ਕੇ ਨਾ ਵੇਖ ਓ ਬੰਦਿਆ....
ਮਿਲਖਾ ਸਿੰਘ ਵਾਂਙੂ ਦੌੜ ਲਗਾਈਏ।
ਅਪਣੇ ਆਪ ਨੂੰ ਸਿਖਰ ਪਹੁੰਚਾਈਏ।।
ਸ਼ਿਖਰਾਂ ਨੂੰ ਛੂਹ ਕੇ ਦਮ ਲਈਏ, ਨੰਬਰ ਬਣੀਏ ਏਕ
ਮੁੜ-2 ਕੇ ਨਾ ਵੇਖ ਓ ਬੰਦਿਆ....
ਅਗਾਂਹ ਤੁਰ ਜਾਹ, ਅਗਾਂਹ ਵਧੀ ਜਾਹ।
ਹੋਰ ਤੁਰੀ ਜਾਹ, ਹੋਰ ਵਧੀ ਜਾਹ।।
ਵਾਧਾ ਹੀ ਵਾਧਾ ਹੋਊ ਜਿੰਦਗੀ 'ਚ 'ਰਿਸ਼ੀ' ਕਰਕੇ ਕੁੱਝ ਤਾਂ ਵੇਖ
ਮੁੜ-2 ਕੇ ਨਾ ਵੇਖ ਓ ਬੰਦਿਆ....

00

ਪਿਆਰ ਅਹਿਸਾਸ ਹੈ ਲੋਕੋ

ਪਿਆਰ ਅਹਿਸਾਸ ਹੈ ਲੋਕੋ! ਪਿਆਰ ਕੋਈ ਮੁੱਲ ਨਹੀਂ ਵਿਕਦਾ।
ਪਿਆਰ ਵਿਸ਼ਵਾਸ ਹੈ ਲੋਕੋ! ਪਿਆਰ ਬਾਹਰੋਂ ਨਹੀਂ ਦਿੱਸਦਾ।
ਪਿਆਰ ਮਿਲਦੈ ਗੁਰੂ ਕੋਲੋਂ।
ਪਿਆਰ ਮਿਲਦੈ ਚੇਲੇ ਕੋਲੋਂ।।
ਪਿਆਰ ਮਿਲਦੈ ਜੀ, ਰੱਬ ਕੋਲੋਂ, ਪਿਆਰ ਕੋਈ ਮੁੱਲ ਨਹੀਂ ਵਿਕਦਾ।
ਪਿਆਰ ਅਹਿਸਾਸ ਹੈ ਲੋਕੋ....
ਪਿਆਰ ਮਾਪਿਆਂ ਤੋਂ ਮਿਲਦਾ ਹੈ।
ਪਿਆਰ ਭੈਣ-ਭਰਾਵਾਂ ਤੋਂ ਮਿਲਦਾ ਹੈ।।
ਪਿਆਰ ਮਿਲਦੈ ਬਜ਼ੁਰਗਾਂ ਤੋਂ, ਪਿਆਰ ਕੋਈ ਮੁੱਲ ਨਹੀਂ ਵਿਕਦਾ। ਪਿਆਰ ਅਹਿਸਾਸ ਹੈ ਲੋਕੋ....
ਪਿਆਰ ਮਿਲਦੈ ਪਤੀ ਕੋਲੋਂ।
ਪਿਆਰ ਮਿਲਦੈ ਪਤਨੀ ਕੋਲੋਂ।
ਪਿਆਰ ਮਿਲਦਾ ਹੈ ਬੱਚਿਆਂ ਤੋਂ, ਪਿਆਰ ਕੋਈ ਮੁੱਲ ਨਹੀਂ ਵਿਕਦਾ।
ਪਿਆਰ ਅਹਿਸਾਸ ਹੈ ਲੋਕੋ....
ਪਿਆਰ ਮਿਲਦੈ ਸਹੇਲੀ ਤੋਂ,
ਪਿਆਰ ਮਿਲਦੈ ਜੀ ਬੇਲੀ ਤੋਂ।।
ਪਿਆਰ ਮਿਲਦੈ ਪੜੋਸੀ ਤੋਂ, ਪਿਆਰ ਕੋਈ ਮੁੱਲ ਨਹੀਂ ਵਿਕਦਾ।।
ਪਿਆਰ ਅਹਿਸਾਸ ਹੈ ਲੋਕੋ....
ਪਿਆਰ ਮਿਲਦਾ ਹੈ 'ਜਿਪਸੀ' ਤੋਂ।
ਪਿਆਰ ਮਿਲਦਾ ਹੈ 'ਦਿਲਬਰ' ਤੋਂ।।
ਪਿਆਰ ਮਿਲਦਾ ਹੈ 'ਟਾਮੀ' ਤੋਂ ਪਿਆਰ ਕੋਈ ਮੁਲ ਨਹੀਂ ਵਿਕਦਾ।।
ਪਿਆਰ ਅਹਿਸਾਸ ਹੈ ਲੋਕੋ....
ਪਿਆਰ ਦਾ ਲਾਵਾ ਫੁੱਟਦਾ ਹੈ।
ਪਿਆਰ ਛੁਟਿਆ ਨਾ ਛੁਟਦਾ ਹੈ।।
'ਰਿਸ਼ੀ' ਪਿਆਰ ਦੀ ਕੋਈ ਕੀਮਤ ਨਹੀਂ, ਪਿਆਰ ਕੋਈ ਮੁੱਲ ਨਹੀਂ ਵਿਕਦਾ।
ਪਿਆਰ ਅਹਿਸਾਸ ਹੈ ਲੋਕੋ!

00

ਦਸਤੂਰ ਏਹੀਉ ਹੈ ਦੁਨੀਆਂ ਦਾ...

ਦਸਤੂਰ ਏਹੀਉ ਹੈ ਦੁਨੀਆ ਦਾ, ਕਸੂਰ ਏਹੀਉ ਹੈ ਦੁਨੀਆ ਦਾ।
ਕਸੂਰ ਏਹੀਉ ਹੈ ਦੁਨੀਆ ਦਾ, ਦਸਤੂਰ ਏਹੀਉ ਹੈ ਦੁਨੀਆ ਦਾ।।
ਦੁਨੀਆਂ ਹੈ ਪੈਸੇ ਵਾਲਿਆਂ ਦੀ, ਪੈਸੇ ਲਈ ਕਈ ਕੁੱਝ ਕਰਦੀ ਹੈ।।
ਅਮੀਰ ਦੀ ਝੋਲੀ ਭਰਦੀ ਹੈ, ਗਰੀਬ ਦੀ ਖਾਲੀ ਕਰਦੀ ਹੈ।
ਅਮੀਰ ਦੇ ਢਿੱਡ ਨੂੰ ਭਰਦੀ ਹੈ, ਗਰੀਬ ਦੇ ਮੂੰਹੋਂ ਕੱਢਦੀ ਹੈ।
ਚੰਗਿਆਂ ਦੀ ਗੱਲ ਨੂੰ ਕੱਟਦੀ ਹੈ, ਬੁਰਿਆਂ ਦੀ ਹਾਮੀ ਭਰਦੀ ਹੈ।
ਸੱਚ ਕਹਿਣ-ਸੁਣਨ ਤੋਂ ਡਰਦੀ ਹੈ, ਝੂਠ ਦੀ ਪੌੜੀ ਚੜ੍ਹਦੀ ਹੈ।।
ਗੋਦਾਮਾਂ 'ਚ ਅੰਨ ਲੁਕਾਉਂਦੀ ਹੈ, ਨਸ਼ਿਆਂ 'ਤੇ ਧੰਨ ਲੁਟਾਉਂਦੀ ਹੈ।।
ਕੰਮਾਂ ਤੋਂ ਜੀਅ ਚੁਰਾਉਂਦੀ ਹੈ, ਲੁੱਟ-ਪੁੱਟ ਕੇ ਖਾਣਾ ਚਾਹੁੰਦੀ ਹੈ।
ਅਸਲ ਨੂੰ ਪਿੱਛੇ ਛੱਡਦੀ ਹੈ, ਨਕਲ ਨੂੰ ਭੱਜ ਅਪਣਾਉਂਦੀ ਹੈ।
ਆਪਣਾ ਆਪ ਸਗਹੁੰਦੀ ਹੈ, ਦੂਜੇ ਨੂੰ ਪਿੱਛੇ ਲਾਉਂਦੀ ਹੈ।
ਆਪ ਤੇ ਜੀਉਣਾ ਚਾਹੁੰਦੀ ਹੈ, ਦੂਜੇ ਨੂੰ ਮਾਰ ਮੁਕਾਉਂਦੀ ਹੈ।
ਏਸੇ ਲਈ ਦੁਨੀਆ ਮਾੜੀ ਹੈ, ਏਸੇ ਲਈ ਮਾੜੀ ਅਖਵਾਉਂਦੀ ਹੈ।
ਚੰਗੀ ਸੋਚ ਰੱਖੇ ਤੇ ਚੰਗੇ ਕਰਮ ਕਰੇ ਦੁਨੀਆ, 'ਰਿਸ਼ੀ' ਦਿਲ ਤੋਂ ਏਹੀਓ ਚਾਹੁੰਦੀ ਹੈ।
'ਰਿਸ਼ੀ' ਦਿਲ ਤੋਂ ਏਹੀਉ ਚਾਹੁੰਦੀ ਹੈ।

00

ਧੰਨ-2 ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀਆਂ ਲੱਖ-2

ਵਧਾਈਆਂ ਜੀ

ਅੱਜ ਆ ਜਾਉ ਬਾਬਾ ਨਾਨਕ ਜੀ

ਤੁਹਾਡੀ ਲੋੜ ਬੜੀ ਸਾਰੀ ਦੁਨੀਆ ਨੂੰ ਅੱਜ ਆ ਜਾਉ ਬਾਬਾ ਨਾਨਕ ਜੀ।
ਤੁਹਾਡੀ ਥੋੜ ਬੜੀ ਸਾਰੀ ਦੁਨੀਆਂ ਨੂੰ, ਅੱਜ ਆ ਜਾਉ ਬਾਬਾ ਨਾਨਕ ਜੀ।।
ਤੁਹਾਨੂੰ ਵੇਖਣ ਨੂੰ ਦਿਲ ਕਰਦਾ ਏ।
ਤੁਹਾਨੂੰ ਪੂਜਣ ਨੂੰ ਮਨ ਕਰਦਾ ਏ।।
ਤੁਹਾਨੂੰ ਵੇਖ ਲਈਏ ਤੇ ਪੂਜ ਲਈਏ, ਅੱਜ ਆ ਜਾਉ ਬਾਬਾ ਨਾਨਕ ਜੀ...
ਤੁਹਾਡੀ ਲੋੜ ਬੜੀ ਸਾਰੀ ਦੁਨੀਆਂ ਨੂੰ....
ਏਥੇ ਚੋਰ ਉਚੱਕੇ ਫਿਰਨ ਪਏ।
ਨਸ਼ੇ ਖਾ-ਖਾ, ਥਾਂ ਥਾਂ ਡਿੱਗਣ ਪਏ।।
ਤੁਸੀਂ ਨਾਮ ਦਾ ਜਾਮ ਪਿਲਾਉਣ ਲਈ, ਅੱਜ ਆ ਜਾਉ ਬਾਬਾ ਨਾਨਕ ਜੀ..
ਤੁਹਾਡੀ ਲੋੜ ਬੜੀ ਸਾਰੀ ਦੁਨੀਆਂ ਨੂੰ....
ਜਿੰਨੇ ਵੀ ਮੈਨੂੰ ਟੱਕਰੇ ਨੇ।
ਉਹਨਾਂ ਸਭਨਾਂ ਦੇ ਰਾਹ ਵੱਖਰੇ ਨੇ।।
ਤੁਸੀਂ ਇਕੋ ਰਾਹ ਵਿਖਾਉਣ ਲਈ, ਅੱਜ ਆ ਜਾਉ ਬਾਬਾ ਨਾਨਕ ਜੀ...
ਤੁਹਾਡੀ ਲੋੜ ਬੜੀ ਸਾਰੀ ਦੁਨੀਆਂ ਨੂੰ....
ਤੁਹਾਡੀ ਲਿਖੀ ਹੋਈ ਬਾਣੀ ਪੜ੍ਹਦੇ ਨਹੀਂ।
ਜੇਹੜੇ ਪੜ੍ਹਦੇ ਅਮਲ ਉਹ ਕਰਦੇ ਨਹੀਂ।।
ਤੁਸੀਂ ਮੁੱਢ ਤੋਂ ਪਾਠ ਪੜ੍ਹਾਉਣ ਲਈ ਅੱਜ ਆ ਜਾਉ ਬਾਬਾ ਨਾਨਕ ਜੀ..
ਤੁਹਾਡੀ ਲੋੜ ਬੜੀ ਸਾਰੀ ਦੁਨੀਆਂ ਨੂੰ....
'ਰਿਸ਼ੀ' ਮਿੰਨਤਾਂ ਤਰਲੇ ਕਰਦੇ ਆਂ।
ਝੋਲੀ ਅੱਡ ਅਰਦਾਸਾਂ ਕਰਦੇ ਆਂ।
ਸਾਡੀਆਂ ਅਰਦਾਸਾਂ ਸੁਣਨ ਲਈ ਅੱਜ ਆ ਜਾਉ ਬਾਬਾ ਨਾਨਕ ਜੀ
ਸਾਡੀਆਂ ਅਰਦਾਸਾਂ ਸੁਣਨ ਲਈ ਅੱਜ ਆ ਜਾਉ ਬਾਬਾ ਨਾਨਕ ਜੀ।

00

ਵੇ ਚੰਨਾ! ਤੈਨੂੰ ਵੇਖਣ ਲਈ

ਇੰਟਰਨੈਟ ਦਾ ਕਨੈਕਸ਼ਨ ਲਾਵਾਂ ਵੇ ਚੰਨਾ! ਤੈਨੂੰ ਵੇਖਣ ਲਈ।
ਤੇਰੀ ਪ੍ਰੋਫਾਈਲ ਤੇ ਜਾਵਾਂ ਮੇ ਮਾਹੀਆ ਤੈਨੂੰ ਵੇਖਣ ਲਈ।।
ਪੁੱਛਣ ਗਵਾਂਢਣਾ ਬਈ, ਕਿੱਥੇ ਲੁਕੀ ਰਹਿੰਦੀ ਏਂ?
ਪੁੱਛਣ ਸਹੇਲੀਆਂ ਵੀ, ਕਿੱਥੇ ਛੁਪੀ ਰਹਿੰਦੀ ਏਂ?
ਮੈਂ ਤਾਂ ਸੋ ਸੋ ਬਹਾਨੇ ਬਣਾਵਾਂ, ਵੇ ਚੰਨਾ ਤੈਨੂੰ ਵੇਖਣ ਲਈ...
ਇੰਟਰਨੈੱਟ ਦਾ ਕਨੈਕਸ਼ਨ....
ਫੇਸ ਬੁੱਕ 'ਤੇ ਜਾਕੇ ਚੈਟਿੰਗ ਕਰਾਂ ਮੈਂ।
ਲਿਖੇ ਤੂੰ ਸਵਾਲ ਤੇ ਜਵਾਬ ਲਿਖ ਧਰਾਂ ਮੈਂ
ਮੈਂ ਤਾਂ ਫੇਸ-ਟਾਇਮ 'ਤੇ ਜਾਵਾਂ, ਵੇ ਚੰਨਾ ਤੈਨੂੰ ਵੇਖਣ ਲਈ..
ਇੰਟਰਨੈੱਟ ਦਾ ਕਨੈਕਸ਼ਨ....
ਘਟ ਜਾਣ ਦੂਰੀਆਂ ਵੇ ਪਲਾਂ 'ਚ ਸਾਡੀਆਂ।
ਦਿਸ ਪੈਣ ਸੂਰਤਾਂ ਇਕ ਦੂਸਰੇ ਨੂੰ ਸਾਡੀਆਂ।।
ਮੈਂ ਤਾਂ ਘੜੀ-ਮੁੜੀ ਨੈਟ 'ਤੇ ਜਾਵਾਂ, ਵੇ ਚੰਨਾ ਤੈਨੂੰ ਵੇਖਣ ਲਈ...
ਇੰਟਰਨੈੱਟ ਦਾ ਕਨੈਕਸ਼ਨ....
ਦਿਲ ਮੇਰਾ ਕਰੇ ਮੈਂ ਤਾਂ ਸਾਰਾ ਦਿਨ ਬਹਿ ਰਵਾਂ।
ਦੂਰ ਬੈਠੀ-2 ਤੈਨੂੰ ਸਾਰਾ ਕੁੱਝ ਕਹਿ ਦਵਾਂ।।
ਮੈਂ ਤਾਂ ਮਾਰਕੇ ਉਡਾਰੀ ਆ ਜਾਵਾਂ, ਵੇ ਚੰਨਾ ਤੈਨੂੰ ਵੇਖਣ ਲਈ..
ਇੰਟਰਨੈੱਟ ਦਾ ਕਨੈਕਸ਼ਨ....
ਵਧੀਐ ਤਰੀਕਾ ਇਹ ਤਾਂ ਦੂਰੋਂ ਮੇਲ ਜੌਲ ਦਾ।
ਲਭਿਐ ਤਰੀਕਾ ਮੈਂ ਤਾਂ ਤੇਰੇ ਕੋਲ ਆਉਣ ਦਾ,
ਦਿਲ ਅਪਣਾ ਨਾ 'ਰਿਸ਼ੀ' ਤਰਸਾਵਾਂ ਵੇ ਚੰਨਾ ਤੈਨੂੰ ਵੇਖਣ ਲਈ।
ਇੰਟਰਨੈੱਟ ਦਾ ਕਨੈਕਸ਼ਨ....

00

ਕਾਮਯਾਬੀ

ਹਰ ਨਵੀਂ ਸਵੇਰ ਲੈਕੇ ਆਉਂਦੀ ਹੈ ਨਵੀਆਂ ਇਬਾਰਤਾਂ,
ਨਵੀਆਂ ਬੁਝਾਰਤਾਂ ਤੇ ਨਵੀਆਂ ਸ਼ਰਾਰਤਾਂ।
ਕੋਈ ਇਬਾਰਤ ਕਹੀ-ਸੁਣੀ ਜਾਂਦੀ ਹੈ ਤੇ ਕੋਈ ਅਣਕਹੀ,
ਤੇ ਅਣਸੁਣੀ ਰਹਿ ਜਾਂਦੀ ਹੈ।
ਕੋਈ ਬੁਝਾਰਤ ਬੁੱਝ ਲਈ ਜਾਂਦੀ ਹੈ ਤੇ ਕੋਈ ਅਣਬੁੱਝੀ,
ਹੀ ਰਹਿ ਜਾਂਦੀ ਹੈ।
ਕੋਈ ਸ਼ਰਾਰਤ ਕਾਮਯਾਬ ਹੋ ਜਾਂਦੀ ਹੈ ਤੇ ਕੋਈ
ਨਾ ਕਾਮਯਾਬ ਰਹਿ ਜਾਂਦੀ ਹੈ।
ਤੇ ਫੇਰ ਮੁੜਕੇ ਆਉਂਦੀ ਹੈ ਇੱਕ ਹੋਰ ਨਵੀਂ ਨਕੋਰ ਸਵੇਰ,
ਤੇ ਅਣਬੁੱਝੀਆਂ ਬੁਝਾਰਤਾਂ, ਅਣਕਹੀਆਂ-ਅਣਸੁਣੀਆਂ ਇਬਾਰਤਾਂ,
ਤੇ ਨਾਕਾਮਯਾਬ ਸ਼ਰਾਰਤਾਂ ਚੁੱਕਦੀਆਂ ਹਨ ਆਪਣਾ-2 ਸਿਰ
ਤੇ ਫੇਰ ਕੋਸ਼ਿਸ਼ਾਂ 'ਚ ਜੁੱਟ ਜਾਂਦੀ ਹੈ 'ਰਿਸ਼ੀ' ਇਹ ਖ਼ਲਕਤ,
ਇਹ ਸਾਰੀ ਦੀ ਸਾਰੀ ਖਲਕਤ ਤੇ ਓਦੋਂ ਤਾਈਂ ਇਹ
ਸਿਲਸਿਲਾ ਜਾਰੀ ਰੱਖਦੀ ਹੈ ਜਦੋਂ ਤਾਈਂ ਉਹਨੂੰ
ਕਾਮਯਾਬੀ ਨਹੀਂ ਮਿਲ ਜਾਂਦੀ।

00

ਮਿੱਠੀਆਂ-ਮਿੱਠੀਆਂ ਯਾਦਾਂ ਨੂੰ

ਮਿੱਠੀਆਂ-2 ਯਾਦਾਂ ਨੂੰ, ਸੀਨੇ ਨਾਲ ਲਾ ਛੱਡਿਐ
ਕੋੜੀਆਂ-2 ਯਾਦਾਂ ਨੂੰ, ਮੈਂ ਦਿਲੋਂ ਭੁਲਾ ਛੱਡਿਐ।।
ਕੋੜੀਆਂ ਬਾਰੇ ਸੋਚ-2 ਕੇ ਹੁੰਦਾ ਗੁਜਾਰਾ ਨਹੀਂ।
ਬਿਨ ਮਤਲਬ ਦੇ ਸੋਚਣਾ ਮੈਨੂੰ ਗਵਾਰਾ ਨਹੀਂ।।
ਏਸੇ ਲਈ ਮੈਂ ਅਪਣੇ ਮਨ ਨੂੰ, ਆਹਰੇ ਲਾ ਛਡਿਐ..
ਮਿੱਠੀਆਂ-2 ਯਾਦਾਂ ਨੂੰ.....
ਮਿੱਠੀਆਂ ਯਾਦਾਂ ਨੂੰ ਯਾਦ ਕਰਕੇ, ਖੁਸ਼ ਹੋ ਜਾਂਦੀ ਆਂ।
ਖੁਸ਼ ਰੱਖਕੇ ਆਪਣੇ ਆਪ ਨੂੰ, ਹਰ ਘੜੀ ਲੰਘਾਉਂਦੀ ਆਂ।
ਹਰ ਘੜੀ ਲੰਘਾ ਕੇ ਆਪਣੀ, ਜੀਵਨ ਮੈਂ ਲੰਘਾ ਛੱਡਿਐ।।
ਮਿੱਠੀਆਂ-2 ਯਾਦਾਂ ਨੂੰ.....
ਸੁੱਖ-ਦੁੱਖ ਮੇਰੇ ਨੇ ਸਾਥੀ, ਮੈਂ ਸਾਥੀ ਹਾਂ ਦੋਹਾਂ ਦੀ।
ਇਹ ਦੋਵੇਂ ਮੇਰੇ ਮਾਲਿਕ, ਮੈਂ ਦਾਸੀ ਹਾਂ ਦੋਹਾਂ ਦੀ।
ਦਾਸੀ ਬਣ ਦੋਹਾਂ ਅੱਗੇ, ਆਪਣਾ ਸੀਸ ਨਿਵਾ ਛੱਡਿਐ।।
ਮਿੱਠੀਆਂ-2 ਯਾਦਾਂ ਨੂੰ.....
ਜੋ ਬੀਜਿਐ ਆਪਣੇ ਹੱਥੀਂ, ਉਹੀਉ ਵੱਢਣਾ ਪੈਂਦਾ ਏ।
ਜੋ ਕਿਸਮਤ ਦੇ 'ਚ ਲਿਖਿਐ, ਉਹੀਉ ਕੱਟਣਾ ਪੈਂਦਾ ਏ।
ਇਸੇ ਸਬਕ ਨੂੰ ਜਿੰਦਗੀ ਦਾ ਅਧਾਰ ਬਣਾ ਛੱਡਿਐ
ਮਿੱਠੀਆਂ-2 ਯਾਦਾਂ ਨੂੰ.....
ਕਿਸਮਤ ਤੇ ਵੱਸ ਨਹੀਂ ਸਾਡਾ, ਨਾ ਹੀ ਕਿਸੇ ਦੀ ਡੋਰ ਤੇ।
ਵੱਸ ਚਲਦੈ ਆਪਣੇ ਆਪ 'ਤੇ ਨਾਲੇ ਆਪਣੀ ਤੋਰ 'ਤੇ।।
ਤੁਰ ਕੇ ਆਪਣੀ ਤੋਰ 'ਰਿਸ਼ੀ', ਲੰਮੇਰਾ ਪੰਧ ਮੁਕਾ ਛੱਡਿਐ।
ਮਿੱਠੀਆਂ-2 ਯਾਦਾਂ ਨੂੰ.....

00

ਜੀਉ ਤੇ ਜੀਉਣ ਦਿਓ

ਜੀਉ ਤੇ ਜੀਉਣ ਦਿਉ। ਹੱਸੋ ਤੇ ਹੱਸਣ ਦਿਉ।
ਜਿੰਦਗੀ ਦੇ ਮਾਇਨੇ ਕੀ ਨੇ। ਸਿੱਖੋ ਤੇ ਸਿੱਖਣ ਦਿਓ।।
ਜਿੰਦਗੀ ਸਮਝਾਉਂਦੀ ਸਭ ਕੁਝ, ਸਮਝਣ ਦੀ ਲੋੜ ਹੈ ਸਾਨੂੰ।
ਆਪਣੇ-2 ਅੰਦਰ ਝਾਕਣ ਦੀ, ਸੱਚਮੁੱਚ ਹੀ ਲੋੜ ਹੈ ਸਾਨੂੰ।।
ਸਮਝਦਾਰੀ ਨਾਲ ਕੱਟੋ ਜ਼ਿੰਦਗੀ, ਦੂਜੇ ਨੂੰ ਕੱਟਣ ਦਿਓ
ਜੀਓ ਤੇ ਜੀਉਣ ਦਿਉ.....
ਸੋਲ੍ਹਾਂ ਆਨੇ ਗੱਲ ਸੱਚੀ, ਹੱਸਦਿਆਂ ਦੇ ਘਰ ਨੇ ਵਸਦੇ।
ਬਰਕਤ ਸਦਾ ਪੈਂਦੀ ਉਥੇ, ਜਿੱਥੇ ਨੇ ਵਾਸੇ ਸੱਚ ਦੇ।।
ਇਹ ਗੱਲਾਂ ਚੇਤੇ ਰੱਖੋ, ਵਸੋ ਤੇ ਵੱਸਣ ਦਿਉ
ਜੀਓ ਤੇ ਜੀਉਣ ਦਿਉ.....
ਚੰਗੀ ਗੱਲ ਪੱਲੇ ਬੰਨ੍ਹੀਏ, ਮਾੜੀ ਤੇ ਕੰਨ ਨਾ ਧਰੀਹੇ।
ਮਾੜੀ ਗੱਲ ਮਾੜੀ ਹੁੰਦੀ, ਮਾੜੀ ਤੇ ਕਦੀ ਨਾ ਅੜੀਏ।।
ਅੜ-ਉੜ ਕੇ ਕੁੱਝ ਨਹੀਂ ਬਣਦਾ, ਕਹੋ ਤੇ ਕਹਿਣ ਦਿਓ।
ਜੀਓ ਤੇ ਜੀਉਣ ਦਿਉ.....
ਮੂੰਹੋਂ ਤੇ ਕਈ ਕੁੱਝ ਕਹਿੰਦੇ, ਦੂਜੇ ਦੀ ਗੱਲ ਨਾ ਸਹਿੰਦੇ।
ਸਹਿਣੇ ਦੀ ਤਾਕਤ ਹੈ ਨਹੀਂ, ਹਰਪਲ ਚਿੰਤਾ 'ਚ ਰਹਿੰਦੇ।।
ਚਿੰਤਾ ਨੂੰ ਕਫਨ ਪਹਿਨਾਕੇ, ਕਰ ਏਹਨੂੰ ਦਫਨ ਦਿਉ
ਜੀਓ ਤੇ ਜੀਉਣ ਦਿਉ.....
ਜੋ ਕੁਝ ਆਪਣੇ ਲਈ ਚਾਹੀਏ, ਉਹੀਉ ਦੂਜੇ ਲਈ ਚਾਹੀਏ।
ਦੂਜਾ ਵੀ ਸਾਡੇ ਵਰਗੈ, ਦਿਲ 'ਚ ਇਹ ਗੱਲ ਵਸਾਈਏ।।
ਜਿੰਦਗੀ ਨੂੰ ਸੋਖੀ ਰੱਖੋ, ਨਾ ਖਪੋ ਨਾ ਖਪਣ ਦਿਓ
ਜੀਓ ਤੇ ਜੀਉਣ ਦਿਉ.....
ਜੀਵਨ ਇੱਕ ਵਾਰੀ ਮਿਲਿਐ, ਜੀਵਨ ਤੋਂ ਜਾਈਏ ਵਾਰੀ।
ਕਰੀਏ ਸ਼ੁਕਰਾਨਾ ਰਬ ਦਾ, ਰਬ ਤੋਂ ਜਾਈਏ ਬਲਿਹਾਰੀ।।
'ਰਿਸ਼ੀ' ਨਾਮ ਦਾ ਲਵੋ ਆਸਰਾ, ਜੱਪੋ ਤੇ ਜੱਪਣ ਦਿਓ

00

ਦਾਦੀ

ਦਾਦੀ ਬਣ ਗਈ ਜੀ ਮੈਂ ਦਾਦੀ ਬਣ ਗਈ
ਕਹਾਣੀਆਂ ਸੁਣਾਉਣ ਵਾਲੀ ਦਾਦੀ ਬਣ ਗਈ।।
ਭੋਲੀ ਜੇਹੀ ਧੀ ਸਾਨੂੰ ਪਿਆਰੀ ਬੜੀ ਲੱਗਦੀ।
ਨਵੀਂ-2 ਡਰੈਸ ਉਹਨੂੰ ਬੜੀ ਸੋਹਣੀ ਫੱਬਦੀ।।
ਇਨਾਇਆ ਕੌਰ ਸਾਡੀ, ਸਾਡੀ ਲਾਡੀ ਬਣ ਗਈ...
ਦਾਦੀ ਬਣ ਗਈ ਜੀ.....
ਕਦੀ-2 ਹੱਸਦੀ ਤੇ ਕਦੀ-2 ਰੋਂਦੀ ਏ।
ਗੋਦੀ ਚੁੱਕੀ ਰੱਖੋ ਮੈਨੂੰ, ਖੋਰੇ ਏਹੀਉ ਕਹਿੰਦੀ ਏ।।
ਹਰ ਗੱਲ ਉਹਦੀ ਗੱਲ ਸਾਡੀ ਬਣ ਗਈ...
ਦਾਦੀ ਬਣ ਗਈ ਜੀ.....
ਕਦੀ-2 ਸੌਂਦੀ ਏ ਤੇ ਕਦੀ ਜਾਗੀ ਰਹਿੰਦੀ ਏ।
ਗੋਰੇ ਜਿਹੇ ਮੁਖੜੇ ਤੇ ਲਾਲੀ ਛਾਈ ਰਹਿੰਦੀ ਏ।।
ਉਹਦੇ ਮੁੱਖੜੇ ਦੀ ਲਾਲੀ, ਲਾਲੀ ਸਾਡੀ ਬਣ ਗਈ...
ਦਾਦੀ ਬਣ ਗਈ ਜੀ.....
ਨਿੱਕੀ ਜਿਹੀ ਲਾਡੋ ਜਦੋਂ ਗੋਦੀ ਵਿੱਚ ਬਹਿੰਦੀ ਏ।
ਅੱਖੀਆਂ ਹੀ ਅੱਖੀਆਂ 'ਚ ਕਈ ਕੁੱਝ ਕਹਿੰਦੀ ਏ।
ਲਾਡੋ ਆਉਣ ਨਾਲ ਸ਼ਾਨ ਸਾਡੀ ਬਣ ਗਈ..
ਦਾਦੀ ਬਣ ਗਈ ਜੀ.....
ਨਜ਼ਰ ਨਾ ਲੱਗੇ ਉਹਦੇ ਕਾਲਾ ਟਿੱਕਾ ਲਾਈਦੈ।
ਦੇਦੇ ਉਹਨੂੰ ਲੋਰੀਆਂ, ਪੰਘੂੜੇ 'ਚ ਪਾਈਦੈ।।
ਸੀਨੇ ਨਾਲ ਲਾਕੇ ਕਹੀਏ,''ਚਾਂਦੀ ਸਾਡੀ ਬਣ ਗਈ''।
ਦਾਦੀ ਬਣ ਗਈ ਜੀ.....
ਸਦਾ ਖੁਸ਼ ਰਹੇ ਰੱਬਾ! ਧੀ ਰਾਣੀ ਸਾਡੀ ਜੀ।
ਪ੍ਰੀਵਾਰ ਸਾਰਾ ਆਖੇ,''ਨਵੀਂ ਪੀੜ੍ਹੀ ਤੁਰੀ ਸਾਡੀ ਜੀ''।।
'ਰਿਸ਼ੀ' ਦੁਨੀਆਂ ਦੇ 'ਚ ਸਾਂਝ ਸਾਡੀ ਬਣ ਗਈ
ਦਾਦੀ ਬਣ ਗਈ ਜੀ.....

00

ਅਸੀਂ ਤੈਨੂੰ ਪਿਆਰ ਕਰਦੇ ਹਾਂ...

ਅਸੀਂ ਤੈਨੂੰ ਪਿਆਰ ਕਰਦੇ ਹਾਂ, ਅਸੀਂ ਤੈਨੂੰ ਪਿਆਰ ਕਰਦੇ ਹਾਂ।
ਇੱਕ ਵਾਰ ਨਹੀਂ ਕਰਦੇ, ਅਸੰਖਾਂ ਵਾਰ ਕਰਦੇ ਹਾਂ।।
ਇਨਾਇਆ ਆਨ ਹੈ ਸਾਡੀ, ਇਨਾਇਆ ਸ਼ਾਨ ਹੈ ਸਾਡੀ।
ਇਨਾਇਆ ਜਾਨ ਹੈ ਸਾਡੀ, ਅਸੀਂ ਇਜ਼ਹਾਰ ਕਰਦੇ ਹਾਂ...
ਅਸੀਂ ਤੈਨੂੰ ਪਿਆਰ ਕਰਦੇ ਹਾਂ....
ਤੂੰ ਸਾਨੂੰ ਜਾਨ ਤੋਂ ਪਿਆਰੀ, ਤੂੰ ਸਾਨੂੰ ਪ੍ਰਾਣ ਤੋਂ ਪਿਆਰੀ।
ਤੂੰ ਹਰ ਇਨਸਾਨ ਤੋਂ ਪਿਆਰੀ, ਅਸੀਂ ਸਵੀਕਾਰ ਕਰਦੇ ਹਾਂ।
ਅਸੀਂ ਤੈਨੂੰ ਪਿਆਰ ਕਰਦੇ ਹਾਂ....
ਤੂੰ ਫੁੱਲਾਂ ਤੋਂ ਵੀ ਸੋਹਣੀ ਏ, ਤੂੰ ਕਲੀਆਂ ਤੋਂ ਮਨਮੋਹਣੀ ਏਂ।
ਤੂੰ ਪਰੀਆਂ ਤੋਂ ਵੀ ਸੋਹਣੀ ਏਂ, ਅਸੀਂ ਦੀਦਾਰ ਕਰਦੇ ਹਾਂ।
ਅਸੀਂ ਤੈਨੂੰ ਪਿਆਰ ਕਰਦੇ ਹਾਂ.....
ਤੂੰ ਹੀ ਪ੍ਰੀਵਾਰ ਹੈਂ ਸਾਡਾ, ਤੂੰ ਹੀ ਸ਼ਿੰਗਾਰ ਹੈਂ ਸਾਡਾ
ਤੂੰ ਹੀ ਸੰਸਾਰ ਹੈਂ ਸਾਡਾ, ਅਸੀਂ ਇਕਰਾਰ ਕਰਦੇ ਹਾਂ।
ਅਸੀਂ ਤੈਨੂੰ ਪਿਆਰ ਕਰਦੇ ਹਾਂ....
ਤੈਨੂੰ ਪੁੱਤਾਂ ਵਾਂਙ ਸਮਝਾਂਗੇ ਤੇ ਪੁੱਤਾਂ ਵਾਂਙ ਰੱਖਾਂਗੇ
ਧੀਆ 'ਰਿਸ਼ੀ' ਪੁੱਤ ਬਰਾਬਰ ਨੇ, ਕਦੋਂ ਇਨਕਾਰ ਕਰਦੇ ਹਾਂ।
ਅਸੀਂ ਤੈਨੂੰ ਪਿਆਰ ਕਰਦੇ ਹਾਂ...
ਅਸੀਂ ਤੈਨੂੰ ਪਿਆਰ ਕਰਦੇ ਹਾਂ...

00

ਤਿਆਰ ਤੂੰ ਕਰ ਲੈ ਆਪਣੇ ਆਪ ਨੂੰ

ਅੱਜ ਮਾਸ ਨੇ ਹੱਡੀਆਂ ਨੂੰ ਛੱਡਿਐ, ਕੱਲ ਹੱਡੀਆਂ ਨੇ ਵੀ ਖੁਰ ਜਾਣੈ।
ਪਰਸੋਂ ਚੋਬ ਨੂੰ ਖੁਨ ਦਾ ਦੋਰਾ, ਕਦੀ ਘੱਟ ਕਦੀ ਵੱਧ ਹੋ ਜਾਣੈ।।
ਵਹਿਮ ਹੈ ਤੈਨੂੰ ''ਕਿ ਮੈਂ ਤਕੜੀ ਹਾਂ'', ਇਹ ਵਹਿਮ ਤੇਰਾ ਫਿਰ ਟੁੱਟ ਜਾਣੈ।
ਝੁਰੜੀਆਂ ਨੇ ਆ ਚਿਹਰੇ ਨੂੰ ਮੱਲਣੈ, ਚਿਹਰੇ ਦਾ ਚਿਹਰਾ ਬਦਲ ਜਾਣੈ।
ਸ਼ੀਸ਼ੇ ਨੇ ਤੇ ਸੱਚ ਹੀ ਬੋਲਣੈ, ਤੂੰ ਆਪ ਹੀ ਝੂਠੀ ਪੈ ਜਾਣੈ।।
ਤੀਰ ਕਮਾਨ ਬਣ ਜਾਣੀਆਂ ਲੱਤਾਂ, ਕੁੱਬ ਮੋਢਿਆਂ 'ਤੇ ਪੈ ਜਾਣੈ।।
ਆਪਣੀ ਉਮਰ ਭੁੱਲ ਜਾਣੀ ਤੈਨੂੰ, ਜਦੋਂ ਮਰਜ਼ਾਂ ਦੇ ਨਾਲ ਵਾਹ ਪੈਣੈ।
ਕਦੀ ਇੰਜੈਕਸ਼ਨ ਤੇ ਕਦੀ ਗੋਲੀ, ਕੁੱਝ ਨਾ ਕੁੱਝ ਤੇ ਲੈਣਾ ਪੈਣੈ।।
ਤਿਆਰ ਤੂੰ ਕਰ ਲੈ ਆਪਣੇ ਆਪ ਨੂੰ 'ਰਿਸ਼ੀ' ਕਈ ਕੁੱਝ ਤੈਨੂੰ ਸਹਿਣਾ ਪੈਣਾ।
ਨਹੀਂ ਤਾਂ ਕਰਾਰਾ ਝਟਕਾ ਲੱਗੂ ਜਦੋਂ ਇੱਕ ਦਮ ਬੋਝਾ ਸਿਰ 'ਤੇ ਪੈਣੈ।

00

ਖ਼ੱਤ

ਖ਼ੱਤ ਆਉਦੇ ਸੀ ਖ਼ਤ ਜਾਂਦੇ ਸੀ, ਖ਼ੱਤ ਦਿਲਾਂ ਦੀਆਂ ਖੋਹਲ ਸੁਣਾਉਦੇ ਸੀ।
ਹੁਣ ਤਾਂ ਕੋਈ-2 ਹੀ ਖ਼ੱਤ ਲਿਖਦਾ ਹੈ, ਅਸੀਂ ਖ਼ਤਾਂ ਦਾ ਜਾਲ ਵਿਛਾਉਂਦੇ ਸੀ।।
ਨੀਲੇ ਪੀਲੇ ਲਿਫਾਫੇ ਹੁੰਦੇ ਸੀ, ਜਵਾਬੀ ਪੋਸਟ ਕਾਰਡ ਵੀ ਮਿਲਦੇ ਸੀ।
ਸੋਹਣੇ-2 ਰਾਈਟਿੰਗ ਪੈਡ ਲਿਆ, ਸਟੱਡੀ ਟੇਬਲ 'ਤੇ ਸਜਾਉਂਦੀ ਸੀ।।
ਵਧੀਆ-2 ਲਿਖਾਈ ਲਿਖਦੀ ਸੀ, ਪੈਨ ਬਦਲ-ਬਦਲ ਕੇ ਲਿਖਦੀ ਸੀ।
ਗਰੀਟਿੰਗ ਕਾਰਡਾਂ ਦਾ ਸੀ ਸ਼ੌਕ ਬੜਾ, ਹਰ ਮੌਕੇ 'ਤੇ ਪਾਉਂਦੀ ਸੀ।।
ਉਡੀਕ ਡਾਕ ਦੀ ਰਹਿੰਦੀ ਸੀ, ਬਾਰੀ 'ਚ ਬੈਠੀ ਰਹਿੰਦੀ ਸੀ।
ਜਦੋਂ ਸਾਈਕਲ ਡਾਕੀਏ ਦੀ ਦਿਸ ਜਾਂਦੀ, ਮੁੰਹ 'ਤੇ ਮੁਸਕਾਨ ਜੇਹੀ ਆਉਂਦੀ ਸੀ।
ਕਾਹਲੀ ਹੁੰਦੀ ਸੀ ਲਿਫਾਫਾ ਖੋਹਲਣ ਦੀ, ਕਾਹਲੀ ਹੁੰਦੀ ਸੀ ਲਿਫਾਫਾ ਫੋਲਣ ਦੀ।
ਓਸੇ ਵੇਲੇ ਉੱਤਰ ਦੇਣ ਲਈ, ਰਤਾ ਨਾ ਸੁਸਤੀ ਆਉਂਦੀ ਸੀ।।
ਸੁੱਖ ਦੁੱਖ 'ਚ ਚਿੱਠੀਆਂ ਪਾਉਂਦੀ ਸੀ, ਚਿੱਠੀਆਂ ਨਾਲ ਦਿਲ ਪ੍ਰਚਾਉਂਦੀ ਸੀ।
ਅਟੈਚੀ ਭਰਿਐ ਪੁਰਾਣੀਆਂ ਚਿੱਠੀਆਂ ਦਾ,'ਰਿਸ਼ੀ' ਬੱਚਿਆਂ ਨੂੰ ਪੜ੍ਹਾਉਂਦੀ ਸੀ।
ਖ਼ੱਤ ਆਉਦੇ ਸੀ ਖ਼ੱਤ ਲਿਖਦਾ ਹੈ ਅਸੀਂ ਖ਼ਤਾਂ ਦਾ ਜਾਲ ਵਿਛਾਉਦੇ ਸੀ।

00

ਮੇਰੀ ਪਿਆਰੀ ਬੇਜ਼ੁਬਾਨ ਕਲਮ

ਮੇਰੀ ਜ਼ੁਬਾਨ ਦੀ ਸਾਥੀ ਹੈ ਮੇਰੀ ਬੇਜ਼ੁਬਾਨ ਕਲਮ।
ਮੇਰੇ 'ਤੇ ਮੇਹਰਬਾਨ ਹੈ ਮੇਰੀ ਬੇਜ਼ੁਬਾਨ ਕਲਮ।
ਮੇਰੇ ਰੋਂਦੇ ਹੋਏ ਦਿਲ ਨੂੰ ਹਸਾਉਂਦੀ ਹੈ ਮੇਰੀ ਕਲਮ।
ਮੇਰੇ ਬਣਦੇ ਹੱਕ ਦਿਵਾਉਂਦੀ ਹੈ ਮੇਰੀ ਕਲਮ।
ਮੇਰੇ ਇਰਾਦਿਆਂ ਨੂੰ ਮਜ਼ਬੂਤ ਬਣਾਉਂਦੀ ਹੈ ਮੇਰੀ ਕਲਮ।
ਮੇਰੇ ਟੁੱਟੇ ਹੋਏ ਸੁਪਨਿਆਂ ਨੂੰ ਪੁਗਾਉਂਦੀ ਹੈ ਮੇਰੀ ਕਲਮ।
ਮੇਰੀਆਂ ਦੱਬੀਆਂ ਹੋਈਆਂ ਖਾਹਿਸ਼ਾਂ ਨੂੰ ਜਗਾਉਂਦੀ ਹੈ ਮੇਰੀ ਕਲਮ।
ਮੇਰੀਆਂ ਕਹਾਣੀਆਂ ਲੋਕਾਂ ਤਾਈਂ ਪਹੁੰਚਾਉਂਦੀ ਹੈ ਮੇਰੀ ਕਲਮ।
ਮੇਰੇ ਸਿਰ ਨੂੰ ਮੇਰੇ ਰੱਬ ਅੱਗੇ ਝੁਕਾਉਂਦੀ ਹੈ ਮੇਰੀ ਕਲਮ।
ਮੇਰੀ ਡੁੱਬਦੀ ਹੋਈ ਕਿਸ਼ਤੀ ਨੂੰ ਪਾਰ ਲੰਘਾਉਂਦੀ ਹੈ ਮੇਰੀ ਕਲਮ।
ਮੈਨੂੰ ਜਾਨ ਤੋਂ ਵੀ ਵੱਧਕੇ ਪਿਆਰੀ ਲੱਗਦੀ ਹੈ ਮੇਰੀ ਕਲਮ।
ਪਹਿਲਵਾਨ ਤੋਂ ਵੀ ਬਲਵਾਨ ਹੈ 'ਰਿਸ਼ੀ' ਮੇਰੀ ਪਿਆਰੀ ਬੇਜ਼ੁਬਾਨ ਕਲਮ।

00

ਮਾਰਚ ਸਤਾਰਾਂ

''ਪੜਪੋਤੀ ਦਾ ਪਹਿਲਾ ਤੇ ਪੜਦਾਦਾ ਜੀ ਦਾ ਸੋਵਾਂ ਜਨਮ ਦਿਨ''

ਆਇਐ ਵੇਲਾ ਖੁਸ਼ੀਆਂ ਦਾ, ਆਓ ਰਲਕੇ ਖੁਸ਼ੀ ਮਨਾਈਏ।
ਸ਼ੁਕਰਾਨਾਂ ਕਰੀਏ ਦਾਤੇ ਦਾ, ਦਾਤੇ ਦੇ ਗੁਣ ਨਿੱਤ ਗਾਈਏ।।
ਪਹਿਲਾ ਜਨਮ ਦਿਨ ਇਨਾਇਆ ਕੌਰ ਦਾ।
ਸੋਵਾਂ ਜਨਮ ਦਿਨ ਗਿਆਨ ਸਿੰਘ ਜੀ ਦਾ।।
ਜੁਗਾਂ ਤਾਈਂ ਜੀਉਣ-ਵੱਸਣ ਦੋਵੇਂ, ਰੱਬ ਅੱਗੇ ਸੀਸ ਨਿਵਾਈਏ।।
ਆਇਐ ਵੇਲਾ ਖੁਸ਼ੀਆਂ ਦਾ....
ਸਾਕ-ਸਬੰਧੀ ਆਏ ਨੇ, ਦੂਰੋਂ ਨੇੜਿਓਂ ਆਏ ਨੇ।
ਦੋਸਤ ਮਿੱਤਰ ਵੀ ਆਏ ਨੇ, ਅਸੀਸਾਂ ਦੇਣ ਲਈ ਆਏ ਨੇ।।
ਜੀ ਆਇਆਂ ਸਾਰਿਆਂ ਨੂੰ, ਮਿੱਠਾ ਖਾਈਏ ਨਾਲੇ ਖੁਆਈਏ।।
ਆਇਐ ਵੇਲਾ ਖੁਸ਼ੀਆਂ ਦਾ....
ਨੂਹਾਂ-ਧੀਆਂ ਨੱਚਦੀਆਂ ਨੇ, ਪੁੱਤਰ ਜਖਮੀ ਨੱਚਦੇ ਨੇ।
ਪੋਤੀਆਂ-ਦੋਹਤੀਆਂ ਨੱਚਦੀਆਂ ਨੇ, ਪੋਤੇ, ਦੋਹਤੇ ਨੱਚਦੇ ਨੇ।।
ਪੋਤ ਨੂੰਹਾਂ ਨੂੰ ਚਾਅ ਚੜ੍ਹਿਐ, ਉਨ੍ਹਾਂ ਦੇ ਨਾਲ ਗਿੱਧਾ ਪਾਈਏ
ਆਇਐ ਵੇਲਾ ਖੁਸ਼ੀਆਂ ਦਾ....
ਮੰਮੀ ਪਾਪਾ ਨੱਚਦੇ ਨੇ, ਚਾਚਾ ਚਾਚੀ ਨੱਚਦੇ ਨੇ।
ਨਾਨਾ ਨਾਨੀ ਨੱਚਦੇ ਨੇ, ਦਾਦਾ ਦਾਦੀ ਨੱਚਦੇ ਨੇ।
ਮਾਸੀਆਂ ਮਾਸੜ ਨੱਚਣ ਪਏ, ਉਹਨਾਂ ਦੇ ਨਾਲ ਭੰਗੜੇ ਪਾਈਏ।
ਆਇਐ ਵੇਲਾ ਖੁਸ਼ੀਆਂ ਦਾ....
ਅੱਜ ਨੱਚ ਰਿਹੈ ਸਾਰਾ ਇੰਡੀਆ ਤੇ ਨੱਚ ਰਿਹੈ ਅਮਰੀਕਾ।
ਅੱਜ ਨੱਚ ਰਿਹੈ ਸਾਰਾ ਲੰਡਨ ਤੇ ਨੱਚ ਰਿਹੈ ਕਨੇਡਾ।।
ਧੁੰਮਾ ਪੈ ਜਾਣ ਸਭੇ ਪਾਸੇ, ਐਸੀ ਛਾਪ ਅਸੀਂ ਛੱਡ ਜਾਈਏ
ਆਇਐ ਵੇਲਾ ਖੁਸ਼ੀਆਂ ਦਾ....
ਅਸੀਂ ਸਭ ਭਾਗਾਂ ਵਾਲੇ ਹਾਂ, ਅਸੀਂ ਸਭ ਕਰਮਾਂ ਵਾਲੇ ਹਾਂ।
ਇਹ ਦਿਨ ਜਿੰਦਗੀ ਵਿਚ ਆਇਐ, ਅਸੀਂ ਸ਼ੁੱਭ ਕਰਮਾ ਵਾਲੇ ਹਾਂ।।
ਮਾਣ ਲਈਏ ਖੁਸ਼ੀਆਂ ਰੱਜ ਕੇ, ਇੱਕ ਪਲ ਨਾ ਅਸੀਂ ਗਵਾਈਏ
ਆਇਐ ਵੇਲਾ ਖੁਸ਼ੀਆਂ ਦਾ....
ਇੱਕ ਦੂਜੇ ਨੂੰ ਦਈਏ ਵਧਾਈਆਂ।
ਇੱਕ ਦੂਜੇ ਤੋਂ ਲਈਏ ਵਧਾਈਆਂ।।
'ਰਿਸ਼ੀ' ਵਧਣ ਫੁਲਣ ਸਾਰੇ, ਅੱਗੇ-ਅੱਗੇ ਕਦਮ ਵਧਾਈਏ
ਆਇਐ ਵੇਲਾ ਖੁਸ਼ੀਆਂ ਦਾ....